11-NOV-PAGE-1.qxd 11/10/2024 8:12 PM Page 1

ਸੋਮਵਾਰ, 11 ਨਵੰਬਰ, 2024

26 ਕੱਤਕ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 73

ਅੰਕ/NO. : 161

# ਨਵਾਂ ਜ਼ਮਾਨਾ

DAILY NAWAN ZAMANA • MONDAY, 11 NOVEMBER, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਬੱਲੀ ਦੀ ਭਾਜਪਾ 'ਚ ਵਾਪਸੀ



**ਦਿੱਲੀ** : ਚਾਰ ਵਾਰ ਵਿਧਾਇਕ ਰਹਿ ਚੁੱਕੇ ਹਰਸ਼ਰਨ ਸਿੰਘ ਬੱਲੀ ਐਤਵਾਰ ਆਪ ਛੱਡ ਕੇ ਮੁੜ ਭਾਜਪਾ 'ਚ ਸ਼ਾਮਲ ਹੋ ਗਏ। ਉਨ੍ਹਾ ਦੇ ਪੁੱਤਰ ਗੁਰਮੀਤ ਸਿੰਘ 'ਰਿੰਕੂ' ਬੱਲੀ ਵੀ ਭਾਜਪਾ 'ਚ ਸ਼ਾਮਲ ਹੋਏ ਹਨ। ਉਹ ਆਮ ਆਦਮੀ ਪਾਰਟੀ ਦੇ ਯੁਵਾ ਚਿਹਰੇ ਸਨ। ਹਰੀਨਗਰ ਤੋਂ ਚਾਰ ਵਾਰ ਵਿਧਾਇਕ ਰਹੇ ਬੱਲੀ ਭਾਜਪਾ ਦੀ ਮਦਨ ਲਾਲ ਖੁਰਾਣਾ ਸਰਕਾਰ 'ਚ ਮੰਤਰੀ ਰਹੇ।

## ਮਤੀਨ ਅਹਿਮਦ ਆਪ 'ਚ



**ਨਵੀਂ ਦਿੱਲੀ** : ਪੰਜ ਵਾਰ ਦੇ ਵਿਧਾਇਕ ਚੌਧਰੀ ਮਤੀਨ ਅਹਿਮਦ ਐਤਵਾਰ ਕਾਂਗਰਸ ਛੱਡ ਕੇ ਆਪ 'ਚ ਸ਼ਾਮਲ ਹੋ ਗਏ। ਮਤੀਨ ਤੋਂ ਪਹਿਲਾਂ 29 ਅਕਤੂਬਰ ਨੂੰ ਉਨ੍ਹਾ ਦੇ ਬੇਟੇ ਜ਼ੁਬੈਰ ਅਹਿਮਦ ਤੇ ਨੂੰਹ ਸ਼ਗੁਫਤਾ ਚੌਧਰੀ ਆਪ 'ਚ ਸ਼ਾਮਲ ਹੋਏ ਸਨ। ਜ਼ੁਬੈਰ ਬਾਬਰਪੁਰ ਤੋਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਤੇ ਸ਼ਗੁਫਤਾ ਕੌਂਸਲਰ ਰਹੀ ਹੈ।

## ਕੈਨੇਡੀਅਨ ਹਾਈ ਕਮਿਸ਼ਨ ਵੱਲ ਮਾਰਚ



**ਨਵੀਂ ਦਿੱਲੀ** : ਕੈਨੇਡਾ ਵਿੱਚ ਹਿੰਦੂ ਮੰਦਰਾਂ 'ਤੇ ਹਮਲੇ ਵਿਰੁੱਧ ਹਿੰਦੂ ਸਿੱਖ ਗਲੋਬਲ ਫੋਰਮ ਦੇ ਮੈਂਬਰਾਂ ਨੇ ਐਤਵਾਰ ਚਾਣਕਿਆਪੁਰੀ ਇਲਾਕੇ 'ਚ ਕੈਨੇਡੀਅਨ ਹਾਈ ਕਮਿਸ਼ਨ ਵੱਲ ਮਾਰਚ ਕੀਤਾ। ਪੁਲਸ ਨੇ ਉਨ੍ਹਾਂ ਨੂੰ ਹਾਈ ਕਮਿਸ਼ਨ ਤੱਕ ਪੁੱਜਣ ਤੋਂ ਰੋਕਣ ਲਈ ਰਾਹ ਵਿੱਚ ਰੋਕਾਂ ਖੜ੍ਹੀਆਂ ਕੀਤੀਆਂ ਹੋਈਆਂ ਸਨ।

# ਅਰਸ਼ ਡੱਲਾ ਕੈਨੇਡਾ 'ਚ ਗ੍ਰਿਫ਼ਤਾਰ!



**ਓਟਵਾ** : ਮੀਡੀਆ ਰਿਪੋਰਟਾਂ ਹਨ ਕਿ ਖਾਲਿਸਤਾਨੀ ਦਹਿਸ਼ਤਗਰਦ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ ਨੂੰ ਕੈਨੇਡਾ 'ਚ ਪਿਛਲੇ ਮਹੀਨੇ ਹੋਈ ਗੋਲੀਬਾਰੀ ਦੀ ਘਟਨਾ ਦੇ ਸੰਬੰਧ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਪੋਰਟਾਂ ਮੁਤਾਬਕ ਡੱਲਾ ਨੂੰ ਮਿਲਟਨ ਟਾਊਨ 'ਚ 27-28 ਅਕਤੂਬਰ ਨੂੰ ਹੋਏ ਹਥਿਆਰਬੰਦ ਟਕਰਾਅ ਦੇ ਸੰਬੰਧ 'ਚ ਫੜਿਆ ਗਿਆ ਹੈ।

ਹਾਲਟਨ ਰਿਜਨਲ ਪੁਲਸ ਸਰਵਿਸ ਨੇ 29 ਅਕਤੂਬਰ ਨੂੰ ਕਿਹਾ ਸੀ ਕਿ ਉਸਨੇ ਹਸਪਤਾਲ ਆਏ ਦੋ ਜ਼ਖ਼ਮੀ ਬੰਦਿਆਂ ਨੂੰ ਪੁੱਛਗਿੱਛ ਤੋਂ ਬਾਅਦ ਗ੍ਰਿਫ਼ਤਾਰ ਕੀਤਾ। ਪਰ ਉਸ ਨੇ ਇਹ ਨਹੀਂ ਦੱਸਿਆ ਸੀ ਕਿ ਇਨ੍ਹਾਂ 'ਚ ਡੱਲਾ ਵੀ ਹੈ।

ਡੱਲਾ ਮਾਰੇ ਜਾ ਚੁੱਕੇ ਹਰਦੀਪ ਸਿੰਘ ਨਿੱਝਰ ਦਾ ਕਰੀਬੀ ਰਿਹਾ ਹੈ। ਉਹ ਖਾਲਿਸਤਾਨ ਟਾਈਗਰ ਫੋਰਸ ਦੇ ਚੀਫ ਵਜੋਂ ਵਿਚਰ ਰਿਹਾ ਹੈ ਤੇ ਉਸ ਨੂੰ ਨਿੱਝਰ ਦਾ ਜਾਨਸ਼ੀਨ ਮੰਨਿਆ ਜਾਂਦਾ ਹੈ। ਉਹ ਭਾਰਤ ਨੂੰ ਅੱਤ ਲੋੜੀਂਦੇ ਅਪਰਾਧੀਆਂ ਵਿੱਚੋਂ ਇਕ ਹੈ। ਕੌਮੀ ਜਾਂਚ ਏਜੰਸੀ ਨੇ ਭਾਰਤ 'ਚ ਟੈਰਰ-ਗੈਂਗਸਟਰ ਸਿੰਡੀਕੇਟ ਚਲਾਉਣ ਲਈ ਤਿੰਨ ਹੋਰਨਾਂ ਦੇ ਨਾਲ ਉਸ ਖਿਲਾਫ ਕੋਰਟ 'ਚ ਚਾਰਜਸ਼ੀਟ ਪੇਸ਼ ਕੀਤੀ ਸੀ।

## ਗੋਸਲ ਫੜਿਆ ਤੇ ਛੱਡਿਆ



**ਟੋਰਾਂਟੋ** : ਬਰੈਂਪਟਨ 'ਚ ਹਿੰਦੂ ਮੰਦਰ 'ਚ ਭੰਨਤੋੜ ਕਰਨ ਦੇ ਮਾਮਲੇ 'ਚ ਕੈਨੇਡੀਅਨ ਪੁਲਸ ਨੇ ਬਰੈਂਪਟਨ ਦੇ ਇੰਦਰਜੀਤ ਗੋਸਲ (35) ਨੂੰ ਸ਼ੁੱਕਰਵਾਰ ਗ੍ਰਿਫ਼ਤਾਰ ਕੀਤਾ ਤੇ ਫਿਰ ਕੁਝ ਸ਼ਰਤਾਂ ਨਾਲ ਛੱਡ ਦਿੱਤਾ। ਉਸ ਉੱਪਰ ਹਥਿਆਰ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਗੋਸਲ ਨੂੰ ਸਿੱਖ ਫਾਰ ਜਸਟਿਸ ਦੇ ਜਨਰਲ ਕਾਊਂਸਲ ਗੁਰਪਤਵੰਤ ਪਨੂੰ ਦਾ ਲੈਫਟੀਨੈਂਟ ਦੱਸਿਆ ਜਾਂਦਾ ਹੈ। ਪਿਛਲੇ ਸਾਲ 18 ਜੂਨ ਨੂੰ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਉਸ ਨੇ ਰਾਇਸ਼ੁਮਾਰੀ ਦੇ ਮੁੱਖ ਕੈਨਾਡਾਈ ਕਨਵੀਨਰ ਦੇ ਰੂਪ 'ਚ ਉਸ ਦੀ ਜਗ੍ਹਾ ਲਈ। ਨਿੱਝਰ ਦੀ ਹੱਤਿਆ ਤੋਂ ਬਾਅਦ ਉੱਥੇ ਰੈਫਰੈਂਡਮ ਨਾਲ ਜੁੜੇ ਕੰਮ ਨੂੰ ਦੇਖ ਰਿਹਾ ਹੈ।

## ਮੁਕਾਬਲੇ 'ਚ ਜੇ ਸੀ ਓ ਸ਼ਹੀਦ



**ਜੰਮੂ** : ਕਿਸ਼ਤਵਾੜ ਦੇ ਭਾਰਤ ਰਿਜ ਇਲਾਕੇ 'ਚ ਦਹਿਸ਼ਤਗਰਦਾਂ ਨਾਲ ਮੁਕਾਬਲੇ 'ਚ ਜੇ ਸੀ ਓ ਨਾਇਬ ਸੂਬੇਦਾਰ ਰਾਕੇਸ਼ ਕੁਮਾਰ ਸ਼ਹੀਦ ਹੋ ਗਏ ਜਦਕਿ ਚਾਰ ਜਵਾਨ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਫੌਜ ਤੇ ਪੁਲਸ ਦੀ ਸਾਂਝੀ ਟੀਮ ਜੰਗਲ 'ਚ ਤਲਾਸ਼ੀ ਮੁਹਿੰਮ ਚਲਾ ਰਹੀ ਸੀ ਕਿ ਦਹਿਸ਼ਤਗਰਦਾਂ ਨਾਲ ਟਾਕਰਾ ਹੋ ਗਿਆ। ਅਧਿਕਾਰੀਆਂ ਨੇ ਕਿਹਾ ਕਿ ਦੋ ਵਿਲੇਜ ਡਿਫੈਂਸ ਗਾਰਡਾਂ (ਵੀ ਡੀ ਜੀ'ਜ਼) ਦੀ ਹੱਤਿਆ ਮਗਰੋਂ ਵੀਰਵਾਰ ਸ਼ਾਮ ਤੋਂ ਕੁੰਟਵਾੜਾ ਤੇ ਕੇਸਵਾਂ ਦੇ ਜੰਗਲਾਂ 'ਚ ਦਹਿਸ਼ਤਗਰਦਾਂ ਦੀ ਪੈੜ ਨੱਪਣ ਲਈ ਅਪਰੇਸ਼ਨ ਜਾਰੀ ਹੈ। ਮੰਨਿਆ ਜਾਂਦਾ ਹੈ ਕਿ ਸੁਰੱਖਿਆ ਬਲਾਂ ਨੇ ਤਿੰਨ ਜਾਂ ਚਾਰ ਦਹਿਸ਼ਤਗਰਦਾਂ ਨੂੰ ਘੇਰਾ ਪਾਇਆ ਹੋਇਆ ਹੈ। ਇਹ ਉਹੀ ਦਹਿਸ਼ਤਗਰਦ ਹਨ, ਜਿਨ੍ਹਾਂ ਨੇ ਗਾਰਡਾਂ ਦੀ ਹੱਤਿਆ ਕੀਤੀ ਸੀ।

ਇਸੇ ਦੌਰਾਨ ਸ੍ਰੀਨਗਰ ਸ਼ਹਿਰ ਦੇ ਬਾਹਰਵਾਰ ਜ਼ਾਬਰਵਾਨ ਜੰਗਲੀ ਇਲਾਕੇ 'ਚ ਵੀ ਸੁਰੱਖਿਆ ਬਲਾਂ ਤੇ ਦਹਿਸ਼ਤਗਰਦਾਂ ਵਿਚਾਲੇ ਮੁਕਾਬਲਾ ਜਾਰੀ ਸੀ। ਜਵਾਨਾਂ ਨੇ ਦੋ ਤੋਂ ਤਿੰਨ ਦਹਿਸ਼ਤਗਰਦਾਂ ਨੂੰ ਘੇਰਾ ਪਾਇਆ ਹੋਇਆ ਹੈ। ਨਿਸ਼ਾਤ ਇਲਾਕੇ ਦੇ ਉਪਰਲੇ ਹਿੱਸੇ ਨੂੰ ਡਾਚੀਗਾਮ ਨਾਲ ਜੋੜਦੇ ਜੰਗਲੀ ਇਲਾਕੇ ਵਿਚ ਐਤਵਾਰ ਸਵੇਰੇ 9 ਵਜੇ ਦੇ ਕਰੀਬ ਮੁਕਾਬਲਾ ਸ਼ੁਰੂ ਹੋਇਆ।

## 51ਵੇਂ ਚੀਫ ਜਸਟਿਸ ਅੱਜ ਸਹੁੰ ਚੁੱਕਣਗੇ



**ਨਵੀਂ ਦਿੱਲੀ** : ਸੁਪਰੀਮ ਕੋਰਟ ਦੇ ਸੀਨੀਅਰ ਜੱਜ ਜਸਟਿਸ ਸੰਜੀਵ ਖੰਨਾ ਰਾਸ਼ਟਰਪਤੀ ਭਵਨ ਵਿਚ 11 ਨਵੰਬਰ ਨੂੰ ਭਾਰਤ ਦੇ 51ਵੇਂ ਚੀਫ ਜਸਟਿਸ ਵਜੋਂ ਸਹੁੰ ਚੁੱਕਣਗੇ। ਉਨ੍ਹਾ ਨੂੰ ਅਹੁਦੇ ਦੀ ਸਹੁੰ ਰਾਸ਼ਟਰਪਤੀ ਦਰੋਪਦੀ ਮੁਰਮੂ ਚੁਕਾਉਣਗੇ। ਇਹ ਵੀ ਦੱਸਣਾ ਬਣਦਾ ਹੈ ਕਿ ਮੌਜੂਦਾ ਚੀਫ ਜਸਟਿਸ ਚੰਦਰਚੂੜ ਐਤਵਾਰ ਸੇਵਾਮੁਕਤ ਹੋ ਗਏ ਹਨ। ਕੇਂਦਰ ਸਰਕਾਰ ਨੇ ਹਾਲ ਹੀ ਵਿਚ ਨੋਟੀਫਿਕੇਸ਼ਨ ਜਾਰੀ ਕਰਕੇ ਜਸਟਿਸ ਸੰਜੀਵ ਖੰਨਾ ਨੂੰ ਭਾਰਤ ਦੇ ਅਗਲੇ ਚੀਫ ਜਸਟਿਸ ਵਜੋਂ ਨਿਯੁਕਤ ਕੀਤਾ ਸੀ ਤੇ ਇਹ ਹੁਕਮ 11 ਨਵੰਬਰ, 2024 ਤੋਂ ਲਾਗੂ ਹੋਣ ਬਾਰੇ ਦੱਸਿਆ ਗਿਆ ਸੀ। ਇਸ ਤੋਂ ਬਾਅਦ ਕਾਨੂੰਨ ਅਤੇ ਨਿਆਂ ਮੰਤਰਾਲੇ ਨੇ ਆਪਣੇ ਨੋਟੀਫਿਕੇਸ਼ਨ ਵਿਚ ਇਸ ਦੀ ਪੁਸ਼ਟੀ ਕੀਤੀ ਸੀ।

## ਸਰਵਾਈਕਲ ਕੈਂਸਰ ਦੀ ਮੁਫਤ ਵੈਕਸੀਨ ਦਾ ਵਾਅਦਾ

**ਮੁੰਬਈ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮਹਾਰਾਸ਼ਟਰ ਦੀਆਂ ਅਸੈਂਬਲੀ ਚੋਣਾਂ ਲਈ ਐਤਵਾਰ ਮਹਾ ਵਿਕਾਸ ਅਗਾੜੀ ਗੱਠਜੋੜ ਦਾ ਸਾਂਝਾ ਮੈਨੀਫੈਸਟੋ ਜਾਰੀ ਕੀਤਾ। ਮੈਨੀਫੈਸਟੋ ਵਿਚ 9 ਤੋਂ 16 ਸਾਲ ਦੀਆਂ ਕੁੜੀਆਂ ਨੂੰ ਸਰਵਾਈਕਲ ਕੈਂਸਰ ਦੀ ਮੁਫ਼ਤ ਵੈਕਸੀਨ ਅਤੇ ਮਹਾਵਾਰੀ ਦੌਰਾਨ ਮਹਿਲਾ ਮੁਲਾਜ਼ਮਾਂ ਨੂੰ ਦੋ ਚੋਣਵੀਆਂ ਛੁੱਟੀਆਂ ਦੇਣ ਦੇ ਵਾਅਦੇ ਕੀਤੇ ਗਏ ਹਨ। 'ਮਹਾਰਾਸ਼ਟਰਨਾਮਾ' ਸਿਰਲੇਖ ਵਾਲੇ ਮੈਨੀਫੈਸਟੋ ਵਿਚ ਜਾਤੀ ਜਨਗਣਨਾ, ਸਵੈ-ਸਹਾਇਤਾ ਸਮੂਹਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਣ ਲਈ ਵੱਖਰਾ ਵਿਭਾਗ ਸਥਾਪਤ ਕਰਨ, ਬਾਲ ਭਲਾਈ ਲਈ ਵਿਸ਼ੇਸ਼ ਮੰਤਰਾਲਾ ਬਣਾਉਣ ਅਤੇ ਮਹਿਲਾਵਾਂ ਨੂੰ ਸਾਲਾਨਾ 500 ਰੁਪਏ ਵਿਚ ਛੇ ਕੁਕਿੰਗ ਗੈਸ ਸਿਲੰਡਰ ਦੇਣ ਦੇ ਵਾਅਦੇ ਵੀ ਸ਼ਾਮਲ ਹਨ। ਮੈਨੀਫੈਸਟੋ ਵਿਚ 'ਨਿਰਭੈ ਮਹਾਰਾਸ਼ਟਰ' ਪਾਲਿਸੀ ਬਣਾਉਣ ਦਾ ਵਾਅਦਾ ਵੀ ਕੀਤਾ ਗਿਆ ਹੈ।

# ਨਿਤੀਸ਼ ਨੇ ਮੁਸਲਮਾਨਾਂ ਦੀ ਪਿੱਠ 'ਚ ਛੁਰਾ ਮਾਰਿਆ : ਕਿਸ਼ੋਰ



**ਰਾਮਗੜ੍ਹ (ਬਿਹਾਰ)** : ਜਨ ਸੁਰਾਜ ਦੇ ਬਾਨੀ ਪ੍ਰਸ਼ਾਂਤ ਕਿਸ਼ੋਰ ਨੇ ਐਤਵਾਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਨਿਰਲੱਜ ਗਰਦਾਨਦਿਆਂ ਕਿਹਾ ਕਿ ਉਸਨੇ ਭਾਜਪਾ ਨਾਲ ਗੱਠਜੋੜ ਕਰਕੇ ਮੁਸਲਮਾਨਾਂ ਦੀ ਪਿੱਠ 'ਚ ਛੁਰਾ ਮਾਰਿਆ। ਨਿਤੀਸ਼ ਕੁਮਾਰ ਦੇ ਕਿਸੇ ਵੇਲੇ ਅੱਤ ਦੇ ਕਰੀਬੀ ਰਹੇ ਸਾਬਕਾ ਚੋਣ ਰਣਨੀਤੀਕਾਰ ਨੇ ਇਹ ਦੋਸ਼ ਨਿਤੀਸ਼ ਵੱਲੋਂ ਚਾਰ ਅਸੰਬਲੀ ਸੀਟਾਂ ਦੀ ਜ਼ਿਮਨੀ ਚੋਣ ਦੌਰਾਨ ਮੁਸਲਮਾਨਾਂ ਨੂੰ ਰਿਝਾਉਣ ਸੰਬੰਧੀ ਸਵਾਲ ਦੇ ਜਵਾਬ 'ਚ ਲਾਇਆ।

ਕਿਸ਼ੋਰ ਨੇ ਕਿਹਾ ਕਿ ਨਿਤੀਸ਼ ਨੇ 2015 ਵਿੱਚ ਮੁਸਲਮਾਨਾਂ ਦੀ ਜ਼ਬਰਦਸਤ ਹਮਾਇਤ ਨਾਲ ਸਰਕਾਰ ਬਣਾਈ ਤੇ ਦੋ ਸਾਲ ਬਾਅਦ ਭਾਜਪਾ ਨਾਲ ਗੱਠਜੋੜ ਕਰ ਲਿਆ। ਕਿਸ਼ੋਰ ਨੇ ਅੱਗੇ ਕਿਹਾ—ਮੁਸਲਮਾਨਾਂ ਨੇ ਦੋ ਕੁ ਸਾਲ ਪਹਿਲਾਂ ਮਹਾਗੱਠਬੰਧਨ ਦੀ ਸਰਕਾਰ ਬਣਾਉਣ 'ਚ ਵੀ ਨਿਤੀਸ਼ ਦੀ ਹਮਾਇਤ ਕੀਤੀ ਪਰ ਉਹ ਫਿਰ ਭਾਜਪਾ ਦੀ ਅਗਵਾਈ ਵਾਲੇ ਐੱਨ ਡੀ ਏ ਵਿੱਚ ਵੜ ਗਿਆ। ਹੁਣ ਉਸਦੀ ਪਾਰਟੀ ਉਸ ਕੇਂਦਰੀ ਸਰਕਾਰ ਵਿਚ ਭਾਈਵਾਲ ਹੈ, ਜਿਸਨੇ ਵਿਵਾਦਗ੍ਰਸਤ ਵਕਫ ਬਿੱਲ ਲਿਆਂਦਾ ਹੈ। ਨਿਤੀਸ਼ ਕੁਮਾਰ ਨਿਰਲੱਜ ਆਦਮੀ ਹੈ, ਜਿਸਤੋਂ ਬਿਹਾਰ ਦੇ ਲੋਕ ਦੁਖੀ ਹੋ ਚੁੱਕੇ ਹਨ ਤੇ ਉਸਨੂੰ ਸੱਤਾ ਤੋਂ ਬੇਦਖਲ ਕਰਨਾ ਚਾਹੁੰਦੇ ਹਨ।

ਜਨਤਾ ਦਲ (ਯੂ) ਦੇ ਸਾਬਕਾ ਕੌਮੀ ਉਪ ਪ੍ਰਧਾਨ ਕਿਸ਼ੋਰ, ਜਿਸਨੂੰ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) 'ਤੇ ਨਿਤੀਸ਼ ਕੁਮਾਰ ਨਾਲ ਜਨਤਕ ਬਹਿਸ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ, ਨੇ ਇਹ ਦੋਸ਼ ਵੀ ਲਾਇਆ ਕਿ ਨਿਤੀਸ਼ ਨੇ ਉਸ ਬਿੱਲ ਦੀ ਹਮਾਇਤ ਕੀਤੀ ਜਿਸਨੇ ਮੁਸਲਮਾਨਾਂ ਤੋਂ ਵੋਟ ਦਾ ਹੱਕ ਖੋਹ ਲੈਣ ਦਾ ਖਤਰਾ ਪੈਦਾ ਕਰ ਦਿੱਤਾ ਸੀ।

ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੇ 'ਬਟੇਂਗੇ ਤੋਂ ਕਟੇਂਗੇ' ਦੇ ਨਾਅਰੇ ਬਾਰੇ ਪੁੱਛੇ ਜਾਣ 'ਤੇ ਕਿਸ਼ੋਰ ਨੇ ਕਿਹਾ—ਹਿੰਦੂਆਂ ਨੂੰ ਅਸੁਰੱਖਿਅਤ ਮਹਿਸੂਸ ਕਰਾ ਕੇ ਚੋਣ ਲਾਹਾ ਲੈਣ ਦੀ ਇਹ ਭਾਜਪਾ ਦੀ ਪੁਰਾਣੀ ਰਣਨੀਤੀ ਹੈ। ਪਾਰਟੀ ਨੂੰ ਬਿਹਾਰ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਮੋਦੀ ਨੇ ਪ੍ਰਧਾਨ ਮੰਤਰੀ ਬਣਨ ਤੋਂ ਲੈ ਕੇ ਬਿਹਾਰ ਵਿੱਚ ਕਿੰਨੀਆਂ ਫੈਕਟਰੀਆਂ ਲਾਈਆਂ।

# ਗੁੱਜਰ ਤੋਂ ਡੇਢ ਕਿਲੋ ਹੈਰੋਇਨ ਫੜੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਐਸ.ਟੀ.ਐਫ ਟੀਮ ਜਲੰਧਰ ਨੇ ਟਾਂਡਾ ਇਲਾਕੇ ਵਿੱਚ ਨਸ਼ਾ ਤਸਕਰੀ ਤੇ ਵੱਡੀ ਕਾਰਵਾਈ ਕਰਦਿਆਂ ਟਾਂਡਾ-ਸ੍ਰੀ ਅੰਮ੍ਰਿਤਸਰ ਸਹਿਬ ਨੈਸ਼ਨਲ ਹਾਈਵੇ 'ਤੇ ਸਥਿਤ ਮਾਰੂਤੀ ਏਜੰਸੀ ਨੇੜੇ ਬਣੀ ਕਲੋਨੀ ਵਿੱਚ ਕੁੱਲ ਬਣਾ ਕੇ ਰਹਿੰਦੇ ਇਕ ਗੁੱਜਰ ਕੋਲੋਂ ਛਾਪੇਮਾਰੀ ਦੌਰਾਨ ਕਰੀਬ ਡੇਢ ਕਿੱਲੋ ਹੈਰੋਇਨ ਬਰਾਮਦ ਕੀਤੀ, ਜਿਸ ਦੀ ਅੰਤਰਰਾਸ਼ਟਰੀ ਬਜ਼ਾਰ ਵਿੱਚ ਕੀਮਤ ਕਰੀਬ ਸਾਢੇ 7 ਕਰੋੜ ਰੁਪਏ ਬਣਦੀ ਹੈ। ਮੁਲਜ਼ਮ ਦੀ ਪਛਾਣ ਰਾਂਝਾ ਵਾਸੀ ਪੁਲ ਪੁਖਤਾ ਥਾਣਾ ਟਾਂਡਾ ਵਜੋਂ ਹੋਈ ਹੈ।ਐਸ ਟੀ ਐਫ ਜਲੰਧਰ ਟੀਮ ਦੇ ਇੰਚਾਰਜ ਡੀ ਐਸ ਪੀ ਯੋਗੇਸ਼ ਕੁਮਾਰ ਨੇ ਦੱਸਿਆ ਕਿ ਐਸ ਟੀ ਐਫ ਜਲੰਧਰ ਟੀਮ ਦੀ ਟੀਮ ਦੇ ਏ ਐਸ ਆਈ ਪਰਮਿੰਦਰ ਸਿੰਘ ਦੀ ਅਗਵਾਈ ਵਿੱਚ ਏ ਐਸ ਆਈ ਅਮਨਦੀਪ ਸਿੰਘ, ਹੈਡ ਕਾਂਸਟੇਬਲ ਅਕਾਸ਼ਦੀਪ ਸਿੰਘ, ਹੈਡ ਕਾਂਸਟੇਬਲ ਰਵੀ ਕੁਮਾਰ ਤੇ ਹੈਡ ਕਾਂਸਟੇਬਲ ਧੰਨਜੀਤ ਦੀ ਟੀਮ ਵਲੋਂ ਇੱਕ ਇਤਲਾਹ 'ਤੇ ਟਾਂਡਾ - ਸ੍ਰੀ ਅੰਮ੍ਰਿਤਸਰ ਸਾਹਿਬ ਨੈਸ਼ਨਲ ਹਾਈਵੇ 'ਤੇ ਸਥਿਤ ਮਾਰੂਤੀ ਏਜੰਸੀ ਨੇੜੇ ਬਣੀ ਕਲੋਨੀ ਵਿੱਚ ਨਸ਼ਾ ਤਸਕਰੀ ਕਰਨ ਵਾਲੇ ਇੱਕ ਗੁੱਜਰ ਦੇ ਕੁੱਲ 'ਤੇ ਛਾਪਮਾਰੀ ਕੀਤੀ ਤਾਂ ਤਲਾਸ਼ੀ ਦੌਰਾਨ ਰਾਂਝਾ ਨਾਮਕ ਗੁੱਜਰ ਕੋਲ ਰੱਖੇ ਇੱਕ ਬੈਗ ਵਿੱਚੋਂ ਕਰੀਬ ਡੇਢ ਕਿੱਲੋ ਹੈਰੋਇਨ ਬਰਾਮਦ ਕੀਤੀ।

# ਬਿੱਟੂ ਦਾ ਬਿਆਨ ਪੰਜਾਬ 'ਚ ਅਸ਼ਾਂਤੀ ਫੈਲਾਉਣ ਵਾਲਾ : ਸੇਖੋਂ

**ਚੰਡੀਗੜ੍ਹ** : ਭਾਜਪਾ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਲੋਂ ਪੰਜਾਬ ਦੇ ਕਿਸਾਨ ਆਗੂਆਂ ਦੀ ਤੁਲਨਾ ਦੁਨੀਆ ਭਰ 'ਚ ਬਦਨਾਮ ਦਹਿਸ਼ਤਗਰਦਾਂ ਤਾਲਿਬਾਨ ਨਾਲ ਕਰਨਾ ਜਿੱਥੇ ਅਤੀ ਨਿੰਦਾਜਨਕ ਹੈ ਉਥੇ ਪੰਜਾਬ ਦੇ ਹਾਲਾਤ ਖ਼ਰਾਬ ਕਰਨ ਵੱਲ ਇਸ਼ਾਰਾ ਵੀ ਹੈ। ਇਹ ਦੋਸ਼ ਲਾਉਂਦਿਆਂ ਸੀ ਪੀ ਆਈ ਐਮ ਪੰਜਾਬ ਦੇ ਸਕੱਤਰ ਕਾ. ਸੁਖਵਿੰਦਰ ਸਿੰਘ ਸੇਖੋਂ ਨੇ ਭਾਜਪਾ ਹਾਈਕਮਾਂਡ ਤੋਂ ਮੰਗ ਕੀਤੀ ਕਿ ਇਸ ਬਿਆਨ ਸੰਬੰਧੀ ਆਪਣਾ ਪੱਖ ਸਪੱਸ਼ਟ ਕਰੇ। ਵਰਨਣਯੋਗ ਹੈ ਕਿ ਕੇਂਦਰੀ ਮੰਤਰੀ ਰਵਨੀਤ ਬਿੱਟੂ ਨੇ ਬੀਤੇ ਦਿਨ ਸ੍ਰੀ ਮੁਕਤਸਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕਿਸਾਨ ਆਗੂਆਂ ਦੀ ਤਾਲਿਬਾਨਾਂ ਨਾਲ ਤੁਲਨਾ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਵਾਈ ਜਾਵੇਗੀ।

ਕਾ. ਸੇਖੋਂ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਅਧਾਰਤ ਸੂਬਾ ਹੈ ਅਤੇ ਦਿੱਲੀ ਵਿਖੇ ਕੀਤੇ ਵੱਡੇ ਕਿਸਾਨ ਅੰਦੋਲਨ ਸਮੇਂ ਪੰਜਾਬ ਦੇ ਕਿਸਾਨ ਆਗੂਆਂ ਨੇ ਮੋਹਰੀ ਭੂਮਿਕਾ ਨਿਭਾਈ ਸੀ, ਜਿਸ ਦੀ ਦੁਨੀਆ ਭਰ ਵਿੱਚ ਸ਼ਲਾਘਾ ਹੋਈ ਸੀ। ਇਨ੍ਹਾਂ ਕਿਸਾਨ ਆਗੂਆਂ ਦੀ ਅਗਵਾਈ ਵਿੱਚ ਇਹ ਮੋਰਚਾ ਜਿੱਤਿਆ ਗਿਆ ਸੀ । ਉਨ੍ਹਾ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨੀ ਨੂੰ ਖਤਮ ਕਰਨ ਵਾਲੀਆਂ ਨੀਤੀਆਂ ਲਾਗੂ ਕਰਨ ਤੋਂ ਰੋਕਣ ਲਈ ਕਿਸਾਨ ਜਥੇਬੰਦੀਆਂ ਹਮੇਸ਼ਾ ਸੰਘਰਸ਼ ਕਰਦੀਆਂ ਰਹੀਆਂ ਹਨ। ਸੂਬਾ ਸਕੱਤਰ ਨੇ ਕਿਹਾ ਕਿ ਰਵਨੀਤ ਬਿੱਟੂ ਕੋਈ ਆਮ ਵਰਕਰ ਨਹੀਂ, ਉਹ ਕੇਂਦਰ ਸਰਕਾਰ ਦਾ ਵਜ਼ੀਰ ਹੈ, ਇਸ ਲਈ ਉਸ ਵੱਲੋਂ ਦਿੱਤਾ ਜਾਣ ਵਾਲਾ ਬਿਆਨ ਕੇਂਦਰ ਸਰਕਾਰ ਦੀ ਨੀਤੀ ਦਾ ਹਿੱਸਾ ਹੀ ਮੰਨਿਆ ਜਾਵੇਗਾ। ਆਗੂਆਂ ਦੀਆਂ ਜਾਇਦਾਦਾਂ ਦੀ ਜਾਂਚ ਕਰਵਾਉਣਾ ਜਾਂ ਨਾ ਕਰਵਾਉਣਾ ਸਰਕਾਰ ਦਾ ਕੰਮ ਹੈ, ਪਰ ਕਿਸਾਨ ਆਗੂਆਂ ਨੂੰ ਤਾਲਿਬਾਨੀ ਕਹਿਣਾ ਨਿਖੇਧੀਯੋਗ ਹੈ। ਇਸ ਬਿਆਨ ਵਿੱਚੋਂ ਕਿਸਾਨ ਆਗੂਆਂ ਤੇ ਤਾਲਿਬਾਨ ਦਹਿਸ਼ਤਗਰਦਾਂ ਵਾਂਗ ਪਾਬੰਦੀਆਂ ਲਾ ਕੇ ਪੰਜਾਬ ਦੇ ਹਾਲਾਤ ਖ਼ਰਾਬ ਕਰਨ ਦੀ ਸਾਜਿਸ਼ ਦੀ ਬੋਅ ਆਉਂਦੀ ਹੈ।ਕਾ. ਸੇਖੋਂ ਨੇ ਕਿਹਾ ਕਿ ਪੰਜਾਬ ਇੱਕ ਸਰਹੱਦੀ ਸੂਬਾ ਹੈ, ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਇਸ ਰਾਜ ਵਿੱਚ ਸ਼ਾਂਤੀ ਰੱਖਣੀ ਜ਼ਰੂਰੀ ਹੈ, ਪਰ ਬਿੱਟੂ ਦਾ ਬਿਆਨ ਅਸ਼ਾਂਤੀ ਫੈਲਾਉਣ ਵਾਲਾ ਹੈ। ਉਨ੍ਹਾ ਭਾਜਪਾ ਦੀ ਹਾਈਕਮਾਂਡ ਤੋਂ ਵੀ ਮੰਗ ਕੀਤੀ ਕਿ ਪਾਰਟੀ ਪੱਧਰ 'ਤੇ ਇਸ ਬਿਆਨ ਬਾਰੇ ਆਪਣਾ ਪ੍ਰਤੀਕਰਮ ਸਪੱਸ਼ਟ ਕਰੇ। ਇਸ ਦੌਰਾਨ ਬਿੱਟੂ ਵੱਲੋਂ ਕਿਸਾਨ ਆਗੂਆਂ ਖ਼ਿਲਾਫ਼ ਭੜਕਾਊ ਤੇ ਜਰਕਾਊ ਬਿਆਨ ਦਿੱਤੇ ਜਾਣ ਦੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨੇ ਸਖ਼ਤ ਨਿਖੇਧੀ ਕਰਦਿਆਂ ਬਿੱਟੂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ ਦਿੱਤੀ ਹੈ। ਉਨ੍ਹਾਂ ਆਖਿਆ ਕਿ ਭਾਜਪਾ ਸਰਕਾਰ ਸਮੇਤ ਵੱਖ ਵੱਖ ਸਰਕਾਰਾਂ ਦੀਆਂ

ਬਾਕੀ ਸਫ਼ਾ 2 'ਤੇ

# ਮਨ ਰੁਸ਼ਨਾ ਗਈ ਨਾਟਕਾਂ ਅਤੇ ਗੀਤਾਂ ਭਰੀ ਰਾਤ

**ਜਲੰਧਰ (ਕੇਸਰ)**

ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀ ਸਿਖ਼ਰਲੀ ਰਾਤ ਸਰਘੀ ਵੇਲੇ ਜੋਸ਼-ਖਰੋਸ਼ ਭਰੇ ਨਾਅਰਿਆਂ ਨਾਲ ਮੁੱਕੀ ਅਤੇ ਜ਼ਿੰਦਗੀ ਦੇ ਨਵੇਂ ਮਾਰਗ ਦੀਆਂ ਰੌਸ਼ਨੀਆਂ ਨਾਲ ਸਾਡੇ ਸਮਿਆਂ ਅਤੇ ਆਉਣ ਵਾਲੇ ਕੱਲ੍ਹ ਲਈ ਰੌਸ਼ਨ ਸੁਨੇਹੜੇ ਵੰਡਣ 'ਚ ਸਫ਼ਲ ਰਹੀ। ਮੇਲੇ 'ਚ ਪੇਸ਼ ਹੋਏ ਪੰਜ ਨਾਟਕਾਂ ਅਤੇ ਭੰਡ ਆਏ ਮੇਲੇ 'ਤੇ ਮੌਕੇ ਖਚਾ-ਖਚ ਭਰੇ ਪੰਡਾਲ 'ਚ ਦਰਸ਼ਕਾਂ ਵੱਲੋਂ ਮਾਰੀਆਂ ਤਾੜੀਆਂ ਦੀ ਗੂੰਜ ਪੈਂਦੀ ਰਹੀ। ਜ਼ਿਕਰਯੋਗ ਹੈ ਕਿ ਇਸ ਰਾਤ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਫ਼ਿਲਮਸਾਜ਼ ਸੰਜੇ ਕਾਕ, ਡਾ. ਸਵਰਾਜਬੀਰ ਸਮੇਤ ਨਾਮਵਰ ਰੰਗ-ਕਰਮੀ ਵੀ ਸ਼ਾਮਲ ਹੋਏ। ਇਸ ਰਾਤ ਦੀ ਸ਼ੁਰੂਆਤ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੇ ਸ਼ਬਦਾਂ ਨਾਲ ਹੋਈ। ਉਹਨਾਂ ਨੇ ਗ਼ਦਰੀ ਬਾਬਿਆਂ ਦੇ ਸਾਮਰਾਜਵਾਦ ਅਤੇ ਫ਼ਿਰਕਾਪ੍ਰਸਤੀ ਵਿਰੁੱਧ ਸੂਹੇ ਮਾਰਗ ਤੋਂ ਸਿੱਖਣ ਦੀ ਅਪੀਲ ਕੀਤੀ। ਨਾਟਕਾਂ ਅਤੇ ਗੀਤਾਂ ਭਰੀ ਰਾਤ ਡਾ. ਸ਼ੰਕਰ ਸ਼ੇਸ ਦੇ ਲਿਖੇ ਅਤੇ ਚਕਰੇਸ਼ ਦੁਆਰਾ ਨਿਰਦੇਸ਼ਤ ਨਾਟਕ 'ਪੋਸਟਰ' ਦੀ ਅਲੰਕਾਰ ਥੀਏਟਰ ਚੰਡੀਗੜ੍ਹ ਵੱਲੋਂ ਪੇਸ਼ਕਾਰੀ ਨਾਲ ਹੋਈ। ਨਾਟਕ ਨੇ ਲੋਕ ਮਨਾਂ 'ਤੇ ਗੂਹੜੀ ਤਰ੍ਹਾਂ ਉੱਕਰ ਦਿੱਤੀ ਮਿੱਲ ਮਾਲਕਾਂ ਉਹਨਾਂ ਦੇ ਤਾਣੇ-ਬਾਣੇ ਦੀ ਸਨਅਤੀ ਕਾਮਿਆਂ ਪ੍ਰਤੀ ਟਕਰਾਵੇਂ ਰਿਸ਼ਤੇ ਦੀ ਕਹਾਣੀ। 'ਪੋਸਟਰ' ਨਾਟਕ ਇਹ ਦਰਸਾਉਣ ਵਿੱਚ ਵੀ ਸਫ਼ਲ ਰਿਹਾ ਕਿ ਜਦੋਂ ਲੁੱਟ ਅਤੇ ਜਬਰ ਦੀ ਇੰਤਹਾ ਹੁੰਦੀ ਹੈ ਤਾਂ ਮਜ਼ਦੂਰਾਂ ਦੇ ਜ਼ਿਹਨ ਅੰਦਰ ਫੁੱਟੀਆਂ ਚਿੰਤਨ ਅਤੇ ਚੇਤਨਾ ਦੀਆਂ ਲੜੀਆਂ ਜੇ ਸਿਰਫ਼ 'ਪੋਸਟਰ' ਛਾਪ ਕੇ ਆਪਣੀਆਂ ਮੰਗਾਂ ਦੀ ਗੱਲ ਹੀ ਕਰਦੀਆਂ ਹਨ ਤਾਂ ਮਿੱਲ ਮਾਲਕਾਂ ਅਤੇ ਸਥਾਪਤੀ ਨੂੰ ਤ੍ਰੇਲੀਆਂ ਆ ਜਾਂਦੀਆਂ ਹਨ। ਨਾਬਰੀ ਭਰੇ ਬੋਲਾਂ ਦੀ ਧਮਕ ਨਾਲ ਤਾਕਤ ਦੇ ਨਸ਼ੇ ਦੇ ਗੁਰੂਰ ਵਿੱਚ ਮਸਤ ਮਿੱਲ ਮਾਲਕਾਂ ਦਾ ਹੰਕਾਰ ਮਿੱਟੀ 'ਚ ਮਿਲ ਜਾਂਦਾ ਹੈ।

ਡਾ. ਸਵਰਾਜਬੀਰ ਦਾ ਲਿਖਿਆ ਨਾਟਕ 'ਧਰਤੀ ਦੀ ਧੀ: ਐਨਟਿਗਨੀ' ਜੋ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ 'ਚ ਮੰਚ, ਰੰਗ ਮੰਚ ਵੱਲੋਂ ਪੇਸ਼ ਹੋਇਆ ਇਟਲੀ, ਫਰਾਂਸ ਆਦਿ ਧਰਤੀਆਂ ਦੀ ਕਹਾਣੀ ਨੂੰ ਸਾਡੇ ਮੁਲਕ ਦੀ ਮਿੱਟੀ ਨਾਲ ਜੋੜਨ 'ਚ ਸਫ਼ਲ ਰਿਹਾ। ਇਸ ਨਾਟਕ ਨੇ ਦਰਸਾਇਆ ਕਿ ਔਰਤ ਨੂੰ ਕਿਵੇਂ ਆਪਣੇ ਸਵੈਮਾਣ ਅਤੇ ਜ਼ਿੰਦਗੀ ਦੇ ਮਾਰਗ ਖ਼ੁਦ ਘੜਨੇ ਪੈਂਦੇ ਨੇ। ਇੱਕ-ਇੱਕ ਸ਼ਬਦ ਨੂੰ ਸਲਾਮ ਕਰਦੀਆਂ ਆਵਾਜ਼ਾਂ ਵੱਲੋਂ ਕਲਾ ਪ੍ਰਤੀ ਦਰਸ਼ਕਾਂ ਦੇ ਅਦਬ ਦਾ ਸਿਰਜਿਆ ਅੰਬਰ, ਮਨ ਦੇ ਬੂਹੇ ਖੋਲ੍ਹ ਗਿਆ।



ਸ਼ਬਦੀਸ਼ ਦੇ ਲਿਖੇ 'ਗੁੰਮਸ਼ੁਦਾ ਔਰਤ' ਨਾਟਕ ਨੂੰ ਉਹਨਾਂ ਦੀ ਜੀਵਨ ਸਾਥਣ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ 'ਚ ਸੁਚੇਤਕ ਰੰਗ ਮੰਚ ਮੁਹਾਲੀ ਨੇ ਪੇਸ਼ ਕੀਤਾ। ਸੋਲੋ ਨਾਟਕ ਦੀਆਂ ਵੰਨ-ਸੁਵੰਨੀਆਂ ਪਰਤਾਂ ਨਾਲ ਅਨੀਤਾ ਸ਼ਬਦੀਸ਼ ਨੇ ਬਾਖ਼ੂਬ ਇਨਸਾਫ਼ ਕੀਤਾ। ਮੇਲੇ 'ਤੇ ਵੱਡੀ ਗਿਣਤੀ ਵਿੱਚ ਆਈਆਂ ਔਰਤਾਂ ਅਨੀਤਾ ਦੀ ਕਲਾ ਦੀ ਦਾਦ ਦਿੰਦੀਆਂ ਸੁਣਾਈ ਦਿੰਦੀਆਂ ਰਹੀਆਂ। ਸੈਮੂਅਲ ਜੌਨ ਦੀ ਕਹਾਣੀ 'ਤੇ ਅਧਾਰਤ ਨੌਜਵਾਨ ਨਿਰਦੇਸ਼ਕ ਬਲਰਾਜ ਸਾਗਰ ਦੀ ਕਲਮ ਤੋਂ ਲਿਖੇ ਅਤੇ ਨਿਰਦੇਸ਼ਤ ਨਾਟਕ 'ਰਾਖਾ' ਅਦਾਕਾਰੀ ਪੱਖੋਂ ਸੋਲ ਮੇਟ ਥੀਏਟਰ, ਬਾਬਾ ਕੁੰਦਨ ਸਿੰਘ ਕਾਲਜ ਮੁਹਾਰ ਫ਼ਿਰੋਜ਼ਪੁਰ ਦੇ ਕਲਾਕਾਰਾਂ ਵੱਲੋਂ ਅਦਾਕਾਰੀ ਪੱਖੋਂ ਐਨਾ ਨਿਖ਼ਾਰਿਆ ਹੋਇਆ ਸੀ ਕਿ ਹਰ ਅੱਖ ਮੰਚ ਨਾਲ ਜੁੜੀ ਰਹੀ। ਬਹੁਤ ਹੀ ਤੀਖਣ ਕਟਾਖ਼ਸ ਕੱਸਦਾ ਨਾਟਕ ਇਹ ਸੁਨੇਹਾ ਦੇਣ ਵਿੱਚ ਸਫ਼ਲ ਰਿਹਾ ਕਿ ਕਿਵੇਂ ਬਾਘ ਬਘੇਲਿਆਂ ਵਰਗੀਆਂ ਬਹੁ-ਕੌਮੀ ਕੰਪਨੀਆਂ ਸਾਡੀ ਮਿੱਟੀ ਖੋਹਣਾ ਚਾਹੁੰਦੀਆਂ। ਨਾਟਕ ਨੇ ਬਹੁਤ ਉੱਭਰਵੇਂ ਰੂਪ ਵਿੱਚ ਸੁਨੇਹਾ ਦਿੱਤਾ ਕਿ ਬੇਜ਼ਮੀਨੇ ਕਿਰਤੀ ਕਾਮੇ ਅਤੇ ਕਿਸਾਨ ਇੱਕ-ਦੂਜੇ ਨੂੰ ਗਲਵੱਕੜੀ ਪਾ ਕੇ ਸੰਘਰਸ਼ਾਂ ਭਰੀ ਜ਼ਿੰਦਗੀ ਦੇ ਨਵੇਂ ਮਾਰਗ ਸਿਰਜਣ ਵਿੱਚ ਸਫ਼ਲ ਹੋ ਸਕਦੇ ਹਨ। ਖਾਸ ਕਰਕੇ ਮਾਲਕ ਕਿਸਾਨੀ ਦਾ ਬੇਜ਼ਮੀਨੇ ਕਿਸਾਨਾਂ ਪ੍ਰਤੀ ਭਾਈਚਾਰਕ ਸਾਂਝ ਵਾਲਾ ਨਜ਼ਰੀਆ ਹੀ ਦੋਵਾਂ ਦੇ ਸੁਲੱਖਣੇ ਭਵਿੱਖ ਦਾ ਜਾਮਨ ਬਣੇਗਾ, ਇਹ ਵੰਗਾਰਮਈ ਸੁਨੇਹਾ ਦਿੱਤਾ ਨਾਟਕ ਨੇ।

ਕੁਲਵੰਤ ਕੌਰ ਨਗਰ ਦੇ ਲਿਖੇ, ਜਸਵਿੰਦਰ ਪੱਪੀ ਦੁਆਰਾ ਨਿਰਦੇਸ਼ਤ ਨਾਟਕ 'ਹਨੇਰ ਨਗਰੀ' ਨੂੰ ਪੇਸ਼ ਕਰਦਿਆਂ ਮਾਨਵਤਾ ਕਲਾ ਮੰਚ ਨਗਰ ਇਹ ਸੁਨੇਹਾ ਦੇਣ 'ਚ ਸਫ਼ਲ ਰਿਹਾ ਕਿ ਹਨੇਰ ਨਗਰੀ ਤੋਂ ਸੂਰਜ ਵੱਲ ਜਾਂਦੇ ਨਵੀਂ ਜ਼ਿੰਦਗੀ ਦਾ ਮਾਰਗ ਸਾਡੀ ਚੇਤਨਾ ਨੂੰ ਗ੍ਰਹਿਣ ਲਗਾ ਕੇ ਧੁੰਦਲਾ ਅਤੇ ਕਾਲ਼ਾ ਕੀਤਾ ਜਾ ਰਿਹਾ ਹੈ। ਜਿਸ ਵਿੱਚ ਨਵੇਂ ਰੰਗ ਭਰਨ ਲਈ ਨਵੀਂ ਊਰਜਾ, ਦ੍ਰਿਸ਼ਟੀ ਅਤੇ ਆਪਸੀ ਏਕਤਾ ਹੀ ਜੰਗਲ ਦੇ 'ਭਾਗ' ਜਗਾਉਣ ਦੀ ਲੋਅ ਪੈਦਾ ਕਰ ਸਕਦੀ ਹੈ। ਕੰਮੀਆਂ ਦੇ ਵਿਹੜੇ ਦਾ ਸੂਰਜ ਬਣ ਸਕਦੀ ਹੈ। ਇਪਟਾ ਦੇ ਅਵਤਾਰ ਚੜਿੱਕ ਅਤੇ ਸਾਥੀ ਸੱਚਮੁੱਚ ਹੀ ਮੇਲੇ 'ਤੇ ਭੰਡਾਂ ਦੇ ਆਉਣ ਦਾ ਦ੍ਰਿਸ਼ ਸਿਰਜਣ ਅਤੇ ਤਿੱਖੜੇ ਵਿਅੰਗਮਈ ਤੀਰ ਛੱਡਣ ਵਿੱਚ ਸਫ਼ਲ ਰਹੇ।

ਇਸ ਸਿਖਰਲੀ ਰਾਤ ਗੀਤ-ਸੰਗੀਤ ਦਾ ਆਪਣਾ ਵਿਸ਼ੇਸ਼ ਰੰਗ ਹੋਇਆ। ਇਸ ਵਿੱਚ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ), ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਦਸਤਕ ਮੰਚ (ਸਾਰਾ), ਖਾਲਸਾ ਕਾਲਜ ਗੜ੍ਹਦੀਵਾਲ (ਗੁਰਪਿੰਦਰ ਸਿੰਘ), ਦਰਸ਼ਨ ਖਟਕੜ, ਪਰਮਿੰਦਰ ਸਵੈਚ, ਧਰਮਿੰਦਰ ਮਸਾਣੀ, ਨਰਗਿਸ, ਅੰਮ੍ਰਿਤ ਲਾਲ ਫਿਲੌਰ, ਦਿਲਪ੍ਰੀਤ ਕੌਰ, ਅਜਮੇਰ ਅਕਲੀਆ, ਛਿੰਦਰ, ਜੋਗਿੰਦਰ ਕੁਲੇਵਾਲ, ਹਰਮੀਤ ਕੋਟਗੁਰੂ ਆਦਿ ਗਾਇਕਾਂ ਵੱਲੋਂ ਗੀਤ-ਸੰਗੀਤ ਦਾ ਰੰਗ ਬੰਨ੍ਹਿਆ ਗਿਆ। ਇਸ ਰਾਤ ਬਹੁਤ ਹੀ ਉਤੇਜਨਾ ਅਤੇ ਜੋਸ਼ੀਲਾ ਮਾਹੌਲ ਬਣਿਆ ਜਦੋਂ ਮੰਚ ਸੰਚਾਲਕ ਅਮੋਲਕ ਸਿੰਘ ਨੇ ਕਵੀ ਬਾਬਾ ਨਜ਼ਮੀ ਨੂੰ ਲਹਿੰਦੇ ਪੰਜਾਬ ਦੇ ਸ਼ਹਿਰ ਲਾਹੌਰ ਤੋਂ ਅਤੇ ਰੰਗ-ਕਰਮੀ ਨਜ਼ੀਰ ਜੋਈਆ ਨੂੰ ਕਸੂਰ ਤੋਂ ਲਾਈਵ ਦਰਸ਼ਕਾਂ ਦੇ ਰੂਬਰੂ ਕੀਤਾ। ਬਾਬਾ ਨਜ਼ਮੀ ਨੇ ਚੜ੍ਹਦੇ ਪੰਜਾਬ ਅਤੇ ਦੇਸ਼-ਪ੍ਰਦੇਸ਼ ਤੋਂ ਮੇਲੇ 'ਚ ਜੁੜੇ ਲੋਕਾਂ ਦੇ ਨਾਂਅ ਆਪਣੇ ਸੁਨੇਹੇ ਵਿੱਚ ਕਿਹਾ ਕਿ ਮਨ ਜਜ਼ਬਾਤੀ ਯਾਦਾਂ ਦੀਆਂ ਛੱਲਾਂ ਅਤੇ ਦਰਦ ਨਾਲ ਭਰਿਆ ਪਿਆ ਹੈ। ਉਹਨਾਂ ਕਿਹਾ ਕਿ ਕੋਈ ਵੀ ਪੰਜਾਬੀ ਮਾਂ-ਬੋਲੀ ਦਾ ਵਾਲ ਵਿੰਗਾ ਨਹੀਂ ਕਰ ਸਕਦਾ। ਉਹਨਾਂ ਮੰਦਰ-ਮਸਜਦ ਦੇ ਨਾਟ 'ਤੇ ਭਰਾ ਮਾਰ ਜੰਗ ਤੋਂ ਸੁਚੇਤ ਕਰਦੀ ਨਜ਼ਮ ਵੀ ਸੁਣਾਈ ਅਤੇ ਇਹ ਵੀ ਕਿਹਾ,

*ਜਿਸ ਧਰਤੀ 'ਤੇ ਰੱਜਵਾਂ ਟੁੱਕੜ, ਖਾਂਦੇ ਨਹੀਂ ਮਜ਼ਦੂਰ*
*ਉਸਦੇ ਹਾਕਮ ਕੁੱਤੇ, ਉਸਦੇ ਹਾਕਮ ਸੂਰ*

ਇਉਂ ਹੀ ਕਸੂਰ (ਲਹਿੰਦਾ ਪੰਜਾਬ) ਤੋਂ ਮੇਲਾ ਦਰਸ਼ਕਾਂ ਨਾਲ ਗੱਲਾਂ ਕਰਦਿਆਂ ਰੰਗਕਰਮੀ ਨਜ਼ੀਰ ਜੋਈਆ ਨੇ ਕਿਹਾ ਕਿ ਸਾਂਝੇ ਪੰਜਾਬ ਦੀ ਪੀੜ ਵੀ ਸਾਂਝੀ ਹੈ ਅਤੇ ਰੰਗ ਮੰਚ ਵੀ ਸਾਂਝਾ ਹੈ। ਉਹਨਾਂ ਕਿਹਾ ਕਿ ਅਸੀਂ ਅੱਜ ਮੇਲੇ 'ਤੇ ਪੇਸ਼ ਹੋਏ ਵੰਡ ਅਤੇ ਫ਼ਲਸਤੀਨ ਦੇ ਜ਼ਖ਼ਮਾਂ ਨੂੰ ਲਾਈਵ ਵੇਖਿਆ ਅਤੇ ਇਸ ਮੌਕੇ ਰੋਏ ਤੁਸੀਂ ਵੀ ਹੋ ਅਤੇ ਰੋਏ ਅਸੀਂ ਵੀ ਹਾਂ। ਨਾਟਕਾਂ ਅਤੇ ਗੀਤਾਂ ਭਰੀ ਰਾਤ ਦੇ ਮੰਚ ਸੰਚਾਲਕ ਅਮੋਲਕ ਸਿੰਘ ਨੇ ਕਿਹਾ ਕਿ ਅਗਲੇ ਵਰ੍ਹੇ 2025 ਦਾ ਮੇਲਾ ਕਿਸੇ ਨਾ ਕਿਸੇ ਰੂਪ ਵਿੱਚ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੇ 100ਵੇਂ ਵਰ੍ਹੇ ਨੂੰ ਸਲਾਮ ਕਰਦਿਆਂ ਵਿਸ਼ੇਸ਼ ਕਰਕੇ ਔਰਤਾਂ ਦੀ ਸਮਾਜ, ਇਤਿਹਾਸ, ਸੰਘਰਸ਼ ਅਤੇ ਨਵੇਂ ਸਮਾਜ ਦੀ ਸਿਰਜਣਾ ਵਿੱਚ ਭੂਮਿਕਾ ਨੂੰ ਕਲਾਵੇ ਵਿੱਚ ਲੈਣ ਦਾ ਯਤਨ ਹੋਏਗਾ। ਕਮੇਟੀ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਹਰ ਪੱਖੋਂ ਸਫ਼ਲ ਨਾਟਕਾਂ ਅਤੇ ਗੀਤਾਂ ਭਰੀ ਰਾਤ ਅਤੇ ਸਮੁੱਚੇ ਮੇਲੇ ਲਈ ਪੰਜਾਬ ਅਤੇ ਦੇਸ਼-ਪ੍ਰਦੇਸ਼ ਵਸਦੇ ਪੰਜਾਬੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਮੇਲੇ ਦਾ ਸੁਨੇਹਾ ਘਰ-ਘਰ ਲਿਜਾਣ ਦੀ ਅਪੀਲ ਕੀਤੀ ਹੈ।

## ਅੱਜ-ਨਾਮਾ

ਠਿੱਬੀ ਚੋਣਾਂ ਵਿੱਚ ਲਾਉਣ ਦਾ ਕੰਮ ਹੁੰਦੈ,
ਜੋ ਕੋਈ ਮਾਰ ਸਕਦੈ, ਉਹੀ ਮਾਰ ਜਾਂਦੈ।
ਚੱਕਰ ਲੋਕਾਂ ਨੂੰ ਮੂਰਖ ਬਣਾਉਣ ਦਾ ਈ,
ਜੋ ਕੋਈ ਚਾਰ ਸਕਦੈ, ਉਹੀ ਚਾਰ ਜਾਂਦੈ।
ਦੇ ਗਿਆ ਕੋਈ ਗਾਰੰਟੀ ਤੇ ਹੋਏ ਚਰਚਾ,
ਮਾਰਦਾ ਗੱਪ ਕੋਈ ਵੰਡ ਰੁਜ਼ਗਾਰ ਜਾਂਦੈ।
ਬਾਜ਼ੀ ਕੋਈ ਤਾਂ ਗੱਪਾਂ ਨਾਲ ਜਿੱਤ ਜਾਂਦਾ,
ਕਰ ਕੇ ਕੰਮ ਫਿਰ ਵੀ ਕੋਈ ਹਾਰ ਜਾਂਦੈ।
ਚੋਣ ਚੱਕਰ ਵਿੱਚ ਰੂਲ-ਅਸੂਲ ਕੋਈ ਨਾ,
ਸੁਫਨਾ ਦਿਨੇ ਹਰ ਲੀਡਰ ਵਿਖਾਈ ਜਾਂਦੈ।
ਪੁੱਛਦਾ ਅਮਲ ਨਾ ਕੋਈ ਵੀ ਚੋਣ ਮਗਰੋਂ,
ਮੁਲਕ ਤਾਂ ਫੇਰ ਵੀ ਚੱਲੀ-ਚਲਾਈ ਜਾਂਦੈ।

-ਤੀਸ ਮਾਰ ਖਾਂ

# ਗ਼ਦਰ ਪਾਰਟੀ ਵੱਲੋਂ ਮਘਾਈ ਇਨਕਲਾਬੀ ਚਿਣਗ ਦਾ ਜਲੌਅ ਦਿਨੋ-ਦਿਨ ਲਿਸ਼ਕ ਰਿਹੈ : ਅਰਸ਼ੀ




**ਸ਼ਾਹਕੋਟ (ਗਿਆਨ ਸੈਦਪੁਰੀ)**- ਦੇਸ਼ ਭਗਤ ਯਾਦਗਾਰ ਹਾਲ ਵਿਖੇ ਗ਼ਦਰੀ ਬਾਬਿਆਂ ਦੇ ਤੇਤੀਵੇਂ ਮੇਲੇ ਵਿੱਚ ਝੰਡਾ ਲਹਿਰਾਉਣ ਦੀ ਮਾਣਮੱਤੀ ਰਸਮ ਨਿਭਾਉਣ ਦਾ ਕਾਰਜ ਇਸ ਵਾਰ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਦੇ ਹਿੱਸੇ ਆਇਆ।ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਉਪਰੰਤ ਕਾਮਰੇਡ ਅਰਸ਼ੀ ਨੇ ਹਜ਼ਾਰਾਂ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰ ਪਾਰਟੀ ਵੱਲੋਂ ਲੋਕ ਮਨਾਂ ਅੰਦਰ ਮਘਾਈ ਗਈ ਇਨਕਲਾਬੀ ਚਿਣਗ ਕਦੇ ਵੀ ਬੁਝੇਗੀ ਨਹੀਂ, ਸਗੋਂ ਇਸ ਦੀ ਰੌਸ਼ਨੀ ਦਾ ਜਲੌਅ ਹੋਰ ਲਿਸ਼ਕਾਵਾਂ ਤੇ ਫੈਲਾਅ ਵਾਲਾ ਹੋ ਰਿਹਾ ਹੈ। ਗ਼ਦਰ ਦੀ ਰੋਸ਼ਨ ਮਸ਼ਾਲ ਕਾਰਪੋਰੇਟਾਂ ਵਿਰੁੱਧ ਦ੍ਰਿੜ੍ਹਤਾ ਨਾਲ ਲੜਨ ਵਾਲੇ ਲੋਕਾਂ ਦੀ ਅਗਵਾਈ ਕਰਦੀ ਹੈ। ਕਾਮਰੇਡ ਅਰਸ਼ੀ ਨੇ ਗ਼ਦਰ ਪਾਰਟੀ ਦੇ 111 ਸਾਲ ਪੁਰਾਣੇ ਇਤਿਹਾਸ 'ਤੇ ਪੰਛੀ-ਝਾਤ ਪਵਾਉਂਦਿਆਂ ਕਿਹਾ ਕਿ ਲੁਟੇਰੇ ਨਿਜ਼ਾਮ ਵੱਲੋਂ ਇਸ ਨੂੰ ਖਤਮ ਕਰਨ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਬਾਬਾ ਸੋਹਣ ਸਿੰਘ ਭਕਨਾ ਵਰਗੇ ਮਹਾਨ ਸਪੂਤਾਂ ਨੇ ਇਸ ਨੂੰ ਲਿਖਿਆ ਤੇ ਸਾਂਭਿਆ ਵੀ। ਉਨ੍ਹਾਂ ਕਿਹਾ ਕਿ ਜ਼ੋਰਾਵਰਾਂ ਵੱਲੋਂ ਆਪਣੇ ਅਸੀਮ ਸਾਧਨਾਂ ਨਾਲ ਆਪਣੇ ਇਤਿਹਾਸ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਰਹੀ ਹੈ। ਉਨ੍ਹਾਂ ਵੱਲੋਂ ਦੂਸਰਿਆਂ ਨੂੰ ਪਿੱਛੇ ਧੱਕਣ ਦੀ ਕੋਸ਼ਿਸ਼ ਰਹਿੰਦੀ ਹੈ। ਇਹੀ ਕੁਝ ਗ਼ਦਰੀ ਬਾਬਿਆਂ ਦੇ ਇਤਿਹਾਸ ਦੇ ਸੰਬੰਧ ਵਿੱਚ ਵੀ ਹੋਇਆ। ਇਸ ਇਤਿਹਾਸ ਨੂੰ ਪਾਠ ਪੁਸਤਕਾਂ ਦਾ ਹਿੱਸਾ ਨਹੀਂ ਬਣਨ ਦਿੱਤਾ ਗਿਆ। ਅੱਜ ਦੇ ਦਿਨ ਉਨ੍ਹਾਂ ਮਹਾਨ ਕਰਮ ਯੋਗੀਆਂ ਨੂੰ ਸਿਜਦਾ ਕਰਨਾ ਬਣਦਾ ਹੈ, ਜਿਨ੍ਹਾਂ ਨੇ ਇਤਿਹਾਸ ਸਿਰਜਿਆ, ਲਿਖਿਆ ਤੇ ਇਸ ਦੀ ਸੰਭਾਲ ਕੀਤੀ।ਕਾਮਰੇਡ ਅਰਸ਼ੀ ਨੇ ਆਜ਼ਾਦੀ ਲਈ ਚੱਲੀਆਂ ਵੱਖ ਵੱਖ ਲੋਕ ਲਹਿਰਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਿੰਸਕ ਤੇ ਅਹਿੰਸਕ ਦੋਵਾਂ ਦਾ ਆਪੋ ਆਪਣਾ ਮਹੱਤਵ ਹੁੰਦਾ ਹੈ। ਇਹ ਇੱਕ ਦੂਸਰੇ ਦੀਆਂ ਪੂਰਕ ਵੀ ਹੁੰਦੀਆਂ ਹਨ। ਦੋਵਾਂ ਵਿੱਚੋਂ ਇੱਕ ਨੂੰ ਵਧਾ ਕੇ ਪੇਸ਼ ਕਰਨਾ ਦੂਜੀ ਨਾਲ ਬੇਇਨਸਾਫ਼ੀ ਹੋਵੇਗੀ। ਉਨ੍ਹਾ ਸਿੱਖ ਇਤਿਹਾਸ ਵਿੱਚੋਂ ਮਿਸਾਲਾਂ ਦਿੰਦਿਆਂ ਕਿਹਾ ਕਿ ਗੁਰੂ ਤੇਗ਼ ਬਹਾਦਰ ਦੇ ਸੀਸ ਕਟਾਉਣ ਦੀ ਸ਼ਾਂਤਮਈ ਘਟਨਾ ਸਾਡੇ ਸਾਹਮਣੇ ਹੈ। ਇਸ ਤੋਂ ਇਲਾਵਾ ਗੁਰੂ ਕੇ ਬਾਗ ਦੇ ਮੋਰਚੇ ਵਿੱਚ ਸਬਰ ਸੰਤੋਖ ਤੇ ਅਹਿੰਸਾ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ। ਇਸ ਮੋਰਚੇ ਵਿੱਚ ਸ਼ਾਂਤ ਰਹਿੰਦਿਆਂ ਸੈਂਕੜੇ ਸਿੱਖਾਂ ਨੇ ਸ਼ਹਾਦਤਾਂ ਦਾ ਜਾਮ ਪੀਤਾ। ਦੂਸਰੇ ਪਾਸੇ ਚਮਕੌਰ ਦੀ ਗੜ੍ਹੀ ਦਾ ਇਤਿਹਾਸ ਵੀ ਸਾਡੇ ਚੇਤਿਆਂ 'ਚ ਸ਼ਾਮਲ ਹੈ। ਉਨ੍ਹਾ 'ਜਦ ਧਿਰ ਉਪਾਵਾਂ ਦੀ ਹਾਰਦੀ ਤਾਂ ਜਾਇਜ਼ ਵਰਤੋਂ ਤਲਵਾਰ ਦੀ' ਦੀ ਉਦਾਹਰਨ ਦਿੰਦਿਆਂ ਮਹਾਤਮਾ ਗਾਂਧੀ ਵੱਲੋਂ 1930 ਵਿੱਚ ਚਲਾਏ ਗਏ ਨਮਕ ਅੰਦੋਲਨ ਦਾ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਜਦੋਂ ਮਹਾਤਮਾ ਗਾਂਧੀ ਵੱਲੋਂ ਚਲਾਏ ਜਾ ਰਹੇ ਆਤਮਰਸ ਅੰਦੋਲਨ ਦਾ ਮੌਕੇ ਦੀ ਅੰਗਰੇਜ਼ ਸਰਕਾਰ ਜਾਂ ਵਾਇਸਰਾਏ ਨੇ ਕੋਈ ਨੋਟਿਸ ਨਾ ਲਿਆ ਤਾਂ ਇਸ ਅੰਦੋਲਨ ਦੀ ਸਫਲਤਾ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਸੀ। ਉਸ ਵੇਲੇ ਮੋਤੀ ਲਾਲ ਨਹਿਰੂ ਜੇਲ੍ਹ ਵਿੱਚ ਬੰਦ ਸਨ। ਉਨ੍ਹਾ ਨੇ ਆਨੇ ਬਹਾਨੇ ਆਪਣੀ ਰਿਹਾਈ ਕਰਵਾਈ। ਜੇਲ੍ਹ ਤੋਂ ਬਹਾਰ ਆ ਕੇ ਉਨ੍ਹਾਂ ਨੇ ਚੰਦਰ ਸ਼ੇਖਰ ਆਜ਼ਾਦ ਨਾਲ ਮੁਲਾਕਾਤ ਕੀਤੀ ਅਤੇ ਨਮਕ ਲਹਿਰ ਨੂੰ ਗਰਮ ਹਵਾ ਦਿੱਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਅੰਗਰੇਜ਼ ਸਰਕਾਰ ਨੂੰ ਝੁਕ ਕੇ ਗੱਲਬਾਤ ਦਾ ਸੱਦਾ ਦੇਣਾ ਪਿਆ ਸੀ।ਕਾਮਰੇਡ ਅਰਸ਼ੀ ਨੇ ਲਹਿਰਾਂ ਦੇ ਇਤਿਹਾਸ ਨਾਲ ਸਾਂਝ ਪਾਉਂਦਿਆਂ ਕੂਕਾ ਅਤੇ ਨਾਮਧਾਰੀ ਅੰਦੋਲਨਾਂ ਦਾ ਵੀ ਜ਼ਿਕਰ ਕੀਤਾ।ਉਨ੍ਹਾ ਗ਼ਦਰ ਲਹਿਰ ਵੇਲੇ ਕਾਮਾਗਾਟਾ ਮਾਰੂ ਦੀ ਘਟਨਾ ਨੂੰ ਚੇਤੇ ਕਰਦਿਆਂ ਹਾਕਮਾਂ ਵੱਲੋਂ ਕੀਤੀਆਂ ਜਾਂਦੀਆਂ ਰਹੀਆਂ ਜ਼ਿਆਦਤੀਆਂ ਨੂੰ ਹੋਰ ਵਿਸਥਾਰ ਦਿੰਦਿਆਂ ਕਿਹਾ ਕਿ ਗ਼ਦਰੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਵੱਖ ਵੱਖ ਪੱਧਰਾਂ 'ਤੇ ਸੰਘਰਸ਼ ਕਰਨ ਦੀ ਲੋੜ ਹੈ। ਝੰਡਾ ਲਹਿਰਾਏ ਜਾਣ ਸਮੇਂ ਇਸ ਦੇ ਸਨਮਾਨ ਵਿੱਚ ਫੁੱਲਾਂ ਦੀ ਵਰਖਾ ਕੀਤੀ ਗਈ।ਇਸ ਮੌਕੇ ਦੇਸ਼ ਭਗਤ ਯਾਦਗਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਿਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਹਰਵਿੰਦਰ ਭੰਡਾਲ, ਹਰਮੇਸ਼ ਮਾਲੜੀ, ਡਾ. ਸੈਲੇਸ਼ ਅਤੇ ਬਾਕੀ ਮੈਂਬਰ ਵੀ ਮੌਜੂਦ ਸਨ।

CMYK

11-NOV-PAGE-1.qxd 11/10/2024 8:14 PM Page 2



## ਮਾਊਂਟ ਲਿਟਰਾ ਜ਼ੀ ਸਕੂਲ ਵਿਖੇ ਹਿੰਦੀ ਕਵਿਤਾ ਉਚਾਰਨ ਮੁਕਾਬਲੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸ ਈ ਦਿੱਲੀ ਬੋਰਡ ਨਾਲ ਐਫੀਲੀਏਟਿਡ ਮਾਊਂਟ ਲਿਟਰਾ ਜ਼ੀ ਸਕੂਲ, ਰਾਮਪੁਰਾ ਵਿਖੇ ਬੱਚਿਆਂ ਵਿੱਚ ਨਵਾਂ ਉਤਸ਼ਾਹ ਤੇ ਨਵੀਂ ਚੇਤਨਾ ਲਿਆਉਣ ਲਈ ਹਰ ਰੋਜ਼ ਕੋਈ ਨਾ ਕੋਈ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਬੱਚਿਆਂ ਵਿੱਚ ਛੁਪੀ ਹੋਈ ਕਾਬਲੀਅਤ ਨੂੰ ਸਾਹਮਣੇ ਲਿਆਂਦਾ ਜਾ ਸਕੇ ਅਤੇ ਉਹ ਜੀਵਨ ਦੇ ਮਾਰਗ 'ਤੇ ਅੱਗੇ ਵਧ ਸਕਣ।ਇਸ ਸਬੰਧੀ ਸਕੂਲ ਵਿੱਚ ਹਿੰਦੀ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਵਿਸ਼ਾ ਸੀ 'ਔਰਤਾਂ ਦਾ ਸਨਮਾਨ, ਤਰੱਕੀ ਦੀ ਪਛਾਣ'।ਇਹ ਮੁਕਾਬਲਾ ਦੋ ਭਾਗਾਂ ਵਿੱਚ ਕਰਵਾਇਆ ਗਿਆ, ਜਿਸ ਦੇ ਪਹਿਲੇ ਭਾਗ ਵਿੱਚ ਪਹਿਲੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਸਾਰੇ ਵਿਦਿਆਰਥੀਆਂ ਨੇ ਪੂਰੀ ਲੈਅ ਤੇ ਤਾਲ ਵਿੱਚ ਆਪੋ-ਆਪਣੇ ਪ੍ਰੌਪਸ ਨਾਲ ਕਵਿਤਾ ਪੇਸ਼ ਕੀਤੀ, ਜੋ ਕਿ ਬਹੁਤ ਹੀ ਸ਼ਲਾਘਾਯੋਗ ਸੀ।ਦੂਜੇ ਪਾਸੇ ਸੱਤਵੀਂ ਤੋਂ ਨੌਂਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਅੰਤਰ ਕਲਾਸ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸੱਤਵੀਂ ਜਮਾਤ ਵਿੱਚ ਅਦਿਤੀ ਪਹਿਲੇ, ਅਵਰੀਤ ਕੌਰ ਦੂਜੇ ਤੇ ਨਵਰੀਤ ਕੌਰ ਤੀਜੇ ਸਥਾਨ 'ਤੇ ਰਹੀ। ਅੱਠਵੀਂ ਜਮਾਤ ਵਿੱਚ ਰਵਨੀਤ ਕੌਰ ਪਹਿਲੇ, ਨਵਿਆ ਦੂਸਰੇ ਤੇ ਖੁਸ਼ਪ੍ਰੀਤ ਕੌਰ ਤੀਸਰੇ ਸਥਾਨ 'ਤੇ ਰਹੀ।ਨੌਂਵੀਂ ਜਮਾਤ ਵਿੱਚ ਪ੍ਰਿਯਾਂਸ਼ੀ ਪਹਿਲੇ, ਸੀਆ ਦੂਜੇ ਤੇ ਲੌਰੀਨ ਕੌਰ ਸਿੱਧੂ ਤੀਜੇ ਸਥਾਨ 'ਤੇ ਰਹੀ।ਇਸ ਮੌਕੇ ਸਕੂਲ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਕਾਬਲੀਅਤ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਭਵਿੱਖ ਵਿੱਚ ਵੀ ਕਰਵਾਈਆਂ ਜਾਂਦੀਆਂ ਰਹਿਣਗੀਆਂ ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ ਅਤੇ ਉਹ ਆਪਣੇ ਮਾਪਿਆਂ ਤੇ ਸਕੂਲ ਦਾ ਨਾਂਅ ਰੌਸ਼ਨ ਕਰ ਸਕਣ।

## ਪ੍ਰਦੂਸ਼ਣ ਲਈ ਦੀਵਾਲੀ ਦਾ ਤਿਉਹਾਰ ਜ਼ੁੰਮੇਵਾਰ : ਰਿਟਾਇਰਡ ਕਾਨੂੰਨਗੋ ਪਟਵਾਰੀ ਐਸੋਸੀਏਸ਼ਨ



**ਮੋਗਾ (ਇਕਬਾਲ ਸਿੰਘ ਖਹਿਰਾ)**

ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਮੋਗਾ ਦੀ ਮਹੀਨਾਵਾਰ ਮੀਟਿੰਗ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਨੇਚਰ ਪਾਰਕ ਮੋਗਾ ਵਿਖੇ ਹੋਈ। ਮੀਟਿੰਗ ਦੌਰਾਨ ਸਾਥੀਆਂ ਦੇ ਮਸਲਿਆਂ 'ਤੇ ਚਰਚਾ ਕੀਤੀ ਗਈ ਕਿ ਮੈਡੀਕਲ ਬਿੱਲਾਂ ਦਾ ਨਿਪਟਾਰਾ ਸਮੇਂ ਅਨੁਸਾਰ ਨਹੀਂ ਕੀਤਾ ਜਾਂਦਾ। ਸਬੰਧਤ ਦਫ਼ਤਰਾਂ ਦੀ ਵਜ੍ਹਾ ਨਾਲ ਪੀੜਤ ਵਿਅਕਤੀਆਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਤੋਂ ਮੰਗ ਕੀਤੀ ਗਈ ਪੈਨਸ਼ਨਰਜ਼ ਸਾਥੀਆਂ ਨੂੰ ਆਪਣੇ ਮਸਲਿਆਂ ਸਬੰਧੀ ਧਰਨਿਆਂ ਮੁਜ਼ਾਹਰਿਆਂ ਵਿੱਚ ਉਲਝਾਉਣ ਦੀ ਬਜਾਏ ਉਨ੍ਹਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣ। ਪੰਜਾਬ ਦਾ ਸਮੁੱਚਾ ਮੁਲਾਜ਼ਮ ਵਰਗ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਪ੍ਰਵਾਨ ਕਰਵਾ ਕੇ ਲਾਗੂ ਕਰਵਾਉਣ ਲਈ ਸੜਕਾਂ 'ਤੇ ਉੱਤਰਿਆ ਹੋਇਆ ਹੈ, ਜਿਸ ਨਾਲ ਸਰਕਾਰ ਦੀ ਕਿਰਕਿਰੀ ਹੋ ਰਹੀ ਹੈ। ਪੰਜਾਬ ਦੇ ਕਿਸਾਨ ਝੋਨੇ ਨੂੰ ਵੇਚਣ ਲਈ ਮੰਡੀਆਂ ਵਿੱਚ ਰੁਲ ਰਹੇ ਹਨ ਤੇ ਝੋਨੇ ਦੀ ਪਰਾਲੀ ਨੂੰ ਲੈ ਕੇ ਕਿਸਾਨ ਦਾ ਬਹੁਤ ਮਾੜਾ ਹਾਲ ਹੈ, ਜਿਸ ਦਾ ਸਰਕਾਰ ਵੱਲੋਂ ਕੋਈ ਹੱਲ ਨਹੀਂ ਕੀਤਾ ਜਾ ਰਿਹਾ ਤੇ ਕਿਸਾਨਾਂ 'ਤੇ ਪਰਾਲੀ ਸਾੜਨ ਦੇ ਪਰਚੇ ਦਰਜ ਕੀਤੇ ਜਾ ਰਹੇ ਹਨ। ਦੂਸਰੇ ਪਾਸੇ ਦਿਵਾਲੀ ਦੀ ਆੜ ਵਿੱਚ ਕਰੋੜਾਂ ਰੁਪਇਆਂ ਦਾ ਬਰੂਦ ਫੂਕ ਕੇ ਪਰਾਲੀ ਦੇ ਸਾੜਨ ਨਾਲੋਂ ਹਜ਼ਾਰਾਂ ਗੁਣਾਂ ਵੱਧ ਪ੍ਰਦੂਸ਼ਣ ਕੀਤਾ ਗਿਆ ਹੈ, ਜਿਸ 'ਤੇ ਕੋਈ ਰੋਕ ਨਹੀਂ ਲਗਾਈ ਗਈ। ਪਰਾਲੀ ਸਾੜਨ ਤੋਂ ਰੋਕਣ ਨਾਲ ਕਣਕ ਦੀ ਬਿਜਾਈ ਲੇਟ ਹੋ ਰਹੀ। ਸਰਕਾਰ ਦੇ ਮੰਤਰੀ, ਸੰਤਰੀ ਜ਼ਿਮਨੀ ਚੋਣਾਂ ਨੂੰ ਲੁੱਟਣ ਵਿੱਚ ਰੁਝੇ ਹੋਏ ਹਨ, ਹਰ ਪਾਸੇ ਹਫੜਾ ਦਫੜੀ ਦਾ ਮਾਹੌਲ ਬਣਿਆ ਹੋਇਆ ਹੈ। ਇਸ ਮੀਟਿੰਗ ਵਿੱਚ ਗੁਰਮੇਲ ਸਿੰਘ ਗੌਂਦਾਰਾ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਨਾਇਬ ਸਿੰਘ ਸਹਾਇਕ ਸਕੱਤਰ, ਜਗਰਾਜ ਸਿੰਘ ਸਹਾਇਕ ਖਜ਼ਾਨਚੀ, ਮੱਘਰ ਸਿੰਘ ਚਹਿਲ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਪੁਰਬਾ ਸੀਨੀਅਰ ਮੀਤ ਪ੍ਰਧਾਨ, ਬਲਦੇਵ ਸਿੰਘ ਮੀਤ ਪ੍ਰਧਾਨ, ਹਰੀਕ੍ਰਿਸ਼ਨ ਸਿੰਘ ਮੀਤ ਪ੍ਰਧਾਨ, ਠਾਣਾ ਸਿੰਘ ਮੀਤ ਪ੍ਰਧਾਨ, ਕੇਵਲ ਸਿੰਘ ਮੀਤ ਪ੍ਰਧਾਨ, ਸੁਖਦੇਵ ਸਿੰਘ ਖੋਸਾ ਦਫ਼ਤਰ ਸਕੱਤਰ, ਨਾਇਬ ਸਿੰਘ ਸੰਗਠਨ ਸਕੱਤਰ, ਮੱਖਣਜੀਤ ਕਾਨੂੰਨੀ ਸਕੱਤਰ, ਸੀਤਲ ਕੁਮਾਰ ਕਾਨੂੰਨੀ ਸਕੱਤਰ, ਸੁਖਮੰਦਰ ਸਿੰਘ ਬਰਾੜ, ਚੰਦ ਸਿੰਘ, ਗੁਰਦੇਰ ਸਿੰਘ, ਮੋਹਣ ਸਿੰਘ, ਗੁਰਮੇਲ ਸਿੰਘ ਰਖਾਲਾ, ਗੁਰਮੀਤ ਸਿੰਘ ਸੰਘਾ, ਸੰਤੋਖ ਸਿੰਘ, ਜਸਵੰਤ ਸਿੰਘ ਸੂਬੇਦਾਰ, ਬਲਦੇਵ ਕੁਮਾਰ, ਜਸਵੰਤ ਸਿੰਘ ਭਾਊ, ਲਾਲ ਚੰਦ, ਸੁਖਦੇਵ ਸਿੰਘ ਸਮਾਲਸਰ, ਕੁਲਵੰਤ ਸਿੰਘ ਕੁੱਸਾ, ਰਸ਼ਪਾਲ ਸਿੰਘ ਕਪੂਰੇ, ਕਮਲੇਸ਼ ਕੁਮਾਰ, ਬਲਦੇਵ ਸਿੰਘ ਸੰਧੂ, ਸਵਰਨ ਸਿੰਘ ਬਰਾੜ, ਬਲਵਿੰਦਰ ਸਿੰਘ ਖੋਸਾ, ਕੁਲਵੰਤ ਸਿੰਘ ਚੜਿੱਕ ਸਾਰੇ ਪਟਵਾਰੀ, ਰਾਮ ਰੱਖਾ ਸਿੰਘ, ਹਰਿੰਦਰਪਾਲ ਸਿੰਘ, ਰਤਨ ਸਿੰਘ ਗਿੱਲ, ਗੁਰਦੇਵ ਸਿੰਘ, ਸਰਜੀਤ ਸਿੰਘ, ਗੁਰਮੀਤ ਸਿੰਘ ਘੋਲੀਆ ਸਾਰੇ ਕਾਨੂੰਨਗੋ ਸ਼ਾਮਲ ਹੋਏ।

## ਠੇਕਾ ਮੁਲਾਜ਼ਮਾਂ ਨੂੰ ਨੌਕਰੀ ਤੋਂ ਫ਼ਾਰਗ ਕਰਨ ਦੀ ਸੰਘਰਸ਼ ਮੋਰਚਾ ਵੱਲੋਂ ਨਿੰਦਾ

**ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਬਜਾਏ ਰੁਜ਼ਗਾਰ ਖੋਹਣ ਦੇ ਰਾਹ ਪਈ ਸਰਕਾਰ : ਮੋਰਚਾ ਆਗੂ**



**ਮੋਗਾ (ਇਕਬਾਲ ਸਿੰਘ ਖਹਿਰਾ)**-ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ (ਪੰਜਾਬ) ਦੇ ਸੂਬਾਈ ਆਗੂਆਂ ਵਰਿੰਦਰ ਸਿੰਘ ਮੋਮੀ, ਜਗਰੂਪ ਸਿੰਘ ਲਹਿਰਾ, ਗੁਰਵਿੰਦਰ ਸਿੰਘ ਪੰਨੂੰ, ਪਵਨਦੀਪ ਸਿੰਘ, ਬਲਿਹਾਰ ਸਿੰਘ ਕਟਾਰੀਆ, ਸਿਮਰਨਜੀਤ ਸਿੰਘ ਨੀਲੋਂ, ਸ਼ੇਰ ਸਿੰਘ ਖੰਨਾ, ਜਸਪ੍ਰੀਤ ਸਿੰਘ ਗਗਨ, ਸੁਰਿੰਦਰ ਕੁਮਾਰ, ਜਗਸੀਰ ਸਿੰਘ ਭੰਗੂ ਨੇ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਨਿਰਮਾਣ ਵਿਭਾਗ ਬਿਜਲੀ ਵਿੰਗ ਵਿੱਚ ਪਿਛਲੇ 17-18 ਸਾਲਾਂ ਦੇ ਲੰਬੇ ਅਰਸੇ ਤੋਂ ਲਗਾਤਾਰ ਨਿਗੂਣੀਆਂ ਤਨਖਾਹਾਂ 'ਤੇ ਤਨਦੇਹੀ ਨਾਲ ਸੇਵਾਵਾਂ ਦੇ ਰਹੇ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਆਊਟਸੋਰਸਡ ਠੇਕਾ ਮੁਲਾਜ਼ਮਾਂ ਨੂੰ ਵਿਭਾਗ ਵਿੱਚ ਪੱਕਾ ਕਰਨ ਦੀ ਬਜਾਏ ਵਿਭਾਗ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਜਬਰ ਦੇ ਜ਼ੋਰ ਨਾਲ ਨੌਕਰੀ ਤੋਂ ਫ਼ਾਰਗ ਕਰਨ ਦੀ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹੈ ਅਤੇ ਪੀ. ਡਬਲਯੂ. ਡੀ. ਇਲੈਕਟਰੀਕਲ ਆਊਟਸੋਰਸ ਮੁਲਾਜ਼ਮ ਯੂਨੀਅਨ (ਪੰਜਾਬ) ਵੱਲੋਂ ਠੇਕਾ ਮੁਲਾਜ਼ਮਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਵਿੱਢੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕਰਦਾ ਹੈ ਅਤੇ 'ਮੋਰਚਾ' ਮੰਗ ਕਰਦਾ ਹੈ ਕਿ ਵਿਭਾਗ ਦੀ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਉਕਤ ਠੇਕਾ ਮੁਲਾਜ਼ਮਾਂ ਨੂੰ ਫ਼ਾਰਗ ਕਰਨ ਦੇ ਲੋਕ-ਦੋਖੀ ਫੈਸਲੇ ਨੂੰ ਤੁਰੰਤ ਪ੍ਰਭਾਵ ਨਾਲ ਵਾਪਸ ਲਵੇ ਅਤੇ ਉਕਤ ਠੇਕਾ ਮੁਲਾਜ਼ਮਾਂ ਦੀਆਂ ਸਮੂਹ ਮੰਗਾਂ ਨੂੰ ਜਲਦ ਪ੍ਰਵਾਨ ਕਰੇ। ਮੋਰਚੇ ਦੇ ਸੂਬਾਈ ਆਗੂਆਂ ਨੇ ਪੀ. ਡਬਲਯੂ. ਡੀ. ਇਲੈਕਟਰੀਕਲ ਆਊਟਸੋਰਸ ਮੁਲਾਜ਼ਮ ਯੂਨੀ: (ਪੰਜਾਬ) ਵੱਲੋਂ ਠੇਕਾ ਮੁਲਾਜ਼ਮਾਂ ਦੀ ਬਹਾਲੀ ਲਈ 18 ਨਵੰਬਰ 2024 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕੀਤੇ ਜਾ ਰਹੇ ਸੰਘਰਸ਼ ਦੀ ਜ਼ੋਰਦਾਰ ਹਮਾਇਤ ਕਰਦਿਆਂ ਕਿਹਾ ਕਿ ਇਸ ਸੰਘਰਸ਼ ਵਿੱਚ ਸਮੂਹ ਵਿਭਾਗਾਂ ਦੇ ਠੇਕਾ ਮੁਲਾਜ਼ਮਾਂ ਦੀ ਭਰਵੀਂ ਸ਼ਮੂਲੀਅਤ ਕਰਵਾਈ ਜਾਵੇਗੀ।

## ਛੱਠ ਦਾ ਤਿਉਹਾਰ ਮਨਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਹਰ ਸਾਲ ਦੀ ਤਰ੍ਹਾਂ ਦਿਵਾਲੀ ਤੋਂ ਬਾਅਦ ਛੱਠ ਪੂਜਾ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਇਸਤਰੀਆਂ ਵੱਲੋਂ ਛੱਠ ਦੇਵੀ ਦੀ ਪੂਜਾ ਕੀਤੀ ਗਈ।ਇਸ ਮੌਕੇ ਮੁਕੇਸ਼ ਕੁਮਾਰ ਪਿੰਡ ਸਾਹਿਜੋ ਮਾਜਰਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਛੱਠ ਮਈਆ ਦੀ ਪੂਜਾ ਕਰਕੇ ਅਸੀ ਆਪਣੇ ਬੱਚਿਆ ਤੇ ਪਰਿਵਾਰ ਦੀ ਸੁੱਖ ਸ਼ਾਂਤੀ ਮੰਗਦੇ ਹਾਂ।ਮੁਕੇਸ਼ ਕੁਮਾਰ ਨੇ ਕਿਹਾ ਕਿ ਗੜ੍ਹੀ ਪੁਲ, ਪਵਾਤ ਪੁਲ ਤੇ ਸਤਲੁਜ ਦੇ ਦਰਿਆ 'ਤੇ ਸਜਾਵਟ ਵਧੀਆ ਤਰੀਕੇ ਨਾਲ ਕੀਤੀ ਹੋਈ ਸੀ।ਇਸ ਮੌਕੇ ਪੱਪੂ ਚੌਧਰੀ, ਮੁਕੇਸ਼ ਚੌਧਰੀ, ਸੂਰਜ ਕੁਮਾਰ, ਸ਼ਿਵ ਕੁਮਾਰ, ਚੰਦਨ ਕੁਮਾਰ, ਵਿਸ਼ਾਲ ਕੁਮਾਰ, ਬੱਬੀ ਕੁਮਾਰ ਤੇ ਦੀਪਕ ਕੁਮਾਰ ਆਦਿ ਸ਼ਾਮਲ ਸਨ।

## ਸੀ ਜੀ ਐੱਮ ਕਾਲਜ ਦੇ ਵਿਦਿਆਰਥੀਆਂ ਵਿਰਾਸਤੀ ਮੇਲੇ 'ਚ ਮਾਰੀਆਂ ਮੱਲਾਂ



**ਮਲੋਟ (ਗੁਰਮੀਤ ਸਿੰਘ ਮੱਕੜ)**

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਆਯੋਜਤ ਖੇਤਰੀ ਯੁਵਕ ਤੇ ਵਿਰਾਸਤੀ ਮੇਲੇ (ਮੁਕਤਸਰ ਜ਼ੋਨ) ਵਿੱਚ ਸੀ.ਜੀ.ਐੱਮ. ਕਾਲਜ ਮੋਹਲਾਂ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਸੀ ਜੀ ਐੱਮ ਕਾਲਜ ਮੋਹਲਾਂ ਦੇ ਚੇਅਰਮੈਨ ਸੱਤਪਾਲ ਮੋਹਲਾਂ ਨੇ ਸਮੂਹ ਸਟਾਫ, ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਉਨ੍ਹਾਂ ਦੀ ਮਿਹਨਤ ਦਾ ਨਤੀਜਾ ਹੈ। ਕਾਲਜ ਮੈਨੇਜਮੈਂਟ ਕਮੇਟੀ ਮੈਂਬਰ ਨਵਜੀਤ ਮੋਹਲਾਂ, ਰਾਜ ਕੁਮਾਰ ਤੇ ਜਗਤਾਰ ਬਰਾੜ ਨੇ ਵਿਦਿਆਰਥੀਆਂ ਦੀਆਂ ਪੁਜ਼ੀਸ਼ਨਾਂ ਆਉਣ 'ਤੇ ਉਨ੍ਹਾਂ ਦੀ ਸ਼ਲਾਘਾ ਕੀਤੀ। ਸੀ.ਜੀ.ਐੱਮ. ਕਾਲਜ ਮੋਹਲਾਂ ਦੇ ਵਿਦਿਆਰਥੀਆਂ ਨੇ ਗਰੁੱਪ ਸ਼ਬਦ ਤੇ ਵਾਰ ਗਾਇਨ ਵਿੱਚ ਪਹਿਲੀ ਪੁਜ਼ੀਸ਼ਨ ਅਤੇ ਫੋਕ ਆਰਕੈਸਟਰਾ ਵਿੱਚ ਦੂਜੀ ਪੁਜ਼ੀਸ਼ਨ ਹਾਸਲ ਕੀਤੀ ਹੈ। ਲੋਕ ਗੀਤ ਵਿਚ ਸਾਹਿਲ ਵਾਲੀਆ ਨੇ ਮਿਰਜ਼ਾ ਗਾ ਕੇ ਪਹਿਲਾ ਸਥਾਨ ਹਾਸਲ ਕੀਤਾ। ਗਰੁੱਪ-ਸ਼ਬਦ ਤੇ ਗਰੁੱਪ-ਗੀਤ ਵਿੱਚ ਸਾਹਿਲ ਵਾਲੀਆ ਨੂੰ ਵਿਅਕਤੀਗਤ ਪਹਿਲਾ ਇਨਾਮ ਤੇ ਫੋਕ ਆਰਕੈਸਟਰਾ ਵਿੱਚ ਸੁਰਪ੍ਰੀਤ ਨੂੰ ਬੀਨ, ਅਲਗੋਜੇ, ਤੂੰਬੀ, ਤੂੰਬਾ, ਮੰਜੀਰਾ ਵਜਾਉਣ ਵਿੱਚ ਵਿਅਕਤੀਗਤ ਤੌਰ 'ਤੇ ਪਹਿਲਾ ਇਨਾਮ ਮਿਲਿਆ। ਪਰਾਂਦਾ ਬਣਾਉਣ 'ਚ ਪਵਨਪ੍ਰੀਤ ਕੌਰ ਨੇ ਦੂਜਾ, ਨਾਲਾ ਬਣਾਉਣ 'ਚ ਰਮਨਦੀਪ ਕੌਰ ਨੇ ਦੂਜਾ, ਪੀੜ੍ਹੀ ਬਣਾਉਣ 'ਚ ਰਾਜਵਿੰਦਰ ਕੌਰ ਨੇ ਦੂਜਾ, ਗ਼ਜ਼ਲ 'ਚ ਮਹਿਕਪ੍ਰੀਤ ਕੌਰ ਨੇ ਤੀਸਰਾ, ਪੱਖੀ ਬਣਾਉਣ 'ਚ ਅਰਪਨਾ ਕੌਰ ਨੇ ਤੀਜਾ ਤੇ ਸਿਲਾਈ ਕਢਾਈ ਵਿੱਚ ਪਲਕ ਕੰਬੋਜ ਨੇ ਤੀਜਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਪ੍ਰਿੰਸੀਪਲ ਡਾ. ਬਲਜੀਤ ਸਿੰਘ ਨੇ ਕਾਲਜ ਦੇ ਵਿਦਿਆਰਥੀਆਂ ਦੀਆਂ ਪੁਜ਼ੀਸ਼ਨਾਂ ਆਉਣ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਮਿਊਜ਼ਿਕ ਡਿਪਾਰਟਮੈਂਟ ਦੇ ਸਹਾਇਕ ਪ੍ਰੋਫੈਸਰ ਗੁਰਨੇਕ ਸਿੰਘ ਨੇ ਬੱਚਿਆ ਨੂੰ ਬਹੁਤ ਮਿਹਨਤ ਕਰਵਾਈ ਤੇ ਉਸ ਦਾ ਅੱਜ ਫਲ ਮਿਲਿਆ ਹੈ। ਇਸ ਮੌਕੇ ਕਾਲਜ ਪ੍ਰੋ. ਸੁਮਨ ਗਾਂਧੀ, ਪ੍ਰੋ. ਸਿੰਮੀਪ੍ਰੀਤ ਕੌਰ, ਪ੍ਰੋ. ਜਰਮਨਬੀਰ ਸਿੰਘ, ਪ੍ਰੋ. ਗਗਨਦੀਪ ਸਿੰਘ, ਪ੍ਰੋ. ਨਿਰਮਲ ਕੌਰ, ਪ੍ਰੋ. ਪਵਨਪ੍ਰੀਤ ਸਿੰਘ, ਪ੍ਰੋ. ਡਿੰਕੀਪਾਲ ਸਿੰਘ, ਪ੍ਰੋ. ਮਨਦੀਪ ਕੌਰ, ਪ੍ਰੋ. ਪ੍ਰਿਯੰਕਾ ਰਾਣੀ, ਪ੍ਰੋ. ਜਗਮੀਤ ਸਿੰਘ, ਪ੍ਰੋ. ਪਵਨਪ੍ਰੀਤ ਕੌਰ ਤੇ ਪ੍ਰੋ. ਸਤਵੀਰ ਕੌਰ ਹਾਜ਼ਰ ਸਨ।

## ਹਰੀਨੌਂ ਦੇ ਗੁਰਪ੍ਰੀਤ ਸਿੰਘ ਦੇ ਕਤਲ ਮਾਮਲੇ 'ਚ 2 ਸ਼ੂਟਰ ਗ੍ਰਿਫ਼ਤਾਰ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਪਿੰਡ ਹਰੀ ਨੌਂ ਦੇ ਰਹਿਣ ਵਾਲੇ ਸਿੱਖ ਨੌਜਵਾਨ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਮਾਮਲੇ ਵਿਚ ਲੋੜੀਂਦੇ 2 ਸ਼ੂਟਰਾਂ ਨੂੰ ਇਕ ਸਾਥੀ ਸਮੇਤ ਫ਼ਰੀਦਕੋਟ ਪੁਲਸ ਨੇ ਫੜਨ ਦਾ ਦਾਅਵਾ ਕੀਤਾ ਹੈ।ਪੁਲਸ ਦਾ ਕਹਿਣਾ ਕਿ ਬਰਨਾਲਾ ਜ਼ਿਲ੍ਹੇ ਦੇ ਭਦੌੜ ਨਾਲ ਸੰਬੰਧਤ ਸ਼ੂਟਰ ਨਵਜੋਤ ਸਿੰਘ ਅਤੇ ਅਨਮੋਲਪ੍ਰੀਤ ਸਿੰਘ ਵੱਲੋਂ 9 ਅਕਤੂਬਰ ਨੂੰ ਗੁਰਪ੍ਰੀਤ ਹਰੀ ਨੌਂ ਨੂੰ ਗੋਲੀਆ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਜਿਸ ਕੇਸ ਨੂੰ ਫ਼ਰੀਦਕੋਟ ਪੁਲਸ ਨੇ ਇਕ ਮਹੀਨੇ ਦੀ ਸਖਤ ਮਿਹਨਤ ਤੋਂ ਬਾਅਦ ਸੁਲਝਾ ਲਿਆ ਹੈ ਤੇ ਗੋਲੀਆਂ ਮਾਰਨ ਵਾਲੇ ਦੋਹਾਂ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ।ਐਸਐਸਪੀ ਫਰੀਦਕੋਟ ਮੈਡਮ ਪ੍ਰਗਿਆ ਜੈਨ ਨੇ ਦੱਸਿਆ ਕਿ ਦੋਹਾਂ ਸ਼ੂਟਰਾਂ ਨੂੰ ਵਿਦੇਸ਼ ਵਿੱਚ ਬੈਠੇ ਅੱਤਵਾਦੀ ਅਰਸ਼ ਡੱਲਾ ਨੇ ਹਾਇਰ ਕੀਤਾ ਸੀ ਤੇ ਉਸ ਨੇ ਇਨ੍ਹਾਂ ਸ਼ੂਟਰਾਂ ਵਿੱਚੋਂ ਇਕ ਦੇ ਭਰਾ ਬਲਵੀਰ ਸਿੰਘ ਨੂੰ ਪੈਸੇ ਵੀ ਭੇਜੇ ਸਨ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਬਲਵੀਰ ਸਿੰਘ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਇਨ੍ਹਾਂ ਪਾਸੋਂ 2 ਪਿਸਟਲ, ਸਮੇਤ ਜ਼ਿੰਦਾ ਕਾਰਤੂਸ ਤੇ ਕੁਝ ਨਕਦੀ ਵੀ ਬਰਾਮਦ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਦੋਹੇਂ ਸ਼ੂਟਰ ਵਾਰਦਾਤ ਨੂੰ ਉਂਜਾਮ ਦੇਣ ਤੋਂ ਬਾਅਦ ਵੱਖ-ਵੱਖ ਥਾਂਵਾਂ 'ਤੇ ਘੁੰਮਦੇ ਰਹੇ ਅਤੇ ਗ੍ਰਿਫਤਾਰੀ ਤੋਂ ਇਕ ਦਿਨ ਪਹਿਲਾਂ ਇਹਨਾਂ ਵੱਲੋਂ ਗਵਾਲੀਅਰ ਨੇੜੇ ਵੀ ਇਕ ਕਤਲ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ।ਉਨ੍ਹਾਂ ਦੱਸਿਆ ਕਿ ਕਈ ਜ਼ਿਲ੍ਹਿਆਂ ਦੀ ਪੁਲਸ ਤੇ ਏਜੀਟੀਐਫ ਦੇ ਸਹਿਯੋਗ ਨਾਲ ਕੱਲ੍ਹ ਇਨ੍ਹਾਂ ਦੋਹਾਂ ਨੂੰ ਮੋਹਾਲੀ ਦੇ ਖਰੜ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਦੋਹਾਂ ਨੂੰ ਪੇਸ਼ ਅਦਾਲਤ ਕਰ ਇਨ੍ਹਾਂ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਤੇ ਅੱਗੇ ਦੀ ਪੁਛਗਿੱਛ ਕੀਤੀ ਜਾਵੇਗੀ।ਪੁੱਛਗਿੱਛ ਵਿਚ ਕਈ ਖੁਲਾਸੇ ਹੋਣ ਦੀ ਪੁਲਸ ਨੂੰ ਉਮੀਦ ਹੈ।ਇਸ ਮਾਮਲੇ ਵਿੱਚ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਦਾ ਨਾਂਅ ਆਉਣ 'ਤੇ ਪੁੱਛੇ ਸਵਾਲ ਤੇ ਐਸਐਸਪੀ ਫਰੀਦਕੋਟ ਨੇ ਕਿਹਾ ਕਿ ਇਹ ਸਭ ਫੜੇ ਗਏ ਸ਼ੂਟਰਾਂ ਤੋਂ ਪੁਛਗਿੱਛ ਹੀ ਪਤਾ ਚੱਲ ਸਕੇਗਾ ।

## ਕਿਸਾਨ ਰਮਨਦੀਪ ਸਿੰਘ ਤਿੰਨ ਸਾਲ ਤੋਂ ਬਿਨਾਂ ਪਰਾਲੀ ਸਾੜੇ 30 ਕਿੱਲਿਆਂ 'ਚ ਕਰ ਰਿਹੈ ਕਣਕ ਦੀ ਸਿੱਧੀ ਬਿਜਾਈ



**ਬੁਢਲਾਡਾ (ਅਸ਼ੋਕ ਲਾਕੜਾ)**-ਅਗਾਂਹਵਧੂ ਕਿਸਾਨ ਰਮਨਦੀਪ ਸਿੰਘ ਧਾਲੀਵਾਲ ਪਿਛਲੇ ਤਿੰਨ ਸਾਲ ਤੋਂ ਆਪਣੀ 30 ਕਿੱਲੇ ਜ਼ਮੀਨ ਵਿੱਚ ਬਿਨਾਂ ਪਰਾਲੀ ਨੂੰ ਅੱਗ ਲਾਏ ਕਣਕ ਦੀ ਸਿੱਧੀ ਬਿਜਾਈ ਕਰ ਰਿਹਾ ਹੈ ਤੇ ਹੋਰਨਾਂ ਕਿਸਾਨਾਂ ਲਈ ਪ੍ਰੇਰਨਾਸ੍ਰੋਤ ਬਣਿਆ ਹੋਇਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਸਾਨ ਰਮਨਦੀਪ ਦੇ ਖੇਤ ਪਹੁੰਚ ਕੇ ਉਸ ਦੀ ਹੌਸਲਾ ਅਫ਼ਜ਼ਾਈ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐਸ.ਐਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੂਜੇ ਕਿਸਾਨ ਵੀ ਅਜਿਹੇ ਕਿਸਾਨਾਂ ਤੋਂ ਸੇਧ ਲੈ ਕੇ ਪਰਾਲੀ ਨੂੰ ਅੱਗ ਨਾ ਲਾਉਣ, ਸਗੋਂ ਇਸ ਨੂੰ ਮਸ਼ੀਨਰੀ ਦੀ ਵਰਤੋਂ ਰਾਹੀਂ ਮਿੱਟੀ ਵਿਚ ਰਲਾਉਣ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ 08 ਹਜ਼ਾਰ ਤੋਂ ਵਧੇਰੇ ਮਸ਼ੀਨਰੀ ਪਰਾਲੀ ਪ੍ਰਬੰਧਨ ਲਈ ਉਪਲੱਬਧ ਹੈ।ਕੁਲਵੰਤ ਸਿੰਘ ਨੇ ਕਿਹਾ ਕਿ ਕਿਸਾਨ ਇਨ ਸੀਟੂ ਤੇ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਕਰ ਸਕਦੇ ਹਨ, ਜਿਸ ਦੇ ਲਈ ਜ਼ਿਲ੍ਹੇ ਅੰਦਰ 115 ਬੇਲਰ ਅਤੇ 03 ਹਜ਼ਾਰ ਦੇ ਕਰੀਬ ਸੁਪਰ ਸੀਡਰ ਉਪਲੱਬਧ ਹਨ। ਐਸ.ਐਸ.ਪੀ. ਸ੍ਰੀ ਭਾਗੀਰਥ ਸਿੰਘ ਮੀਨਾ ਨੇ ਕਿਹਾ ਕਿ ਕਿਸਾਨ ਸਿਵਲ ਤੇ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਕਰਦਿਆਂ ਕਾਨੂੰਨ ਦੀ ਉਲੰਘਣਾ ਕਰਨ ਤੋਂ ਗੁਰੇਜ਼ ਕਰਨ।ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਵਿੱਚ ਜਿਸ ਵੀ ਕਿਸਾਨ ਨੂੰ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਨੇੜਲੇ ਦਫ਼ਤਰ ਜਾਂ ਐਸ.ਡੀ.ਐਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਕਰਾਏ ਗਏ ਭਾਰਤ ਕੋ ਜਾਨੋ ਮੁਕਾਬਲੇ



**ਗੁਰੂ ਹਰਸਹਾਇ (ਫ਼ਕੀਰ ਚੰਦ ਸਿਕਰੀ)**

ਸਮਾਜ ਸੇਵਾ ਦੇ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਵਾਲੀ ਸੰਸਥਾ ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ ਗੁਰੂ ਹਰਸਹਾਏ ਵੱਲੋਂ ਭਾਰਤ ਕੋ ਜਾਨੋਂ ਬ੍ਰਾਂਚ ਪੱਧਰੀ ਪ੍ਰਤੀਯੋਗਤਾ ਦਾ ਆਯੋਜਨ ਸਰਕਾਰੀ ਪ੍ਰਾਇਮਰੀ ਸਕੂਲ ਮੰਡੀ ਵਿਖੇ ਕਰਾਇਆ ਗਿਆ।

ਸ਼ਾਖਾ ਤੇ ਪ੍ਰਧਾਨ ਕੋਮਲ ਸ਼ਰਮਾ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਦਾ ਆਯੋਜਨ ਪ੍ਰੋਜੈਕਟ ਇੰਚਾਰਜ ਪਵਨ ਕੰਧਾਰੀ ਦੀ ਦੇਖ-ਰੇਖ ਹੇਠ ਕੀਤਾ ਗਿਆ, ਜਿਸ ਵਿੱਚ 7 ਨਵੰਬਰ ਨੂੰ ਸਕੂਲ ਪੱਧਰ 'ਤੇ ਇਸ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਤਿੰਨ ਸਕੂਲਾਂ ਦੇ ਜੂਨੀਅਰ ਤੇ ਸੀਨੀਅਰ ਵਰਗ ਦੇ ਕੋਲ 120 ਬੱਚਿਆਂ ਨੇ ਭਾਗ ਲਿਆ ਤੇ ਇਸ ਪ੍ਰਤੀਯੋਗਤਾ ਵਿੱਚੋਂ ਪਹਿਲਾ ਦੂਜਾ ਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਸਾਰਿਆ ਟੀਮਾਂ ਨੇ ਬ੍ਰਾਂਚ ਪਧਰੀ ਪ੍ਰਤਿਯੋਗਤਾ ਵਿੱਚ ਭਾਗ ਲਿਆ, ਜਿਸ ਵਿੱਚ ਜੂਨੀਅਰ ਵਰਗ ਵਿੱਚੋਂ ਪਹਿਲਾ ਸਥਾਨ ਗੁਰੂ ਤੇਗ ਬਹਾਦਰ ਸਕੂਲ, ਦੂਜਾ ਸਥਾਨ ਮਾਤਾ ਸਾਹਿਬ ਕੌਰ ਸਕੂਲ, ਤੀਜਾ ਸਥਾਨ ਜੈ ਕੇ ਐਸ ਪਬਲਿਕ ਸਕੂਲ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸੀਨੀਅਰ ਵਰਗ ਵਿੱਚ ਪਹਿਲਾ ਸਥਾਨ ਮਾਤਾ ਸਾਹਿਬ ਕੌਰ ਸਕੂਲ, ਦੂਜਾ ਸਥਾਨ ਜੇ ਕੇ ਐਸ ਪਬਲਿਕ ਸਕੂਲ, ਤੀਜਾ ਸਥਾਨ ਜੀਟੀਬੀ ਸਕੂਲ ਨੇ ਪ੍ਰਾਪਤ ਕੀਤਾ। ਇਸ ਬ੍ਰਾਂਚ ਪੱਧਰੀ ਪ੍ਰਤੀਯੋਗਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ ਟੀਮਾਂ ਹੁਣ ਸਟੇਟ ਪੱਧਰੀ ਪ੍ਰਤੀਯੋਗਤਾ ਵਿੱਚ ਭਾਗ ਲੈਣਗੀਆਂ। ਉਨ੍ਹਾਂ ਦੱਸਿਆ ਕਿ ਸਟੇਟ ਪੱਧਰ ਦੀ ਪ੍ਰਤੀਯੋਗਤਾ 24 ਨਵੰਬਰ ਨੂੰ ਬਠਿੰਡਾ ਵਿਖੇ ਕਰਾਈ ਜਾ ਰਹੀ ਹੈ। ਇਸ ਪ੍ਰਤੀਯੋਗਤਾ ਨੂੰ ਸਫਲ ਬਣਾਉਣ ਵਿੱਚ ਸ਼ਾਖਾ ਦੇ ਮੈਂਬਰ ਮਨੀਸ਼ ਕੁਮਾਰ ਸਹਿਗਲ, ਮਦਨ ਮੋਹਨ ਕੰਧਾਰੀ, ਬੂੜ ਚੰਦ ਬਿੰਦਰਾ, ਆਦਰਸ਼ ਪਾਲ ਧਵਨ, ਵਿਪਨ ਕੁਮਾਰ ਲੋਟਾ, ਰਾਕੇਸ਼ ਕੁਮਾਰ ਬਜਾਜ, ਮੁਕੇਸ਼ ਮੈਨੀ, ਰਵੀ ਕੁਮਾਰ ਗੁਪਤਾ, ਉਮੇਸ਼ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰਤੀਯੋਗਤਾ ਦੇ ਜੇਤੂ ਵਿਦਿਆਰਥੀਆਂ ਨੂੰ ਸ਼ਾਖਾ ਵੱਲੋਂ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਕਿਸਾਨ ਰਮਨਦੀਪ ਸਿੰਘ ਤਿੰਨ ਸਾਲ ਤੋਂ ਬਿਨਾਂ ਪਰਾਲੀ ਸਾੜੇ 30 ਕਿੱਲਿਆਂ 'ਚ ਕਰ ਰਿਹੈ ਕਣਕ ਦੀ ਸਿੱਧੀ ਬਿਜਾਈ



**ਬੁਢਲਾਡਾ/ਮਾਨਸਾ (ਆਤਮਾ ਸਿੰਘ ਪਮਾਰ)**

ਕਿਸਾਨ ਰਮਨਦੀਪ ਸਿੰਘ ਧਾਲੀਵਾਲ ਪਿਛਲੇ ਤਿੰਨ ਸਾਲ ਤੋਂ ਆਪਣੀ 30 ਕਿੱਲੇ ਜ਼ਮੀਨ ਵਿਚ ਬਿਨਾਂ ਪਰਾਲੀ ਨੂੰ ਅੱਗ ਲਾਏ ਕਣਕ ਦੀ ਸਿੱਧੀ ਬਿਜਾਈ ਕਰ ਰਿਹਾ ਹੈ ਤੇ ਹੋਰਨਾ ਕਿਸਾਨਾਂ ਪ੍ਰੇਰਣਾ ਸਰੋਤ ਬਣਿਆ ਹੋਇਆ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਸਾਨ ਰਮਨਦੀਪ ਦੇ ਖੇਤ ਪਹੁੰਚ ਕੇ ਉਸ ਦੀ ਹੌਸਲਾ ਅਫ਼ਜ਼ਾਈ ਕਰਨ ਮੌਕੇ ਕੀਤਾ।ਇਸ ਮੌਕੇ ਉਨ੍ਹਾਂ ਨਾਲ ਐਸ.ਐਸ.ਪੀ. ਭਾਗੀਰਥ ਸਿੰਘ ਮੀਨਾ ਵੀ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦੂਜੇ ਕਿਸਾਨ ਵੀ ਅਜਿਹੇ ਕਿਸਾਨਾਂ ਤੋਂ ਸੇਧ ਲੈ ਕੇ ਪਰਾਲੀ ਨੂੰ ਅੱਗ ਨਾ ਲਾਉਣ ਬਲਕਿ ਇਸ ਨੂੰ ਮਸ਼ੀਨਰੀ ਦੀ ਵਰਤੋਂ ਰਾਹੀਂ ਮਿੱਟੀ ਵਿੱਚ ਰਲਾਉਣ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ 8 ਹਜ਼ਾਰ ਤੋਂ ਵਧੇਰੇ ਮਸ਼ੀਨਰੀ ਪਰਾਲੀ ਪ੍ਰਬੰਧਨ ਲਈ ਉਪਲੱਬਧ ਹੈ।

ਕੁਲਵੰਤ ਸਿੰਘ ਨੇ ਕਿਹਾ ਕਿ ਕਿਸਾਨ ਇਨ ਸੀਟੂ ਤੇ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਕਰ ਸਕਦੇ ਹਨ, ਜਿਸ ਲਈ ਜ਼ਿਲ੍ਹੇ ਅੰਦਰ 115 ਬੇਲਰ ਅਤੇ 03 ਹਜ਼ਾਰ ਦੇ ਕਰੀਬ ਸੁਪਰ ਸੀਡਰ ਉਪਲੱਬਧ ਹਨ।ਐਸ.ਐਸ.ਪੀ. ਮੀਨਾ ਨੇ ਕਿਹਾ ਕਿ ਕਿਸਾਨ ਸਿਵਲ ਤੇ ਪੁਲਸ ਪ੍ਰਸ਼ਾਸਨ ਦਾ ਸਹਿਯੋਗ ਕਰਦਿਆਂ ਕਾਨੂੰਨ ਦੀ ਉਲੰਘਣਾ ਕਰਨ ਤੋਂ ਗੁਰੇਜ਼ ਕਰਨ।ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਵਿੱਚ ਜਿਸ ਵੀ ਕਿਸਾਨ ਨੂੰ ਦਿੱਕਤ ਪੇਸ਼ ਆਉਂਦੀ ਹੈ ਤਾਂ ਉਹ ਖੇਤੀਬਾੜੀ ਵਿਭਾਗ ਦੇ ਨੇੜਲੇ ਦਫ਼ਤਰ ਜਾਂ ਐਸ.ਡੀ.ਐਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

## ਵਰਲਡ ਯੂਨੀਵਰਸਿਟੀ ਵੱਲੋਂ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ




**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਦੇ ਅੰਗਰੇਜ਼ੀ ਵਿਭਾਗ ਨੇ ਦੋ ਅਰਥਪੂਰਨ ਗਤੀਵਿਧੀਆਂ, 'ਕਲੀਨਿੰਗ ਟੂਗੈਦਰ' ਤੇ 'ਬੈਸਟ ਆਊਟ ਆਫ ਵੇਸਟ' ਰਾਹੀਂ ਵਾਤਾਵਰਣ ਦੀ ਸਥਿਰਤਾ ਤੇ ਸਫਾਈ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ।ਇਹ ਗਤੀਵਿਧੀਆਂ ਸਿਰਫ ਰਚਨਾਤਮਕਤਾ ਤੇ ਟੀਮਵਰਕ ਨੂੰ ਉਤਸ਼ਾਹਤ ਨਹੀਂ ਕਰਦੀਆਂ, ਸਗੋਂ ਕੈਂਪਸ ਦੇ ਸਾਫ਼-ਸੁਥਰੇ ਤੇ ਸੁਸਤੀਪੂਰਨ ਵਾਤਾਵਰਣ ਦੀ ਮਹੱਤਤਾ ਨੂੰ ਵੀ ਉਜਾਗਰ ਕਰਦੀਆਂ ਹਨ।'ਕਲੀਨਿੰਗ ਟੂਗੈਦਰ' ਮੁਹਿੰਮ ਦੀ ਅਗਵਾਈ ਸਹਾਇਕ ਪ੍ਰੋਫੈਸਰ ਜਸਮੀਨ ਕੌਰ ਨੇ ਕਰਦਿਆਂ ਦੱਸਿਆ ਕਿ ਇਸ ਮੁਹਿੰਮ ਦਾ ਮਕਸਦ ਕੈਂਪਸ ਵਿਆਪਕ ਸਫਾਈ ਸੀ।ਬੀਏ ਆਨਰਜ਼ ਤੇ ਐੱਮ ਏ ਅੰਗਰੇਜ਼ੀ ਪ੍ਰੋਗਰਾਮ ਦੇ ਵਿਦਿਆਰਥੀਆਂ ਨੇ ਕਲਾਸਰੂਮਾਂ, ਕੋਰੀਡੋਰਾਂ ਤੇ ਹੋਰ ਵਿਭਾਗੀ ਸਥਾਨਾਂ ਦੀ ਸਫਾਈ ਅਤੇ ਸਜਾਵਟ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ।ਇਸ ਤੋਂ ਇਲਾਵਾ ਵਿਭਾਗ ਨੇ ਇੱਕ 'ਬੈਸਟ ਆਊਟ ਆਫ਼ ਵੇਸਟ' ਪ੍ਰੋਗਰਾਮ ਕੀਤਾ, ਜਿੱਥੇ ਵਿਦਿਆਰਥੀਆਂ ਨੇ ਰੋਜ਼ਾਨਾ ਦੇ ਖਰਾਬ ਸਾਮਾਨ ਨੂੰ ਸੁੰਦਰ ਤੇ ਲਾਭਦਾਇਕ ਚੀਜ਼ਾਂ ਵਿੱਚ ਬਦਲਿਆ।ਮਿਸ ਜਸਮੀਨ ਨੇ ਦੱਸਿਆ ਕਿ ਵਿਭਾਗ ਮੁਖੀ ਦੀ ਅਗਵਾਈ ਹੇਠ ਇਸ ਗਤੀਵਿਧੀ ਨੇ ਰੀਸਾਈਕਲਿੰਗ ਤੇ ਮੁੜ ਵਰਤੋਂ ਦੀ ਵਧਦੀ ਲੋੜ ਬਾਰੇ ਨਵੀਂ ਸੋਚ ਨੂੰ ਉਤਸ਼ਾਹਤ ਕੀਤਾ। ਵਿਦਿਆਰਥੀਆਂ ਤੇ ਅਧਿਆਪਕਾਂ ਦੀ ਇਸ ਸੰਕਲਪਨਾ ਤੇ ਮਿਹਨਤ 'ਤੇ ਡਾ. ਅੰਕਦੀਪ ਕੌਰ ਅਟਵਾਲ ਕੋਆਰਡੀਨੇਟਰ ਆਈ.ਕਿਊ.ਏ.ਸੀ. ਯੂਨੀਵਰਸਿਟੀ ਨੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਸਮਗ੍ਰਿਕ ਸਿੱਖਿਆ ਮਾਡਲ ਨੂੰ ਦਰਸਾਉਂਦੇ ਹਨ, ਜਿੱਥੇ ਅਕਾਦਮਿਕ, ਸਮਾਜਿਕ ਤੇ ਵਾਤਾਵਰਣੀਕ ਜਾਗਰੂਕਤਾ ਨਾਲ ਨਵੀਂ ਪੀੜ੍ਹੀ ਨੂੰ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ।

## ਲੋਕ ਸੇਵਾ ਸੁਸਾਇਟੀ ਵੱਲੋਂ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ



**ਜਗਰਾਉਂ (ਅਮਿਤ ਖੰਨਾ)**

ਸ ਵ : ਮਲਕੀਤ ਸਿੰਘ ਮੱਲ੍ਹੀ ਦੀ ਚੌਥੀ ਬਰਸੀ ਨੂੰ ਸਮਰਪਤ ਉਨ੍ਹਾਂ ਦੇ ਸਪੁੱਤਰ ਨਵਜੋਤ ਸਿੰਘ ਮੱਲ੍ਹੀ ਦੇ ਸਹਿਯੋਗ ਨਾਲ ਲੋਕ ਸੇਵਾ ਸੁਸਾਇਟੀ ਵੱਲੋਂ ਸੀ ਐਮ ਸੀ ਹਸਪਤਾਲ ਦੇ ਸਹਿਯੋਗ ਨਾਲ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈਕਅਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਰੇਲਵੇ ਸਟੇਸ਼ਨ ਵਿਖੇ ਲਾਇਆ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਲਾਏ ਮੈਡੀਕਲ ਕੈਂਪ ਦਾ ਉਦਘਾਟਨ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਨੇ ਕਰਦਿਆਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਤਰੀਫ ਕੀਤੀ। ਕੈਂਪ ਵਿੱਚ ਸੀ ਐਮ ਸੀ ਹਸਤਪਾਲ ਲੁਧਿਆਣਾ ਦੇ ਦਿਲ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਗੁਰਭੇਜ ਸਿੰਘ ਨੇ 54 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਣ ਦੇ ਨੁਕਤੇ ਵੀ ਦੱਸੇ। ਕੈਂਪ ਵਿੱਚ 40 ਮਰੀਜ਼ਾਂ ਦੀ ਮੁਫ਼ਤ ਵਿੱਚ ਈ ਸੀ ਜੀ ਤੇ 32 ਮਰੀਜ਼ਾਂ ਦਾ ਸ਼ੂਗਰ ਟੈਸਟ ਵੀ ਕੀਤਾ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ ਤੇ ਪ੍ਰਧਾਨ ਮਨੋਹਰ ਸਿੰਘ ਟੱਕਰ ਨੇ ਦੱਸਿਆ ਕਿ ਇਸ ਕੈਂਪ ਵਿੱਚ ਜਿਹੜੇ ਮਰੀਜ਼ਾਂ ਦਾ ਚੈੱਕਅਪ ਹੋਇਆ ਹੈ, ਜੇ ਉਹ ਇਲਾਜ ਲਈ ਸੀ ਐਮ ਸੀ ਹਸਪਤਾਲ ਜਾਂਦੇ ਹਨ ਤਾਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਡਿਸਕਾਊਂਟ ਮਿਲੇਗਾ।

## ਫ੍ਰੀ ਬਲੱਡ ਸ਼ੂਗਰ ਕੈਂਪ ਲਾਇਆ

**ਨਾਭਾ (ਵਰਿੰਦਰ ਵਰਮਾ)**-ਲਾਇਨਜ਼ ਕਲੱਬ ਪ੍ਰਧਾਨ ਸੰਨੀ ਸਿੰਗਲਾ ਦੀ ਅਗਵਾਈ ਹੇਠ ਮੈਹਸ ਗੇਟ ਵਿਖੇ ਫਰੀ ਬਲੱਡ ਸ਼ੂਗਰ ਕੈਂਪ ਲਾਇਆ ਗਿਆ।ਕੈਂਪ ਵਿੱਚ ਲੋੜਵੰਦ ਲੋਕਾਂ ਦੀ ਬਲੱਡ ਸ਼ੂਗਰ ਚੈੱਕ ਕੀਤੀ ਗਈ।ਲਾਇਨਜ਼ ਕਲੱਬ ਪ੍ਰਧਾਨ ਸੰਨੀ ਸਿੰਗਲਾ ਨੇ ਕਿਹਾ ਕਿ ਦੁਨੀਆ ਭਰ ਵਿਚ ਕਰੋੜਾਂ ਲੋਕ ਸ਼ੂਗਰ ਦੀ ਸਮੱਸਿਆ ਨਾਲ ਜੂਝ ਰਹੇ ਹਨ। ਇਸ ਬਿਮਾਰੀ ਕਾਰਨ ਸਰੀਰ ਦੇ ਹੋਰ ਅੰਗ ਵੀ ਪ੍ਰਭਾਵਿਤ ਹੁੰਦੇ ਹਨ।ਸ਼ੂਗਰ ਨੂੰ ਸਾਈਲੈਂਟ ਕਿੱਲਰ ਵੀ ਕਿਹਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਬਲੱਡ ਸ਼ੂਗਰ ਦਾ ਪੱਧਰ ਵੱਧ ਰਿਹਾ ਹੈ।ਜੇ ਸਥਿਤੀ ਗੰਭੀਰ ਹੋ ਗਈ ਤਾਂ ਇਹ ਵਿਅਕਤੀ ਲਈ ਘਾਤਕ ਸਾਬਤ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਇਸ ਲਈ ਹਰ ਇਨਸਾਨ ਨੂੰ ਸਮੇਂ ਸਿਰ ਸ਼ੂਗਰ ਦੇ ਲੱਛਣਾਂ ਵੱਲ ਧਿਆਨ ਦੇਣਾ ਚਾਹੀਦਾ ਹੈ।ਇਸ ਬਿਮਾਰੀ ਦੇ ਲੱਛਣ ਪੈਰਾਂ 'ਤੇ ਵੀ ਦਿਖਾਈ ਦਿੰਦੇ ਹਨ। ਦਰਅਸਲ ਜਦੋਂ ਬਲੱਡ ਸ਼ੂਗਰ ਦਾ ਪੱਧਰ ਵੱਧ ਜਾਂਦਾ ਹੈ ਤਾਂ ਪੈਰ ਦੀ ਸੱਟ ਦਾ ਜ਼ੋਖ਼ਮ ਵਧ ਜਾਂਦਾ ਹੈ।




## 50 ਜ਼ਰੂਰਤਮੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਦਿੱਤਾ



**ਜਗਰਾਉਂ (ਅਮਿਤ ਖੰਨਾ)**

ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਕਰਾਏ 53 ਰਾਸ਼ਨ ਵੰਡ ਸਮਾਰੋਹ ਵਿੱਚ 50 ਜ਼ਰੂਰਤਮੰਦ ਪਰਵਾਰਾਂ ਨੂੰ ਸੁੱਕਾ ਰਾਸ਼ਨ ਤਕਸੀਮ ਕੀਤਾ ਗਿਆ।ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਵਿਖੇ ਕਰਾਏ ਸਮਾਰੋਹ ਮੌਕੇ ਸੁਸਾਇਟੀ ਦੇ ਚੇਅਰਮੈਨ ਅਮਿਤ ਅਰੋੜਾ ਤੇ ਪ੍ਰਧਾਨ ਰਜਿੰਦਰ ਜੈਨ ਕਾਕਾ ਨੇ ਦੱਸਿਆ ਕਿ ਕਰ ਹੋ ਭਲਾ ਸੁਸਾਇਟੀ ਦਾ ਗਠਨ ਮਾਨਵਤਾ ਦੀ ਸੇਵਾ ਦੇ ਲਈ ਕੀਤਾ ਗਿਆ ਤੇ ਇਸ ਮੰਤਵ ਨੂੰ ਪੂਰਾ ਕਰਨ ਲਈ ਸੁਸਾਇਟੀ ਦੇ ਸਾਰੇ ਮੈਂਬਰ ਪੂਰੀ ਤਨਦੇਹੀ ਨਾਲ ਕੰਮ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ 53 ਮਹੀਨੇ ਪਹਿਲਾਂ ਜ਼ਰੂਰਤਮੰਦ ਪਰਿਵਾਰਾਂ ਨੂੰ ਜਿਹੜਾ ਸੁੱਕਾ ਰਾਸ਼ਨ ਵੰਡਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਉਹ ਨਿਰਵਿਘਨ ਜਾਰੀ ਹੈ ਅਤੇ 53 ਮਹੀਨਾਵਾਰੀ ਰਾਸ਼ਨ ਵੰਡ ਸਮਾਰੋਹ ਵਿੱਚ 50 ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਸੁੱਕਾ ਰਾਸ਼ਨ ਦਿੱਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਕਈ ਸਮਾਜ ਸੇਵੀ ਪ੍ਰੋਜੈਕਟ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚਲਾਉਣ ਦੇ ਨਾਲ ਵਿੱਦਿਅਕ ਸੰਸਥਾਵਾਂ ਅਤੇ ਹੋਰ ਸੰਸਥਾਵਾਂ ਨੂੰ ਵੀ ਉਨ੍ਹਾਂ ਦੀ ਜ਼ਰੂਰਤ ਮੁਤਾਬਕ ਲੋੜੀਂਦਾ ਸਮਾਨ ਦਿੱਤਾ ਜਾ ਰਿਹਾ ਹੈ।

## ਬੁਰਜ ਹਰੀ 'ਚ ਹੱਡੀਆਂ ਤੇ ਜੋੜਾਂ ਦਾ ਕੈਂਪ ਲਗਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਬਾਬਾ ਭਾਈ ਭਗਤੂ ਪ੍ਰਬੰਧਕ ਕਮੇਟੀ ਬੁਰਜਹਰੀ ਦੇ ਸਹਿਯੋਗ ਨਾਲ ਬਾਬਾ ਭਾਈ ਭਗਤੂ ਗੁਰਦੁਆਰਾ ਸਾਹਿਬ ਬੁਰਜ ਹਰੀ ਵਿਖੇ ਡਾ. ਖੁਸ਼ਵਿੰਦਰ ਸਿੰਘ ਮਾਨ ਐੱਮ ਐੱਸ ਆਰਥੋ (ਡੀ. ਐੱਮ. ਸੀ. ਲੁਧਿਆਣਾ) ਸਾਬਕਾ ਰਜਿਸਟਰਾਰ ਮੈਕਸ ਮਲਟੀ ਸਪੈਸ਼ਲਿਟੀ ਹਸਪਤਾਲ ਬਠਿੰਡਾ ਦੁਆਰਾ ਹੱਡੀਆਂ ਤੇ ਜੋੜਾਂ ਦਾ ਜਾਂਚ ਕੈਂਪ ਲਗਾਇਆ ਗਿਆ।ਇਸ ਮੌਕੇ 100 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ ਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ।ਹੱਡੀਆਂ ਤੇ ਜੋੜਾਂ ਨਾਲ ਸੰਬੰਧਤ ਸਮੱਸਿਆਵਾਂ ਤੇ ਰੋਗਾਂ ਬਾਰੇ ਜਾਗਰੂਕ ਕੀਤਾ ਗਿਆ।ਇਸ ਮੌਕੇ ਕਮੇਟੀ ਦੇ ਵਾਈਸ ਪ੍ਰਧਾਨ ਗੁਰਨਾਮ ਸਿੰਘ, ਮਾਸਟਰ ਜਲਵੰਤ ਸਿੰਘ ਖਜ਼ਾਨਚੀ, ਮੁਖਤਿਆਰ ਸਿੰਘ ਸਿੱਧੂ ਮੈਂਬਰ, ਡਾ. ਸਿਕੰਦਰ ਸਿੰਘ ਮੈਂਬਰ, ਮਾਸਟਰ ਕਰਨੈਲ ਸਿੰਘ, ਮਾਸਟਰ ਸੁਦਾਗਰ ਸਿੰਘ ਮਾਨ, ਬਹਾਦਰ ਸਿੰਘ ਮਾਨ, ਮੱਖਣ ਸਿੰਘ ਮਾਨ ਮੈਂਬਰ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

...ਸਫ਼ਾ 1 ਦੇ ਬਾਕੀ

### ਬਿੱਟੂ ਦਾ ਬਿਆਨ...

ਕਿਸਾਨਾਂ ਮਜ਼ਦੂਰਾਂ ਤੇ ਦੇਸ਼ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਦੇ ਰਾਹ ਡਟੇ ਹੋਏ ਕਿਸਾਨ ਆਗੂਆਂ ਖ਼ਿਲਾਫ਼ ਮੌਕਾਪ੍ਰਸਤ ਸਿਆਸਤਦਾਨ ਰਵਨੀਤ ਸਿੰਘ ਬਿੱਟੂ ਦਾ ਬਿਆਨ ਭਾਜਪਾ ਸਰਕਾਰ ਦੀ ਭੜਕਾਹਟ ਦਾ ਸੂਚਕ ਹੈ। ਉਨ੍ਹਾਂ ਆਖਿਆ ਕਿ ਇਹ ਬਿੱਟੂ ਦੀ ਮੌਕਾਪ੍ਰਸਤੀ ਹੀ ਹੈ ਜੋ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਨਰਿੰਦਰ ਮੋਦੀ ਤੇ ਉਸ ਦੀ ਸਰਕਾਰ ਖ਼ਿਲਾਫ ਬਿਆਨ ਦਿੰਦਾ ਰਿਹਾ ਅਤੇ ਕਿਸਾਨ ਸੰਘਰਸ਼ ਦੀ ਜੈ-ਜੈ ਕਾਰ ਕਰਦਾ ਰਿਹਾ, ਪਰ ਹੁਣ ਆਪਣੇ ਨਿੱਜੀ ਹਿੱਤਾਂ ਲਈ ਯੂ ਟਰਨ ਲੈਂਦਿਆਂ ਮੋਦੀ ਦੀ ਗੋਦੀ 'ਚ ਬੈਠ ਕੇ ਉਸ ਦੇ ਗੁਣਗਾਨ ਕਰ ਰਿਹਾ ਹੈ ਅਤੇ ਕਿਸਾਨ ਆਗੂਆਂ ਵਿਰੁੱਧ ਜ਼ਹਿਰ ਉਗਲਣ ਲੱਗ ਪਿਆ ਹੈ।

ਉਨ੍ਹਾਂ ਸਮੂਹ ਲੋਕ ਹਿਤੈਸ਼ੀ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਨੂੰ ਬਿੱਟੂ ਵੱਲੋਂ ਕਿਸਾਨ ਆਗੂਆਂ ਖ਼ਿਲਾਫ਼ ਦਿੱਤੇ ਭੜਕਾਊ ਬਿਆਨ ਵਿਰੁੱਧ ਅਵਾਜ਼ ਉਠਾਉਣ ਦਾ ਸੱਦਾ ਦਿੱਤਾ।

## ਅਕੇਡੀਆ ਵਰਲਡ ਸਕੂਲ 'ਚ 6ਵੀਂ ਸਾਲਾਨਾ ਅਥਲੈਟਿਕ ਮੀਟ




**ਸੁਨਾਮ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**

ਅਕੇਡੀਆ ਵਰਲਡ ਸਕੂਲ, ਨੇੜੇ ਸੀਤਾਸਰ ਮੰਦਰ ਵਿਖੇ ਛੇਵੀਂ ਸਾਲਾਨਾ ਐਥਲੈਟਿਕ ਮੀਟ (2024-25) ਸਕੂਲ ਵਿਖੇ ਕਰਾਈ ਗਈ। ਇਸ ਸਾਲਾਨਾ ਅਥਲੈਟਿਕ ਮੀਟ ਦਾ ਆਯੋਜਨ 8 ਨਵੰਬਰ ਨੂੰ ਕੀਤਾ ਗਿਆ, ਜਿਸ ਵਿੱਚ ਮਾਨਯੋਗ ਸ੍ਰੀ ਅਮਿਤ ਬੰਬੀ (ਪੀ.ਸੀ.ਐਸ) ਅਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ) ਸੰਗਰੂਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਮੂਲੀਅਤ ਕੀਤੀ।ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨਾਲ ਵਿਦਿਆਰਥੀ ਕੌਂਸਲ ਤੇ ਅਧਿਆਪਕਾਂ ਨੇ ਮਿਲ ਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਉਪਰੰਤ ਵਿਦਿਆਰਥੀ ਨੇ ਸ਼ਾਨਦਾਰ ਸਕੇਟਿੰਗ ਸ਼ੋਅ ਪੇਸ਼ ਕੀਤਾ।ਮੁੱਖ ਮਹਿਮਾਨ ਵੱਲੋਂ ਝੰਡਾ ਝੁਲਾ ਕੇ ਅਥਲੈਟਿਕ ਮੀਟ ਦਾ ਆਰੰਭ ਕੀਤਾ ਗਿਆ ਤੇ ਮਾਰਚ ਪਾਸਟ ਤੋਂ ਸਲਾਮੀ ਲਈ।ਸ੍ਰੀ ਅਮਿਤ ਬੰਬੀ ਨੇ ਕਿਹਾ ਕਿ ਬੱਚਿਆਂ ਦੇ ਮਨਾਂ 'ਚ ਛੁਪੀਆਂ ਹੋਈਆਂ ਸੂਖ਼ਮ ਕਲਾਵਾਂ ਨੂੰ ਉਜਾਗਰ ਕਰਨ ਅਤੇ ਤਰਾਸ਼ਣ ਲਈ ਮੁਕਾਬਲੇ ਕਰਾਉਣਾ ਇੱਕ ਵਧੀਆ ਉਪਰਾਲਾ ਹੈ। ਅਜਿਹੇ ਯਤਨਾਂ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ।ਸਕੂਲ ਦੁਆਰਾ ਬਣਾਈ ਗਈ ਕੌਂਸਲ ਦੁਆਰਾ ਸਹੁੰ ਚੁੱਕ ਸਮਾਗਮ ਕਰਾਇਆ ਗਿਆ।ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਤੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਨੇ ਸਮਾਗਮ ਵਿੱਚ ਆਏ ਸਾਰੇ ਮਹਿਮਾਨਾਂ ਨੂੰ ਜੀ ਆਇਆ ਕਿਹਾ।ਵੱਖ-ਵੱਖ ਹਾਊਸਾਂ ਦੁਆਰਾ ਬਹੁਤ ਹੀ ਸੁਚੱਜੇ ਢੰਗ ਨਾਲ ਮਾਰਚ ਪਾਸਟ ਕੀਤਾ ਗਿਆ।ਸਪੋਰਟਸ ਕੋਚ ਪੰਕਜ ਕੁਮਾਰ ਤੇ ਰੈਂਪੀ ਅਨੁਸਾਰ ਵੱਖ-ਵੱਖ 70 ਖੇਡਾਂ ਵਿੱਚ ਬੱਚਿਆਂ ਨੇ ਭਾਗ ਲਿਆ, ਜਿਵੇਂ ਲੌਂਗਜੰਪ, ਸ਼ਾਟਪੁੱਟ, ਡਿਸਕਸ ਥਰੋ, ਓਕਟੋਪਸ ਰੇਸ, ਥਰੀ ਲੈਗ ਰੇਸ, ਟਗ ਆਫ ਵਾਰ, ਦੌੜਾਂ 100 ਮੀਟਰ, 200 ਮੀਟਰ, 400 ਮੀਟਰ, ਫਨ ਗੇਮਸ ਆਦਿ ਮੁਕਾਬਲੇ ਕਰਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਬੈਸਟ ਐਥਲੀਟ ਮੁੰਡਿਆਂ ਵਿੱਚੋਂ ਹਰਨੂਰ ਸਿੰਘ (ਦਸਵੀਂ) ਕਲਾਸ ਨੇ ਬਾਜ਼ੀ ਮਾਰੀ ਲੜਕੀਆਂ ਵਿੱਚੋਂ ਅੱਠਵੀਂ ਕਲਾਸ ਦੀ ਯਸ਼ਪ੍ਰੀਤ ਕੌਰ ਨੇ ਬਾਜ਼ੀ ਮਾਰੀ। ਆਲਰਾਊਂਡ ਟਰਾਫੀ ਰੇਡਰ ਹਾਊਸ ਨੇ ਜਿੱਤੀ।

ਸਕੂਲ ਦੇ ਚੇਅਰਮੈਨ ਐਡਵੋਕੇਟ ਗਗਨਦੀਪ ਸਿੰਘ ਅਤੇ ਪ੍ਰਿੰਸੀਪਲ ਰਣਜੀਤ ਕੌਰ ਨੇ ਕਿਹਾ ਕਿ ਪਿਛਲੇ ਇੱਕ ਮਹੀਨੇ ਤੋਂ ਵਿਦਿਆਰਥੀ ਅਥਲੈਟਿਕ ਮੀਟ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ।ਖੇਡਾਂ ਵੀ ਪੜ੍ਹਾਈ ਦੇ ਨਾਲ-ਨਾਲ ਹੋਣੀਆਂ ਜ਼ਰੂਰੀ ਹਨ।ਖੇਡਾਂ ਮਨੋਰੰਜਨ ਤੇ ਵਿਹਲੇ ਸਮੇਂ ਦੀ ਉਚਿਤ ਵਰਤੋਂ ਦਾ ਸਭ ਤੋਂ ਵਧੀਆ ਸਾਧਨ ਹਨ।ਖੇਡਾਂ ਮਨੁੱਖ ਲਈ ਓਨੀਆਂ ਹੀ ਜ਼ਰੂਰੀ ਹਨ, ਜਿੰਨਾਂ ਮਨੁੱਖ ਲਈ ਹਵਾ ਤੇ ਪਾਣੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11-Nov-PAGE-3.qxd 11/10/2024 8:27 PM Page 1



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੱਦੇ 'ਤੇ 5 ਜ਼ਿਲਿਆਂ ਵੱਲੋਂ ਝੰਡਾ ਮਾਰਚ 17 ਨੂੰ

**ਮਜੀਠਾ (ਸੋਇਮ ਆਨੰਦ)**-ਬਿਜਲੀ ਦਫਤਰ ਕੰਪਲੈਕਸ ਮਜੀਠਾ ਵਿਖੇ ਪੈਨਸ਼ਨਰਜ਼ ਐਸੋਸੀਏਸ਼ਨ ਸਬ-ਅਰਬਨ ਮੰਡਲ ਅੰਮ੍ਰਿਤਸਰ ਵਲੋਂ ਪ੍ਰਧਾਨ ਰਾਮ ਲੁਭਾਇਆ ਮਜੀਠਾ ਦੀ ਅਗਵਾਈ ਹੇਠ ਵਿਸ਼ਾਲ ਇਕੱਤਰਤਾ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਦੱਸਿਆ ਕਿ ਬੀਤੇ ਦਿਨੀਂ ਸੂਬਾ ਕਮੇਟੀ ਦੇ ਸੱਦੇ ਤੇ ਰੋਸ ਵਜੋਂ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ, ਪਟਿਆਲਾ ਤੇ ਚੰਡੀਗੜ੍ਹ ਵਿਖੇ ਰੋਸ ਪ੍ਰੋਟੈਸਟ ਕੀਤੇ ਗਏ, ਧਰਨੇ ਮੁਜ਼ਾਹਰਿਆਂ ਨੂੰ ਦੇਖਦਿਆਂ ਪੰਜਾਬ ਸਰਕਾਰ ਵਲੋ ਸਮੇਂ-ਸਮੇਂ ਅਨੇਕਾ ਲਿਖਤੀ ਮੀਟਿੰਗਾਂ ਦੇ ਕੇ ਮੁਲਤਵੀ ਕੀਤੀਆਂ ਗਈਆਂ ਤੇ ਮੀਟਿੰਗਾਂ ਕਰਕੇ ਵੀ ਵਾਅਦਾ ਖਿਲਾਫੀ ਕੀਤੀ ਗਈ।ਆਗੂਆਂ ਕਿਹਾ ਕਿ ਪੰਜਾਬ ਵਿਚ ਚੱਬੇਵਾਲ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਬਰਨਾਲਾ ਵਿਖੇ ਚਾਰ ਹਲਕਿਆਂ ਵਿੱਚ ਜ਼ਿਮਨੀ ਚੋਣਾਂ ਦਾ ਐਲਾਨ ਹੋਣ ਕਾਰਨ 22 ਅਕਤੂਬਰ ਨੂੰ ਪੰਜਾਬ ਸਰਕਾਰ ਖਿਲਾਫ ਮੋਹਾਲੀ ਵਿਖੇ ਧਰਨਾ ਦੇਣ ਦਾ ਸੰਘਰਸ਼ ਪ੍ਰੋਗਰਾਮ ਮੁਲਤਵੀ ਕੀਤਾ ਗਿਆ ਸੀ ਤੇ ਹੁਣ ਪਹਿਲਾਂ ਦਿੱਤੀਆਂ ਤਰੀਕਾਂ ਬਦਲ ਕੇ 17 ਨਵੰਬਰ ਨੂੰ ਕਾਲੀਆਂ ਝੰਡੀਆਂ ਨਾਲ ਇਨ੍ਹਾਂ ਹਲਕਿਆਂ ਵਿਚ ਝੰਡਾ ਮਾਰਚ ਕੀਤੇ ਜਾਣਗੇ।ਆਗੂਆਂ ਕਿਹਾ ਕਿ ਮੰਗਾਂ ਮੰਨਣ ਦੀ ਵਜਾਏ ਆਗੂਆਂ ਤੇ ਪਰਚੇ ਕੀਤੇ ਗਏ, ਮੰਗਾਂ ਮਸਲਿਆਂ ਦੀ ਅਣਦੇਖੀ ਕੀਤੀ ਜਾਵੇ ਰਹੀ ਹੈ।ਕੇਂਦਰ ਤੇ ਪੰਜਾਬ ਸਰਕਾਰ ਵਲੋਂ ਪੂੰਜੀਪਤੀਆਂ ਨੂੰ ਫਾਇਦਾ ਪਹੁੰਚਾਇਆ ਜਾ ਰਿਹਾ ਹੈ ਤੇ ਮਿਹਨਤਕਸ਼ ਕਿਰਤੀ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਜਿਸ ਕਾਰਨ ਹਰ ਵਰਗ ਮਜਬੂਰ ਹੋ ਕੇ ਲੋਕ ਦੋਖੀ ਨੀਤੀਆਂ ਖਿਲਾਫ ਸੰਘਰਸ਼ ਕਰ ਰਿਹਾ ਹੈ।ਆਗੂਆਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ, 2015 ਤੋਂ ਪਹਿਲਾਂ ਦੇ ਸੇਵਾ ਮੁਕਤ ਮੁਲਾਜ਼ਮਾਂ ਨੂੰ 2.59 ਦਾ ਫੈਕਟਰ ਲਾਗੂ ਕੀਤਾ ਜਾਵੇ, ਨਵੀਂ ਅਤੇ ਪੱਕੀ ਭਰਤੀ ਦਾ ਪ੍ਰਬੰਧ ਕੀਤਾ ਜਾਵੇ, ਬੰਦ ਕੀਤੀ ਕੈਸ਼ਲੈਸ ਟਰੀਟਮੈਂਟ ਸਕੀਮ ਮੁੜ ਚਾਲੂ ਕੀਤੀ ਜਾਵੇ, 200 ਰੁਪਏ ਡਿਵੈਲਪਮੈਂਟ ਕੱਟਣਾ ਬੰਦ ਕੀਤਾ ਜਾਵੇ, ਡੀ. ਏ. ਦੀਆਂ ਕਿਸ਼ਤਾਂ ਦਾ ਬਕਾਇਆ ਦਿਤਾ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਡੀ. ਏ 38% ਤੋਂ ਵਧਾ ਕੇ ਕੇਂਦਰ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਬਰਾਬਰ 53% ਕੀਤਾ ਜਾਵੇ, 23 ਸਾਲਾ ਸਕੇਲ ਬਿਨਾਂ ਸ਼ਰਤ ਦਿਤਾ ਜਾਵੇ, ਮੁਲਾਜ਼ਮਾਂ ਦੇ ਬੰਦ ਕੀਤੇ ਭੱਤੇ ਚਾਲੂ ਕੀਤੇ ਜਾਣ ਤੇ ਮੰਗ ਪੱਤਰ ਤੇ ਮੰਗਾਂ ਮਸਲਿਆਂ ਦਾ ਹੱਲ ਕੀਤਾ ਜਾਵੇ।ਇਸ ਮੌਕੇ ਮਹਿੰਦਰ ਸਿੰਘ ਖਹਿਰਾ, ਜੋਗਿੰਦਰ ਸਿੰਘ ਸੋਹੀ, ਜਗੀਰ ਸਿੰਘ ਸੋਹੀ, ਗੁਰਨਾਮ ਸਿੰਘ ਡੱਡੀਆਂ, ਸੁਖਦੇਵ ਸਿੰਘ ਮਰੜੀ, ਹਰਭਜਨ ਸਿੰਘ ਜਲਾਲਪੁਰਾ, ਦਲਵਿੰਦਰ ਸਿੰਘ ਸੁਪਾਰੀ ਵਿੰਡ, ਬਲਵਿੰਦਰ ਸਿੰਘ ਰਾਮ ਦਿਵਾਲੀ, ਸੁਭਾਸ਼ ਚੰਦਰ ਅੰਮ੍ਰਿਤਸਰੀਆ ਤੇ ਜੱਗਮੋਹਨ ਅੰਮ੍ਰਿਤਸਰੀਆ ਨੇ ਸੰਬੋਧਨ ਕੀਤਾ।



# ਬਾਬਾ ਸੈਣ ਭਗਤ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ : ਭਾਈ ਸੋਹਲ

**ਜਨਮ ਦਿਹਾੜਾ ਮਨਾਉਣ ਸਬੰਧੀ ਸਰਪੰਚਾਂ, ਪੰਚਾਂ ਤੇ ਪਿੰਡ ਵਾਸੀਆਂ ਨਾਲ ਕੀਤੀਆਂ ਵਿਚਾਰਾਂ**

**ਝਬਾਲ (ਹਰਜਿੰਦਰ ਸਿੰਘ ਸੋਨੀ)**-ਗੁਰਦੁਆਰਾ ਜਨਮ ਅਸਥਾਨ ਸ਼੍ਰੋਮਣੀ ਭਗਤ ਧੰਨ:ਧੰਨ ਬਾਬਾ ਸੈਣ ਭਗਤ ਜੀ ਪਿੰਡ ਸੋਹਲ ਠੱਠੀ ਜ਼ਿਲਾ ਤਰਨਤਾਰਨ ਵਿਖੇ ਬਾਬਾ ਸੈਣ ਭਗਤ ਜੀ ਦਾ ਜਨਮ ਦਿਹਾੜਾ ਗ੍ਰਾਮ ਪੰਚਾਇਤ ਪਿੰਡ ਸੋਹਲ, ਗ੍ਰਾਮ ਪੰਚਾਇਤ ਪਿੰਡ ਸੈਣ ਭਗਤ ਸੋਹਲ ਅਤੇ ਸਮੁੱਚੇ ਨਗਰ ਨਿਵਾਸੀਆਂ ਦੇ ਵੱਡਮੁੱਲੇ ਸਹਿਯੋਗ ਨਾਲ 6 ਦਸੰਬਰ ਦਿਨ ਸ਼ੁੱਕਰਵਾਰ ਨੂੰ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਅੱਜ ਗੁਰਦੁਆਰਾ ਬਾਬਾ ਸੈਣ ਭਗਤ ਸੋਹਲ ਵਿਖੇ ਮੁੱਖ ਸੇਵਾਦਾਰ ਭਾਈ ਤਰਲੋਚਨ ਸਿੰਘ ਸੋਹਲ ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਅਤੇ ਪਿੰਡ ਸੋਹਲ ਦੇ ਸਰਪੰਚ ਰਣਯੋਧ ਸਿੰਘ ਯੋਧਾ, ਸੈਣ ਭਗਤ ਸੋਹਲ ਦੇ ਸਰਪੰਚ ਗੁਰਦੇਵ ਸਿੰਘ ਫੌਜੀ, ਪੰਚਾਂ ਅਤੇ ਪਿੰਡ ਦੇ ਮੋਹਤਬਰਾਂ ਦੀ ਬਾਬਾ ਸੈਣ ਭਗਤ ਜੀ ਦੇ ਜਨਮ ਦਿਹਾੜੇ ਨੂੰ ਮਨਾਉਣ ਸਬੰਧੀ ਹੋਈ ਅਹਿਮ ਮੀਟਿੰਗ ਉਪ੍ਰੰਤ ਜਨਮ ਦਿਹਾੜੇ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਤਰਲੋਚਨ ਸਿੰਘ ਸੋਹਲ ਨੇ ਦੱਸਿਆ ਕਿ ਬੁੱਧਵਾਰ 4 ਦਸੰਬਰ ਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼੍ਰੀ ਅਖੰਡ ਪਾਠ ਸਾਹਿਬ ਰਖਵਾਏ ਜਾਣਗੇ ਜਿਨ੍ਹਾਂ ਦੇ 6 ਦਸੰਬਰ ਦਿਨ ਸ਼ੁੱਕਰਵਾਰ ਨੂੰ ਭੋਗ ਪਾਏ ਜਾਣਗੇ। ਉਪ੍ਰੰਤ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸ਼ਰੀ ਜਥਿਆਂ ਤੋਂ ਇਲਾਵਾ ਸਿਰਮੌਰ ਧਾਰਮਿਕ ਜਥੇਬੰਦੀਆਂ ਦੇ ਆਗੂ ਅਤੇ ਸੂਬੇ ਭਰ ਤੋਂ ਬਾਬਾ ਸੈਣ ਭਗਤ ਜੀ ਦੇ ਭਗਤ ਆਪਣੀਆਂ ਹਾਜ਼ਰੀ ਲਵਾਉਣ ਲਈ ਪੁੱਜਣਗੇ ਜਦਕਿ ਸ਼ਾਮ ਨੂੰ ਨਾਮਵਰ ਕਬੱਡੀ ਟੀਮਾਂ ਦਾ ਪ੍ਰਦਰਸ਼ਨੀ ਮੈਚ ਵੀ ਕਰਵਾਇਆ ਜਾਵੇਗਾ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੈਸ਼ੀਅਰ ਮਖਤੂਲ ਸਿੰਘ ਸੋਹਲ, ਅਮਰਜੀਤ ਸਿੰਘ, ਹਰਦੀਪ ਸਿੰਘ, ਭਾਈ ਹੁਸਨਦੀਪ ਸਿੰਘ ਸੋਹਲ, ਸਤਨਾਮ ਸਿੰਘ, ਚੈਂਚਲ ਸਿੰਘ, ਤੇਜਿੰਦਰ ਸਿੰਘ ਗੋਲਡੀ, ਗੁਰਜੰਟ ਸਿੰਘ, ਗੁਰਵੈਲ ਸਿੰਘ ਤੋਂ ਇਲਾਵਾ ਮੈਂਬਰ ਪੰਚਾਇਤ ਮਨਜੀਤ ਸਿੰਘ, ਕਰਮਜੀਤ ਸਿੰਘ, ਜਗਜੀਤ ਸਿੰਘ, ਕੁਲਦੀਪ ਸਿੰਘ ਸੁਖਦੇਵ ਸਿੰਘ, ਗੁਰਸੇਵਕ ਸਿੰਘ, ਹੀਰਾ ਸਿੰਘ, ਗੁਰਸਾਬ ਸਿੰਘ, ਹਰਜੀਤ ਸਿੰਘ, ਕਸ਼ਮੀਰ ਸਿੰਘ, ਅਵਤਾਰ ਸਿੰਘ, ਬੂਟਾ ਸਿੰਘ, ਹਰਜਿੰਦਰ ਸਿੰਘ, ਅਰਜਨ ਸਿੰਘ, ਹਿਰਦੇਪਾਲ ਸਿੰਘ, ਪ੍ਰਭਜੀਤ ਸਿੰਘ, ਹਰਜਿੰਦਰ ਸਿੰਘ, ਜਸਵੰਤ ਸਿੰਘ ਸਮੇਤ ਪਿੰਡ ਵਾਸੀ ਵੀ ਹਾਜ਼ਰ ਸਨ।



## ਕਿਸਾਨ ਬਿੱਟੂ ਦੀਆਂ ਗਿੱਦੜ ਧਮਕੀਆਂ ਤੋਂ ਡਰਨ ਵਾਲੇ ਨਹੀਂ : ਕਿਸਾਨ ਆਗੂ



ਚੋਹਲਾ ਸਾਹਿਬ (ਰਮਨ ਚੱਢਾ)-ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਇੱਕ ਬੰਨੇ ਤੇ ਭਾਜਪਾ ਦਾ ਐੱਮਪੀ ਬਿੱਟੂ ਗੁਰਦੁਆਰਾ ਮੁਕਤਸਰ ਸਾਹਿਬ ਦੀਆਂ ਯਾਤਰਾਵਾਂ ਕਰ ਰਿਹਾ ਹੈ ਤੇ ਦੂਜੇ ਬੰਨੇ ਵੋਟਾਂ ਲੈਣ ਦੀ ਖਾਤਿਰ ਕਿਸਾਨਾਂ ਨੂੰ ਡਰਾ ਧਮਕਾ ਰਿਹਾ ਹੈ ਕਿ ਜ਼ਿਮਨੀ ਚੋਣਾਂ ਤੋਂ ਬਾਅਦ ਕਿਸਾਨਾਂ ਦੀਆਂ ਜਾਇਦਾਦਾਂ ਦੀ ਜਾਂਚ ਕਰਵਾਈ ਜਾਊਗੀ। ਕਿਸਾਨਾਂ ਨੂੰ ਡਰਾ ਧਮਕਾ ਕੇ ਉਨ੍ਹਾਂ ਦੀਆਂ ਵੋਟਾਂ ਪਵਾਉਣਾ ਚਾਹੁੰਦਾ ਹੈ। ਕਿਸਾਨ ਆਗੂ ਦਦੇਹਰ ਸਾਹਿਬ ਨੇ ਦੱਸਿਆ ਕਿ ਇਸੇ ਤਰ੍ਹਾਂ ਹੀ 1936 ਵਿੱਚ ਅੰਗਰੇਜ਼ ਸਰਕਾਰ ਕਿਸਾਨਾਂ ਨੂੰ ਦਬਾਉਣ ਲੱਗੀ ਸੀ।ਉਸ ਟਾਈਮ ਤੇ ਗਦਰੀ ਬਾਬਿਆਂ ਨੇ ਕਿਸਾਨ ਸਭਾ ਬਾਬਾ ਸੋਹਨ ਸਿੰਘ ਭਕਨਾ, ਬਾਬਾ ਵਿਸਾਖਾ ਸਿੰਘ ਦਦੇਹਰ ਸਾਹਿਬ, ਜਵਾਲਾ ਸਿੰਘ ਠੱਠੀਆਂ ਕਿਸਾਨ ਸਭਾ ਬਣਾ ਕੇ ਅੰਗਰੇਜ਼ ਸਰਕਾਰ ਦੇ ਦੰਦ ਖੱਟੇ ਕਰ ਦਿੱਤੇ ਸੀ। ਬਿੱਟੂ ਕਿਸ ਬਾਗ ਦੀ ਮੂਲੀ ਹੈ ਜਿਹੜਾ ਕਿਸਾਨਾਂ ਨੂੰ ਡਰਾਉਂਦਾ ਧਮਕਾਉਂਦਾ ਹੈ? ਉਨ੍ਹਾਂ ਬਿੱਟੂ ਨੂੰ ਯਾਦ ਕਰਾਇਆ ਕਿ ਚਾਰ ਜ਼ਿਮਨੀ ਚੋਣਾਂ 'ਚ ਬੀਜੇਪੀ ਦੀਆਂ ਜ਼ਮਾਨਤਾਂ ਜ਼ਬਤ ਹੋਣਗੀਆਂ। ਇੰਡੀਆ ਗੱਠਜੋੜ ਹੀ ਚਾਰੇ ਜ਼ਿਮਨੀ ਚੋਣਾਂ 'ਚ ਜਿੱਤੂਗਾ।

## ਪ੍ਰਵਾਸੀ ਮਜ਼ਦੂਰ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਦੀਨਾਨਗਰ ਅਧੀਨ ਆਉਂਦੇ ਪਿੰਡ ਕਲੀਚਪੁਰ ਵਿਖੇ ਸ਼ਮਸ਼ਾਨਘਾਟ ਦੇ ਨੇੜੇ ਦਰੱਖਤ ਨਾਲ ਇਕ ਪ੍ਰਵਾਸੀ ਮਜ਼ਦੂਰ ਦੀ ਲਾਸ਼ ਲਟਕਦੀ ਮਿਲੀ ਹੈ। ਸ਼ਾਲਾ ਦੀ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹਰਮਿੰਦਰ ਸਿੰਘ ਸਨੀ ਦੇ ਬੇਵਕਤ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ

**ਫਗਵਾੜਾ ( ਜਸਵਿੰਦਰ ਢੱਡਾ)**- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂਆਂ ਜਥੇਦਾਰ ਰਜਿੰਦਰ ਸਿੰਘ ਫੌਜੀ, ਗੁਰਦਿਆਲ ਸਿੰਘ ਮਾਨਾਂਵਾਲੀ, ਕੁਲਦੀਪ ਸਿੰਘ ਨੂਰ, ਰੇਸ਼ਮ ਸਿੰਘ ਪੱਪੀ, ਸੁੱਚਾ ਸਿੰਘ ਬਿਸ਼ਨਪੁਰ, ਬੀਬੀ ਸੁਖਜੀਤ ਕੌਰ ਭੁਬਿਆਣਾ ਨੇ ਵਾਲੀਆ ਪਰਵਾਰ ਦੇ ਹੋਣਹਾਰ ਪੁੱਤਰ ਹਰਮਿੰਦਰ ਸਿੰਘ ਸਨੀ ਦੇ ਬੇਵਕਤ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਪੁੱਤਰਾਂ ਵਰਗੇ ਮਿੱਠੇ ਮੇਵਿਆਂ ਦਾ ਐਵੇਂ ਅਚਾਨਕ ਚਲੇ ਜਾਣਾ ਬਹੁਤ ਦੁਖਦਾਈ, ਅਸਿਹ ਪੀੜਾਦਾਇਕ ਦੁਖ ਹੁੰਦਾ। ਵਾਹਿਗੁਰੂ ਪਰਵਾਰ ਨੂੰ ਭਾਣਾ ਮੰਨਣ ਬਲ ਬਖਸ਼ੇ, ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਧੰਨ-ਧੰਨ ਸ਼੍ਰੋਮਣੀ ਭਗਤ ਸੈਣ ਜੀ ਦੇ ਸਾਲਾਨਾ ਜੋੜ ਮੇਲੇ ਸਬੰਧੀ ਪ੍ਰਬੰਧਕ ਕਮੇਟੀ ਵੱਲੋਂ ਮੀਟਿੰਗ ਆਯੋਜਿਤ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਗੁਰਦੁਆਰਾ ਜਨਮ ਅਸਥਾਨ ਬਾਬਾ ਸੈਣ ਭਗਤ ਜੀ ਪਿੰਡ ਠੱਠੀ ਸੋਹਲ ਜ਼ਿਲਾ ਤਰਨ ਤਾਰਨ ਵਿਖੇ ਧੰਨ ਧੰਨ ਸ਼੍ਰੋਮਣੀ ਭਗਤ ਸੈਣ ਜੀ ਦੇ ਜਨਮ ਦਿਹਾੜੇ ਮੌਕੇ ਸਾਲਾਨਾ ਜੋੜ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਪ੍ਰਧਾਨ ਜਥੇਦਾਰ ਤਰਲੋਚਨ ਸਿੰਘ ਸੋਹਲ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ ਧੰਨ ਬਾਬਾ ਸੈਣ ਭਗਤ ਜੀ ਜਨਮ ਦੇ ਜਨਮ ਦਿਹਾੜੇ ਨੂੰ ਮੁੱਖ ਰੱਖਦਿਆਂ ਸਾਲਾਨਾ ਜੋੜ ਮੇਲਾ 6 ਦਸੰਬਰ ਨੂੰ ਦੇਸ ਵਿਦੇਸ਼ ਅਤੇ ਨਗਰ ਸੋਹਲ ਦੀਆ ਸਮੂਹ ਸਾਧ ਸੰਗਤਾਂ ਦੇ ਵੱਡਮੁਲੇ ਸਹਿਯੋਗ ਨਾਲ ਬੜੀ ਸਰਧਾ ਭਾਵਨਾ ਤੇ ਧੂਮ ਧਾਮ ਮਨਾਇਆ ਜਾ ਰਿਹਾ ਹੈ ਜਿਸ ਸੰਬੰਧੀ ਮੇਲੇ ਦੀ ਤਿਆਰੀਆਂ ਨੂੰ ਮੁੱਖ ਰੱਖਦਿਆਂ ਪਿੰਡ ਦੀ ਸਮੂਹ ਸਾਧ ਸੰਗਤ ਕਮੇਟੀ ਮੈਂਬਰ ਪਿੰਡ ਦੇ ਪੰਚ ਸਰਪੰਚ ਤੇ ਪ੍ਰਮੁੱਖ ਸਖਸ਼ੀਅਤਾਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਦੱਸਿਆ ਕਿ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਇਆ ਜਾਵੇਗਾ ਤੇ 6 ਦਸੰਬਰ ਨੂੰ ਭੋਗ ਪਾਏ ਜਾਣ ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਜਾਣਗੇ ਧਾਰਮਿਕ ਦੀਵਾਨਾਂ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਤੇ ਕਵੀਸਰੀ ਜਥੇ ਸਾਲਾਨਾ ਜੋੜ ਮੇਲੇ ਮੌਕੇ ਆਈਆਂ ਸੰਗਤਾ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਸਰਪੰਚ ਗੁਰਦੇਵ ਸਿੰਘ ਫੌਜੀ, ਸਰਪੰਚ ਰਣਜੋਧ ਸਿੰਘ ਜੋਧਾ, ਮੈਂਬਰ ਮਨਜੀਤ ਸਿੰਘ ਬਾਰੀਆਂ, ਸਾਬਕਾ ਸਰਪੰਚ ਸਰਵਨ ਸਿੰਘ, ਸਾਬਕਾ ਸਰਪੰਚ ਸੰਤੋਖ ਸਿੰਘ, ਮੈਂਬਰ ਕਰਮਜੀਤ ਸਿੰਘ, ਜਗਜੀਤ ਸਿੰਘ, ਕੁਲਦੀਪ ਸਿੰਘ, ਸੁਖਦੇਵ ਸਿੰਘ, ਮੈਂਬਰ ਗੁਰਸੇਵਕ ਸਿੰਘ, ਮੈਂਬਰ ਹੀਰਾ ਸਿੰਘ, ਮੈਂਬਰ ਗੁਰਸਾਬ ਸਿੰਘ, ਮੈਂਬਰ ਹਰਜੀਤ ਸਿੰਘ, ਮੈਂਬਰ ਕਸ਼ਮੀਰ ਸਿੰਘ, ਮੈਂਬਰ ਅਵਤਾਰ ਸਿੰਘ, ਮੈਂਬਰ ਬੂਟਾ ਸਿੰਘ, ਮੈਂਬਰ ਹਰਜਿੰਦਰ ਸਿੰਘ, ਮੈਂਬਰ ਨਰਿੰਦਰਪਾਲ ਸਿੰਘ, ਪ੍ਰਭਜੀਤ ਸਿੰਘ, ਹਰਜਿੰਦਰ ਸਿੰਘ, ਜਸਵੰਤ ਸਿੰਘ, ਕਮੇਟੀ ਮੈਂਬਰ ਮਖਤੂਲ ਸਿੰਘ, ਅਮਰਜੀਤ ਸਿੰਘ, ਹਰਦੀਪ ਸਿੰਘ, ਹੁਸਨਦੀਪ ਸਿੰਘ, ਸਤਨਾਮ ਸਿੰਘ, ਚੈਂਚਲ ਸਿੰਘ, ਤੇਜਿੰਦਰ ਸਿੰਘ ਗੋਲਡੀ, ਗੁਰਜੰਟ ਸਿੰਘ, ਗੁਰਵੇਲ ਸਿੰਘ ਆਦਿ ਹਾਜ਼ਰ ਸਨ

# 2000 ਰੁਪਏ ਰਿਸ਼ਵਤ ਲੈਂਦਾ ਏ ਐੱਸ ਆਈ ਰੰਗੇ ਹੱਥੀਂ ਕਾਬੂ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਦੌਰਾਨ ਸ਼ਨੀਵਾਰ ਨੂੰ ਤਰਨਤਾਰਨ ਜ਼ਿਲੇ ਦੇ ਥਾਣਾ ਗੋਇੰਦਵਾਲ ਸਾਹਿਬ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ.) ਭੁਪਿੰਦਰ ਸਿੰਘ ਨੂੰ 2000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਨੂੰ ਦਿਲਬਾਗ ਸਿੰਘ ਵਾਸੀ ਪਿੰਡ ਧੂੰਦਾ, ਤਹਿਸੀਲ ਖਡੂਰ ਸਾਹਿਬ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਨੇ ਹੇਠਲੀ ਅਦਾਲਤ ਵਿੱਚ ਚੱਲ ਰਹੇ ਪੁਲਸ ਕੇਸ ਵਿੱਚ ਸ਼ਿਕਾਇਤਕਰਤਾ ਦੇ ਹੱਕ ਵਿੱਚ ਰਿਕਾਰਡ ਪੇਸ਼ ਕਰਨ ਬਦਲੇ 5,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਹੈ।ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਪੁਲਸ ਮੁਲਾਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 2,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।ਇਸ ਸਬੰਧੀ ਪੁਲਸ ਮੁਲਾਜ਼ਮ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਵਿਖੇ 27ਵੀਂ ਸਾਲਾਨਾ ਸਪੋਰਟਸ ਮੀਟ ਕਰਵਾਈ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਨੇ ਆਪਣੀ 27ਵੀਂ ਸਾਲਾਨਾ ਸਪੋਰਟਸ ਮੀਟ 8 ਨਵੰਬਰ ਅਤੇ 9 ਨਵੰਬਰ, 2024 ਨੂੰ ਕਰਵਾਈ।ਬੱਚਿਆਂ ਨੇ ਇਨ੍ਹਾਂ ਖੇਡਾਂ ਵਿੱਚ ਬੜੇ ਹੀ ਜੋਸ਼ੋ-ਖਰੋਸ਼ ਨਾਲ ਹਿੱਸਾ ਲਿਆ ਅਤੇ ਖੇਡਾਂ ਦੇ ਵੱਖ-ਵੱਖ ਇਵੈਂਟਸ ਵਿੱਚ ਭਾਗ ਲਿਆ ।ਇਨ੍ਹਾਂ ਖੇਡਾਂ ਵਿੱਚ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, ਰੀਲੇਅ ਰੇਸ, ਥ੍ਰੀ ਲੇਗ ਰੇਸ, ਮਲਟੀ ਰੇਸਮ ਫੁੱਟਬਾਲ ਰੇਸ, ਜੈਵਲਿਨ ਥ੍ਰੋ ਡਿਸਕਸ ਥ੍ਰੋ, ਲੌਂਗ ਜੰਪ ਆਦਿ ਐਥਲੈਟਿਕਸ ਦੇ ਸਾਰੇ ਮੁਕਾਬਲੇ ਕਰਵਾਏ ਗਏ ।

ਇਹ ਮੁਕਾਬਲੇ ਸਕੂਲ ਦੇ ਪੰਜ ਹਾਊਸਾਂ ਡੇਜ਼ੀ, ਲੋਟਸ ਪੈਨਜ਼ੀ, ਰੋਜ਼ ਅਤੇ ਲਿੱਲੀ ਹਾਊਸਾਂ ਵਿਚਕਾਰ ਕਰਵਾਏ ਗਏ।ਇਨ੍ਹਾਂ ਖੇਡਾਂ ਵਿੱਚ ਸਕੂਲ ਦੇ ਲੱਗਭਗ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ ।ਇਨ੍ਹਾਂ ਖੇਡਾਂ ਦੇ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਸੰਤ ਬਾਬਾ ਪਰਮਾਨੰਦ (ਮੁੱਖ ਸੇਵਾਦਾਰ, ਗੁਰਦੁਆਰਾ ਬਾਬਾ ਹੁੰਦਾਲ ਜੀ ਅਤੇ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਅਤੇ ਐਡਵੋਕੇਟ ਜੇ. ਐੱਸ. ਵਿਰਕ ਹਰਕੀਰਤ ਸਿੰਘ ਜੀ ਪਾਇਲਟ, ਸਾਹਿਲ ਸ਼ਰਮਾ ਉਚੇਚੇ ਤੌਰ 'ਤੇ ਸ਼ਾਮਿਲ ਹੋਏ ।ਖੇਡ ਮੇਲੇ ਦੀ ਸ਼ੁਰੂਆਤ ਵਿੱਚ ਸਕੂਲ ਦੇ ਸਾਰੇ ਖਿਡਾਰੀਆਂ ਵੱਲੋਂ ਬੈਂਡ ਦੀ ਬੀਟ ਦੇ ਨਾਲ ਸ਼ਾਨਦਾਰ ਮਾਰਚ ਪਾਸ ਕੀਤਾ ਗਿਆ।ਉਪਰੰਤ ਔਥ ਸੈਰਾਮਨੀ ਕੀਤੀ ਗਈ ਅਤੇ ਆਏ ਹੋਏ ਮਹਿਮਾਨਾਂ ਵੱਲੋ ਇਸ ਸਾਲ ਦੀ ਖੇਡਾਂ ਦੀ ਮਸ਼ਾਲ ਨੂੰ ਪ੍ਰਜਲਿਤ ਕਰਕੇ ਖੇਡਾਂ ਦਾ ਆਗਾਜ ਕੀਤਾ ।ਉਪਰੰਤ ਖੇਡਾਂ ਦੇ ਵੱਖ ਵੱਖ ਮੁਕਾਬਲੇ ਸ਼ੁਰੂ ਹੋਏ ।ਅਗਲੇ ਦਿਨ ਖੇਡ ਮੇਲੇ ਦੀ ਸਮਾਪਤੀ ਦੌਰਾਨ ਮੁੱਖ ਮਹਿਮਾਨ ਦੇ ਤੌਰ ਤੇ ਪ੍ਰਮੋਦ ਭਾਟੀਆ (ਚੇਅਰਮੈਨ) ਸਪੋਰਟਸ ਸੈੱਲ ਪੰਜਾਬ, ਡਾ. ਸੁਖਦੇਵ ਸਿੰਘ ਡੀਨ ਫਿਜ਼ੀਕਲ ਐਜੂਕੇਸ਼ਨ ਡਿਪਾਰਟਮੈਂਟ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਕਾਬਲ ਸਿੰਘ ਔਲਖ (ਸਪੋਰਟਸ ਪ੍ਰਮੋਟਰ, ਪ੍ਰੋਪ. ਸਿਗਨੇਚਰ ਗਰੀਨਜ਼, ਅੰਮ੍ਰਿਤਸਰ, ਅਮਨ ਸ਼ਰਮਾ, ਕਾਬਲ ਸਿੰਘ ਪ੍ਰੋਪਰਟੀ ਐਡਵਾਜਿਰ ਉਚੇਚੇ ਤੌਰ 'ਤੇ ਸ਼ਾਮਿਲ ਹੋਏ।ਸਾਰਾ ਮਾਹੌਲ ਵਿਦਿਆਰਥੀਆਂ ਦੇ ਜੋਸ਼ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ।

ਉਪਰੰਤ ਜੇਤੂ ਬੱਚਿਆਂ ਨੂੰ ਮੁੱਖ ਮਹਿਮਾਨਾਂ ਵੱਲੋਂ ਮੈਡਲ ਅਤੇ ਸਰਟੀਫਿਕੇਟ ਦੇ ਕੇ ਉਨ੍ਹਾਂ ਨੂੰ ਸ਼ਾਬਾਸ਼ੀ ਦਿੱਤੀ ਅਤੇ ਉਨ੍ਹਾਂ ਦਾ ਉਤਸਾਹ ਵਧਾਇਆ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰਸੀਪਲ ਅਮਰਪ੍ਰੀਤ ਕੌਰ (ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ), ਅਮਨਦੀਪ ਕੌਰ (ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਮਜੀਠਾ) ਨੇ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਸਕੂਲ ਪਹੁੰਚਣ ਤੇ ਉਨ੍ਹਾਂ ਦਾ ਧੰਨਵਾਦ ਕੀਤਾ।ਇਸ ਮੌਕੇ ਸਕੂਲ ਦੇ ਸਪੋਰਟਸ ਡਿਪਾਰਟਮੈਂਟ ਫਤਿਹ ਸਿੰਘ ਡੀ. ਪੀ., ਜਤਿੰਦਰ ਸਿੰਘ ਡੀ. ਪੀ., ਯਾਦਵਿੰਦਰ ਸਿੰਘ ਡੀ. ਪੀ., ਮਨਪ੍ਰੀਤ ਕੌਰ ਡੀ. ਪੀ., ਰੁਪਿੰਦਰ ਕੌਰ ਡੀ. ਪੀ., ਰਾਜਬੀਰ ਕੌਰ ਡੀ. ਪੀ., ਨੀਲਮ ਡੀ. ਪੀ. ਦੀ ਮਿਹਨਤ ਨੂੰ ਸਰਾਹਿਆ ਗਿਆ ।

ਇਸ ਖੇਡ ਮੇਲੇ ਵਿੱਚ ਸਟੇਜ ਸੈਕਟਰੀ ਦੀ ਭੂਮਿਕਾ ਜਸਬੀਰ ਸਿੰਘ ਅਤੇ ਨਵਜੀਤ ਕੌਰ ਨੇ ਬਾਖੂਬੀ ਨਿਭਾਈ ।ਇਸ ਮੌਕੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ, ਨਿਲਾਕਸ਼ੀ ਗੁਪਤਾ ਅਤੇ ਪ੍ਰਿਅੰਕਾ ਸ਼ਰਮਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਰਹੇ ।

# ਹੰਸਾਂ ਵਾਲਾ ਪਿੰਡ 'ਚ ਸਰਬਸੰਮਤੀ ਨਾਲ ਚੁਣੀ ਪੰਚਾਇਤ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ

**ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)**—ਬਲਾਕ ਖਡੂਰ ਸਾਹਿਬ ਅਧੀਨ ਆਉਂਦੇ ਪਿੰਡ ਹੰਸਾਂ ਵਾਲਾ ਵਿੱਚ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਹੋਈ ਜਿਸ ਦੇ ਮੱਦੇਨਜ਼ਰ ਸਮੁੱਚੇ ਪਿੰਡ ਵੱਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਇਕੱਠੇ ਹੋ ਕੇ ਸਤਿਗੁਰਾਂ ਦਾ ਸ਼ੁਕਰਾਨਾ ਅਦਾ ਕੀਤਾ ਗਿਆ ਅਤੇ ਅਹਿਦ ਲਿਆ ਕੇ ਉਹ ਪਿੰਡ ਦਾ ਵਿਕਾਸ ਬਗੈਰ ਕਿਸੇ ਪੱਖਪਾਤ ਦੇ ਕਰਨਗੇ ਅਤੇ ਸਮੁੱਚੇ ਪਿੰਡ ਦੀ ਸਲਾਹ ਨਾਲ ਹੀ ਸਾਰੇ ਕਾਰਜ ਨੇਪਰੇ ਚਾੜ੍ਹੇ ਜਾਇਆ ਕਰਨਗੇ।

ਇਸ ਮੌਕੇ ਸਵੇਰੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਗਿਆਨੀ ਰਸਾਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਨੇ ਅਰਦਾਸ ਬੇਨਤੀ ਕੀਤੀ ਉਪਰੰਤ ਚਾਹ ਪਕੌੜਿਆਂ ਅਤੇ ਲੰਗਰ ਦਾ ਯੋਗ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਸਮੁੱਚੇ ਪਿੰਡ ਨੇ ਹਾਜ਼ਰੀ ਭਰੀ। ਇਥੇ ਜ਼ਿਕਰਯੋਗ ਹੈ ਕਿ ਬਲਾਕ ਖਡੂਰ ਸਾਹਿਬ ਵਿੱਚ ਸਿਰਫ ਦੋ ਤਿੰਨ ਪਿੰਡਾਂ ਵਿੱਚ ਹੀ ਸਰਬਸੰਮਤੀ ਹੋ ਸਕੀ ਸੀ ਜਿਸ ਵਿੱਚ ਪਿੰਡ ਹੰਸਾਂ ਵਾਲਾ ਦੇ ਵਸਨੀਕਾਂ ਨੇ ਵੀ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰਕੇ ਬਲਾਕ ਵਿੱਚ ਆਪਣਾ ਨਾਮ ਰੌਸ਼ਨ ਕੀਤਾ।ਸਰਬਸੰਮਤੀ ਨਾਲ ਚੁਣੀ ਗਈ ਪੰਚਾਇਤ ਵਿੱਚ ਸਰਪੰਚ ਮਨਦੀਪ ਕੌਰ ਅਤੇ ਪੰਚ ਕੁਲਵਿੰਦਰ ਕੌਰ, ਪਲਵਿੰਦਰ ਕੌਰ, ਰਵੀ ਸ਼ੇਰ ਸਿੰਘ, ਮੁਖਤਿਆਰ ਸਿੰਘ, ਕਰਤਾਰ ਸਿੰਘ, ਨਿਰਵੈਰ ਸਿੰਘ, ਸੁਖਰਾਜ ਕੌਰ ਦੀ ਚੋਣ ਕੀਤੀ ਗਈ।ਨਵੀਂ ਚੁਣੀ ਗਈ ਪੰਚਾਇਤ ਸਰਪੰਚ ਪੰਚਾਂ ਅਤੇ ਕੈਪਟਨ ਦਿਲਬਾਗ ਸਿੰਘ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪੇ ਨਾਲ ਸਨਮਾਨਿਤ ਕੀਤਾ ਗਿਆ ।ਜ਼ਿਕਰਯੋਗ ਹੈ ਕਿ ਪਿੰਡ ਦੀ ਸਰਬਸੰਮਤੀ ਕਰਨ ਵਿੱਚ ਕੈਪਟਨ ਦਿਲਬਾਗ ਸਿੰਘ ਦਾ ਮੁੱਖ ਰੋਲ ਰਿਹਾ ਕਿਉਂਕਿ ਉਹ ਵੀ ਸਰਪੰਚੀ ਦੀ ਚੋਣ ਲੜ ਰਹੇ ਸਨ।ਜਦੋਂ ਉਨ੍ਹਾਂ ਨੂੰ ਨਿਮਰਤਾ ਸਹਿਤ ਸੰਗਤ ਵੱਲੋਂ ਬੇਨਤੀ ਕੀਤੀ ਗਈ ਕਿ ਤੁਹਾਡੇ ਪਿੱਛੇ ਹਟਣ ਨਾਲ ਸਰਬਸੰਮਤੀ ਹੁੰਦੀ ਹੈ ਤਾਂ ਉਨ੍ਹਾਂ ਨੇ ਇਸ ਬੇਨਤੀ ਨੂੰ ਖੜੇ ਮੱਥੇ ਪ੍ਰਵਾਨ ਕਰਦਿਆਂ ਹੋਇਆ ਪਿੰਡ ਦੇ ਸਰਬਪੱਖੀ ਵਿਕਾਸ ਅਤੇ ਭਾਈਚਾਰਕ ਸਾਂਝ ਨੂੰ ਮੱਦੇਨਜ਼ਰ ਰੱਖਦਿਆਂ ਹੋਇਆਂ ਇਸ ਚੋਣ ਵਿੱਚੋਂ ਪਿੱਛੇ ਹਟ ਗਏ ਤਾਂ ਜੋ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਹੋ ਸਕੇ ।ਇਸ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਰਹੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਪੰਪ ਵਾਲੇ, ਨੰਬਰਦਾਰ ਗੁਰਵਿੰਦਰ ਸਿੰਘ, ਨੰਬਰਦਾਰ ਮਲਕੀਤ ਸਿੰਘ, ਪਰਗਟ ਸਿੰਘ, ਬਲਰਾਜ ਸਿੰਘ, ਦਲਜੀਤ ਸਿੰਘ, ਜਗੀਰ ਸਿੰਘ, ਪ੍ਰੀਤਮ ਸਿੰਘ, ਰਾਜਵਿੰਦਰ ਸਿੰਘ ਰਾਜੂ, ਹਰਦੀਪ ਸਿੰਘ, ਕਾਬਲ ਸਿੰਘ, ਵੀਰ ਸਿੰਘ, ਹਰਦੇਵ ਸਿੰਘ, ਮੇਜਰ ਸਿੰਘ, ਸਰਮੈਲ ਸਿੰਘ, ਬਲਦੇਵ ਸਿੰਘ, ਆਤਮਾ ਸਿੰਘ, ਕੁਲਵਿੰਦਰ ਸਿੰਘ, ਜਸਵਿੰਦਰ ਸਿੰਘ, ਦਵਿੰਦਰ ਸਿੰਘ, ਪਾਲ ਸਿੰਘ, ਗੁਰਵਿੰਦਰ ਸਿੰਘ, ਦਿਲਬਾਗ ਸਿੰਘ, ਬਚਨ ਸਿੰਘ, ਪ੍ਰਕਾਸ਼ ਸਿੰਘ ਅਤੇ ਪੰਨਾ ਸਿੰਘ ਆਦਿ ਹਾਜ਼ਰ ਸਨ।



# ਜਥੇਦਾਰ ਬਾਬਾ ਕੁਲਵੰਤ ਸਿੰਘ ਵੱਲੋਂ ਨਿਭਾਈਆਂ ਸੇਵਾਵਾਂ ਦੀ ਸਿਲਵਰ ਜੁਬਲੀ ਵੱਡੀ ਪੱਧਰ 'ਤੇ ਮਨਾਈ ਜਾਵੇਗੀ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਬੁੱਢਾ ਦਲ ਦੇ 316ਵੇਂ ਸਥਾਪਨਾ ਦਿਵਸ ਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਿਲ ਨਗਰ ਸਾਹਿਬ ਨਾਂਦੇੜ ਵਿਖੇ ਮਨਾਉਂਦਿਆਂ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾਵਹੀਰ ਨੇ ਐਲਾਨ ਕੀਤਾ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਮੁਖ ਜਥੇਦਾਰ ਦੀ ਸੇਵਾ ਨਿਭਾ ਰਹੇ ਬ੍ਰਹਮਮੂਰਤ, ਸੇਵਾ ਦੇ ਪੁੰਜ, ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜੀ ਦੇ ਸੇਵਾ ਦੇ 25 ਸਾਲ ਭਾਵ ਸਿਲਵਰ ਜੁਬਲੀ ਵਰ੍ਹਾ 25 ਜਨਵਰੀ 2025 ਨੂੰ ਆ ਰਿਹਾ ਹੈ। ਉਨ੍ਹਾਂ ਗੁਰਦੁਆਰਾ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਬੋਰਡ ਦੇ ਸਮੁੱਚੇ ਪ੍ਰਬੰਧਕਾਂ ਨੂੰ ਗੁਰੂ ਮਹਾਰਾਜ ਦੇ ਸ਼ੁਕਰਾਨੇ ਤੇ ਚੜ੍ਹਦੀਕਲਾ ਦੀ ਭਾਵਨਾ ਨਾਲ ਸਮੂਹ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਖੁਸ਼ੀ ਭਰੇ ਸਮਾਗਮਾਂ ਨੂੰ ਵੱਧ ਚੜ੍ਹ ਕੇ ਸਿਰਜੋੜ ਮਨਾਉਣ ਦੀ ਅਪੀਲ ਕੀਤੀ ਹੈ।ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਨਮੁਖ ਜੁੜੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਗੁਰ ਜੈਸਾ ਨਾਹੀ ਕੋ ਦੇਵ ਜਿਸ ਮਸਤਕਿ ਭਾਗੁ ਸੋ ਲਾਗਾ ਸੇਵ। ਬਾਬਾ ਕੁਲਵੰਤ ਸਿੰਘ ਹੁਰਾਂ ਤਨ, ਮਨ, ਸਮਰਪਿਤ ਭਾਵਨਾ ਨਾਲ ਗੁਰੂ ਦਰਬਾਰ ਦੀ ਸੇਵਾ ਨਿਭਾਈ ਹੈ ਤੇ ਨਿਭਾ ਰਹੇ ਹਨ।ਇਨ੍ਹਾਂ ਦੇ ਸੇਵਾ ਪੱਖੋਂ 25 ਸਾਲ ਜਨਵਰੀ 2025 ਵਿੱਚ ਮੁਕੰਮਲ ਹੋ ਰਹੇ ਹਨ ਤੇ ਸੰਗਤਾਂ ਤੇ ਸਮੂਹ ਜਥੇਬੰਦੀਆਂ ਅੰਦਰ ਪੂਰਨ ਚਾਅ ਉਤਸ਼ਾਹ ਹੈ। ਇਸ ਨੂੰ ਗੁਰਮਤਿ ਵਿਧੀ ਵਿਧਾਨ ਅਤੇ ਗੁਰੂ ਦੀ ਭੈਅ ਭਾਵਨੀ ਵਿੱਚ ਚੜ੍ਹਦੀਕਲਾ ਨਾਲ ਮਨਾਇਆ ਜਾਵੇ।ਅਸੀਂ ਵੀ ਅਰਦਾਸ ਕਰਦੇ ਹਾਂ ਕਿ ਗੁਰੂ ਸਾਹਿਬ ਬਾਬਾ ਕੁਲਵੰਤ ਸਿੰਘ ਨੂੰ ਤੰਦਰੁਸਤੀ, ਸੇਹਤਯਾਬੀ, ਬਲ ਬਖਸ਼ਣ ਕਿ ਉਹ ਅਗਲੇਰਾ ਜੀਵਨ ਖੁਸ਼ੀਆਂ ਖੇੜਿਆਂ ਤੇ ਗੁਰੂਘਰ ਦੀ ਸੇਵਾ ਵਿੱਚ ਬਤੀਤ ਕਰਨ।ਬਾਬਾ ਕੁਲਵੰਤ ਸਿੰਘ ਨੇ ਆਪਣਾ ਸਮੁੱਚਾ ਜੀਵਨ ਹੀ ਗੁਰਮਤਿ ਅਨੁਸਾਰੀ ਚੜ੍ਹਦੀਕਲਾ ਵਾਲਾ ਸੰਘਰਸ਼ਮਈ ਬਿਤਾਇਆ ਹੈ। ਉਨ੍ਹਾਂ ਨੇ ਪਾਠੀ, ਗ੍ਰੰਥੀ, ਮੀਤ ਗ੍ਰੰਥੀ, ਹੈੱਡ ਗ੍ਰੰਥੀ, ਮੀਤ ਜਥੇਦਾਰ, ਜਥੇਦਾਰ ਵਜੋਂ ਪ੍ਰਸ਼ੰਸਾਜਨਕ ਸੇਵਾ ਨਿਭਾਈਆਂ ਤੇ ਨਿਭਾ ਰਹੇ ਹਨ।ਇਸ ਸਮੇਂ ਬੁੱਢਾ ਦਲ ਦੇ ਮੁਖੀ ਨੇ ਗੁਰੂ ਘਰ ਲਈ ਇੱਕ ਲੱਖ ਗਿਆਰਾਂ ਹਜ਼ਾਰ ਰੁਪਏ ਦੀ ਰਾਸ਼ੀ ਵੀ ਭੇਟ ਕੀਤੀ।ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14ਵੇਂ ਮੁਖੀ ਬੁੱਢਾ ਦਲ ਨੇ ਸਥਾਪਨਾ ਦਿਵਸ ਸਮਾਗਮਾਂ ਵਿੱਚ ਪੁੱਜੀਆਂ ਵਿਸ਼ੇਸ਼ ਧਾਰਮਿਕ ਸਖ਼ਸ਼ੀਅਤਾਂ, ਸਿੰਘ ਸਾਹਿਬਾਨ, ਨਿਹੰਗ ਸਿੰਘ ਦਲਾਂ, ਜਥੇਬੰਦੀਆਂ, ਟਕਸਾਲਾਂ, ਸਭਾ ਸੁਸਾਇਟੀਆਂ, ਸੰਤ ਮਹਾਂਪੁਰਸ਼ਾਂ ਤੇ ਸੰਗਤਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਹੈ।ਉਨ੍ਹਾਂ ਦੇ ਨਾਲ ਇਸ ਸਮੇਂ ਬਾਬਾ ਮਲੂਕ ਸਿੰਘ ਲਾਡੀ, ਬਾਬਾ ਨਾਗਰ ਸਿੰਘ ਵੇਲਾਂ, ਭਾਈ ਕਸ਼ਮੀਰ ਸਿੰਘ ਹੈੱਡ ਗ੍ਰੰਥੀ, ਭਾਈ ਗੁਰਮੀਤ ਸਿੰਘ ਮੀਤ ਗ੍ਰੰਥੀ, ਬਾਬਾ ਜੋਤਇੰਦਰ ਸਿੰਘ, ਸਿੰਘ ਸਾਹਿਬ ਗਿਆਨੀ ਰਾਮ ਸਿੰਘ, ਇੰਦਰਪਾਲ ਸਿੰਘ ਫੌਜੀ, ਰਵਿੰਦਰ ਸਿੰਘ ਬੁੰਗਈ, ਹਰਜੀਤ ਸਿੰਘ ਕੜੇਵਾਲੇ, ਜੈਮਲ ਸਿੰਘ, ਜਸਪਾਲ ਸਿੰਘ ਲਾਂਗਰੀ, ਗਿਆਨੀ ਪਰਮਜੀਤ ਸਿੰਘ, ਭਾਈ ਤਨਵੀਰ ਸਿੰਘ ਕਥਾਵਾਚਕ, ਭਾਈ ਸੁਖਵਿੰਦਰ ਸਿੰਘ ਕਥਾਵਾਚਕ ਆਦਿ ਹਾਜ਼ਰ ਸਨ।

ਇਸ ਸਮੇਂ ਬਾਬਾ ਪਰਮਜੀਤ ਸਿੰਘ ਮਹਾਂਕਾਲ, ਬਾਬਾ ਗੁਰਸ਼ੇਰ ਸਿੰਘ, ਇੰਦਰਪਾਲ ਸਿੰਘ ਫੌਜੀ ਰਿੱਕੀ, ਬਾਬਾ ਸੁਖਦੇਵ ਸਿੰਘ ਸੁੱਖਾ, ਬਾਬਾ ਵਿਸ਼ਪ੍ਰਤਾਪ ਸਿੰਘ, ਬਾਬਾ ਰਣਜੋਧ ਸਿੰਘ, ਬਾਬਾ ਮਲੂਕ ਸਿੰਘ ਲਾਡੀ, ਬਾਬਾ ਈਸ਼ਰ ਸਿੰਘ, ਬਾਬਾ ਗੁਰਮੁੱਖ ਸਿੰਘ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਗਗਨਦੀਪ ਸਿੰਘ, ਬਾਬਾ ਬੂਟਾ ਸਿੰਘ ਲੰਬਵਾਲੀ, ਬਾਬਾ ਲਛਮਣ ਸਿੰਘ, ਬਾਬਾ ਜੱਸਾ ਸਿੰਘ, ਭਾਈ ਮਾਨ ਸਿੰਘ ਆਦਿ ਹਾਜ਼ਰ ਸਨ।



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਨੂੰ ਸੀਕੇਡੀ ਇੰਟਰ ਸਕੂਲ ਸਾਇੰਸ ਕੁਇਜ਼ ਮੁਕਾਬਲੇ 'ਚ ਦੂਜਾ ਸਥਾਨ ਹਾਸਲ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਚੀਫ ਖਾਲਸਾ ਦੀਵਾਨ ਦੀ ਸਹਿਯੋਗ ਰਹਿਨੁਮਾਈ ਹੇਠ ਚੱਲ ਰਹੀ ਤਰਨ ਤਾਰਨ ਜ਼ਿਲੇ ਦੀ ਪ੍ਰਸਿੱਧ ਸੰਸਥਾ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਤਰਨ ਤਾਰਨ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਲਿੰਕ ਰੋਡ, ਅੰਮ੍ਰਿਤਸਰ ਵਿੱਚ ਸੀਕੇਡੀ ਇੰਟਰ ਸਕੂਲ ਸਾਇੰਸ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ ਅਤੇ ਦੂਸਰਾ ਸਥਾਨ ਪ੍ਰਾਪਤ ਕੀਤਾ ।ਇਸ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਵੱਖ ਵੱਖ ਅੱਠ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ।ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਤਰਨਤਾਰਨ ਦੀ ਵੰਸ਼ਿਕਾ ਅਤੇ ਕਰਨ ਕੁਮਾਰ ਨੇ ਬੇਮਿਸਾਲ ਵਿਗਿਆਨਕ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਹਾਸਲ ਕੀਤਾ। ਚੀਫ ਖਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਸਕੂਲ ਦੇ ਸਿੱਖਿਆ 'ਤੇ ਜ਼ੋਰ ਨੂੰ ਦਰਸਾਉਂਦੀ ਹੈ।ਸਥਾਨਕ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਸ: ਗੁਰਿੰਦਰ ਸਿੰਘ ਨੇ ਅੱਗੇ ਕਿਹਾ ਕਿ ਸਾਡੇ ਵਿਦਿਆਰਥੀਆਂ ਵਿੱਚ ਵਿਗਿਆਨਕ ਮੁਹਾਰਤ ਹੁੰਦੀ ਹੈ ਅਤੇ ਇਹ ਮੁਕਾਬਲੇ ਆਲੋਚਨਾਤਮਕ ਸੋਚ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਦੇ ਹਨ।ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਕਿਹਾ ਕਿ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੇ ਗਿਆਨ ਅਤੇ ਟੀਮ ਵਰਕ ਦੇ ਹੁਨਰ ਵਿੱਚ ਵਾਧਾ ਹੁੰਦਾ ਹੈ।ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ ਨੇ ਕਿਹਾ ਕਿ ਇਹ ਪ੍ਰਾਪਤੀ ਸਾਡੇ ਸਕੂਲ ਦੀ ਪ੍ਰਤਿਭਾਸ਼ਾਲੀ ਦਿਮਾਗਾਂ ਨੂੰ ਪਾਲਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਅਸੀਂ ਸਾਡੇ ਵਿਦਿਆਰਥੀਆਂ ਦੀ ਨਿਰੰਤਰ ਸਫਲਤਾ ਦੀ ਕਾਮਨਾ ਕਰਦੇ ਹਾਂ।ਸਕੂਲ ਦੇ ਪ੍ਰਿੰ. ਸਤਵੰਤ ਸਿੰਘ ਬੈਂਸ ਨੇ ਮਾਣ ਪ੍ਰਗਟ ਕਰਦੇ ਹੋਏ ਕਿਹਾ ਕਿ ਸੀਕੇਡੀ ਇੰਟਰ ਸਕੂਲ ਸਾਇੰਸ ਕੁਇਜ਼ ਮੁਕਾਬਲੇ ਨੇ ਵਿਦਿਆਰਥੀਆਂ ਨੂੰ ਉਤਸੁਕਤਾ ਅਤੇ ਨਵੀਨਤਾ ਦੀ ਭਾਵਨਾ ਪੈਦਾ ਕਰਦੇ ਹੋਏ ਵਿਗਿਆਨ ਦੇ ਅਜੂਬਿਆਂ ਦੀ ਪੜਚੋਲ ਕਰਨ ਲਈ ਪ੍ਰੇਰਿਤ ਕੀਤਾ।



## ਹਵਾਈ ਅੱਡਿਆਂ 'ਤੇ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਾਉਣ 'ਤੇ ਪਾਬੰਦੀ ਲਾਉਣਾ ਸਰਕਾਰ ਦੀ ਅਕ੍ਰਿਤਘਣਤਾ : ਪ੍ਰੋ. ਬਲਜਿੰਦਰ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਭਾਰਤ ਦੇ ਹਵਾਈ ਅੱਡਿਆਂ ਤੇ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਵੱਲੋਂ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਵਿਰੁੱਧ ਡਿਊਟੀ ਦੌਰਾਨ ਕਿਰਪਾਨ ਪਹਿਨਣ 'ਤੇ ਲਗਾਈ ਪਾਬੰਦੀ ਨੂੰ ਜਥੇਦਾਰ ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਨੇ ਸਿੱਖਾਂ ਦੀ ਨਿਆਰੀ ਹੋਂਦ 'ਤੇ ਹਮਲਾ ਦੱਸਦੇ ਹੋਏ ਇਸਨੂੰ ਦਿੱਲੀ ਦੇ ਹੁਕਮਰਾਨਾਂ ਦੀ ਅਕ੍ਰਿਤਘਣਤਾ ਕਿਹਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਚੁਣੌਤੀਆਂ ਦਾ ਹੱਲ ਕੇਵਲ ਕੌਮੀ ਘਰ ਦੀ ਸਥਾਪਨਾ ਹੈ ਜਿਸ ਕਿਰਪਾਨ ਤੇ ਹਵਾਈ ਅੱਡਿਆਂ ਤੇ ਪਾਬੰਦੀ ਲਗਾਈ ਗਈ ਹੈ। ਉਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਲਾਜ਼ਮੀ ਤੌਰ 'ਤੇ ਹਰ ਸਮੇਂ ਧਾਰਨ ਕਰਨ ਲਈ ਆਦੇਸ਼ ਦਿੱਤਾ ਹੈ।ਇਸ ਕਿਰਪਾਨ ਦੀ ਬਦੌਲਤ ਹੀ ਮੁਗ਼ਲ ਅਤੇ ਅੰਗ੍ਰੇਜ਼ ਹਕੂਮਤ ਦੇ ਜ਼ੁਲਮ ਦਾ ਖ਼ਾਤਮਾ ਹੋਇਆ ਸੀ।ਅੱਜ ਭਾਰਤ ਜੋ ਆਜ਼ਾਦੀ ਦਾ ਨਿੱਘ ਮਾਣ ਰਿਹਾ ਹੈ ਉਸ ਲਈ ਸਿੱਖਾਂ ਦਾ ਅੱਸੀ ਫੀਸਦੀ ਤੋਂ ਵੱਧ ਯੋਗਦਾਨ ਹੈ।ਇਸ ਕਿਰਪਾਨ ਦੇ ਨਾਲ ਅੰਮ੍ਰਿਤਧਾਰੀ ਸਿੱਖ ਫ਼ੌਜੀ ਗੁਰਤੇਜ ਸਿੰਘ ਨੇ ਸਾਲ 2020 'ਚ ਗਿਲਵਾਨ ਘਾਟੀ 'ਤੇ ਚੀਨ ਦੇ ਬਾਰਾਂ ਫ਼ੌਜੀਆਂ ਨੂੰ ਮੌਤ ਦੇ ਘਾਟ ਉਤਾਰਿਆ ਸੀ।ਪ੍ਰੋ. ਬਲਜਿੰਦਰ ਸਿੰਘ ਨੇ ਕਿਹਾ ਕਿ ਮੁਸਲਿਮ ਲੜਕੀਆਂ ਤੇ ਕੁਝ ਸਾਲ ਪਹਿਲਾਂ ਸਕੂਲਾਂ ਵਿੱਚ ਹਿਜਾਬ ਪਾਉਣ ਤੇ ਪਾਬੰਦੀ ਲਗਾਈ ਗਈ ਸੀ। ਅਸੀਂ ਉਸ ਵੇਲੇ ਕਿਹਾ ਸੀ ਕਿ ਅਗਲਾ ਹਮਲਾ ਸਿੱਖਾਂ ਦੇ ਕਕਾਰਾਂ 'ਤੇ ਹੋਵੇਗਾ ਜੋ ਅੱਜ ਸੱਚ ਸਾਬਿਤ ਹੋ ਗਿਆ ਹੈ।ਸਿੱਖਾਂ ਦੀ ਅੱਡਰੀ ਹੋਂਦ ਅਤੇ ਪੰਜਾਬ ਤੇ ਵਾਰ-ਵਾਰ ਹਮਲਾ ਕਰਕੇ ਸਾਨੂੰ ਉਲ਼ਝਾਇਆ ਜਾ ਰਿਹਾ ਹੈ ਅਤੇ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ।ਇਸਦੇ ਉਲਟ ਵਿਦੇਸ਼ਾਂ ਵਿਚ ਸਿੱਖਾਂ ਨੂੰ ਕਿਰਪਾਨ ਪਾਉਣ ਦੀ ਖੁੱਲ ਦਿੱਤੀ ਜਾ ਰਹੀ ਹੈ।ਉਨ੍ਹਾਂ ਸਿੱਖ ਜਥੇਬੰਦੀਆਂ ਨੂੰ ਕਿਹਾ ਕਿ ਆਪਸੀ ਮੱਤਭੇਦ ਭੁਲਾ ਕੇ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਯੋਜਨਾਬੱਧ ਕਰਨ ਲਈ ਇਕਜੁਟ ਹੋਣ।

## ਅਮਿਤ ਔਲ ਦੀ ਅਗਵਾਈ 'ਚ ਚੋਣ ਰੈਲੀ ਲਈ 30 ਕਾਰਾਂ ਦਾ ਕਾਫਲਾ ਰਵਾਨਾ

**ਅਜਨਾਲਾ (ਸੁੱਖਤਿੰਦਦਰ ਸਿੰਘ ਰਾਜੂ)**-ਹਲਕਾ ਡੇਰਾ ਬਾਬਾ ਨਾਨਕ ਅਜਨਾਲਾ ਤੋਂ ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ ਵਿੱਚ ਡੇਰਾ ਬਾਬਾ ਨਾਨਕ ਨਜ਼ਦੀਕ ਪਿੰਡ ਅਗਵਾਨ ਵਿਖੇ ਕੀਤੀ ਗਈ ਰੈਲੀ ਜਿਸ ਵਿੱਚ ਆਪ ਦੇ ਕਨਵੀਨਰ ਅਰਵਿੰਦਰ ਕੇਜਰੀਵਾਲ ਸ਼ਾਮਿਲ ਹੋਏ। ਇਸ ਰੈਲੀ ਵਿੱਚ ਅਜਨਾਲੇ ਤੋਂ ਆਮ ਆਦਮੀ ਪਾਰਟੀ ਦੇ ਵਾਰਡ ਇੰਚਾਰਜਾਂ ਦੇ ਵਫਦ ਦੀ ਅਗਵਾਈ ਅਜਨਾਲਾ ਸ਼ਹਿਰੀ ਪ੍ਰਧਾਨ ਅਮਿਤ ਔਲ ਨੇ ਕੀਤੀ। ਇਹ ਤਕਰੀਬਨ 30 ਕਾਰਾਂ ਦਾ ਕਾਫਲਾ ਰਵਾਨਾ ਹੋਇਆ। ਇਸ ਮੌਕੇ ਨਵਾਂ ਜ਼ਮਾਨਾ ਨਾਲ ਗੱਲਬਾਤ ਕਰਦਿਆਂ ਸ਼ਹਿਰੀ ਪ੍ਰਧਾਨ ਅਮਿਤ ਔਲ ਨੇ ਕਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਅੰਦਰ ਕੀਤੇ ਜਾ ਰਹੇ ਵਿਕਾਸ ਕਾਰਜਾਂ ਤੇ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਰੀਵਾਲ ਦੀ ਅਗਵਾਈ ਵਿੱਚ ਲੜੀ ਜਾ ਰਹੀ ਡੇਰ ਬਾਬਾ ਨਾਨਕ ਜ਼ਿਮਨੀ ਚੋਣ ਵਿੱਚ ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਡੇਰਾ ਬਾਬਾ ਨਾਨਕ ਦੇ ਲੋਕ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਭੇਜਣਗੇ। ਇਸ ਮੌਕੇ ਸੀਨੀਅਰ ਆਪ ਆਗੂ ਸਾਬਕਾ ਕੌਂਸਲਰ ਬਲਜਿੰਦਰ ਸਿੰਘ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਸ਼ਿਵਦੀਪ ਸਿੰਘ ਚਾਹਲ, ਭਾਈ ਕਾਬਲ ਸਿੰਘ ਸ਼ਾਹਪੁਰ, ਹਰਪ੍ਰੀਤ ਸਿੰਘ ਸੋਹਲ, ਹੈਪੀ ਗਿੱਲ, ਰਮੇਸ਼ ਮਹਾਜਨ, ਮੋਹਨ ਸਿੰਘ ਸਰਾਫ, ਗੁਰਦੀਪ ਕੌਰ, ਮੈਡਮ ਗੀਤਾ ਗਿੱਲ, ਕੌਂਸਲਰ ਅਵਿਨਾਸ਼ ਮਸੀਹ, ਕੌਂਸਲਰ ਨੰਦ ਲਾਲ ਭਾਊ, ਸੁਖਦਿਆਲ ਸਿੰਘ, ਗੁਰਿੰਦਰ ਸਿੰਘ ਗੁੱਜਰਪੁਰਾ, ਅਜੇ ਕੁਮਾਰ, ਦਿਲਬਾਗ ਸਿੰਘ ਘੁੱਲੀ, ਸ਼ਮਸ਼ੇਰ ਸਿੰਘ ਸ਼ੇਰਾ, ਅਮਿਤ ਪੁਰੀ, ਦੀਪਕ ਭੱਟੀ, ਗੁਰਨਾਮ ਸਿੰਘ, ਗੋਰਾ ਸੱਗੂ, ਗੁਰਦੇਵ ਸਿੰਘ ਗੁਲਾਬ ਆਦਿ ਹਾਜ਼ਰ ਸਨ।



# ਪੰਜਾਬ ਦੇ ਲੋਕ 'ਆਪ' ਨਾਲ ਚੱਟਾਨ ਵਾਂਗ ਖੜ੍ਹੇ : ਸ਼ਮਸ਼ੇਰ ਸਿੰਘ

**ਦੀਨਾਨਗਰ (ਸੰਜੀਵ)**-ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ ਸ਼ਹਿਰੀ ਅਤੇ ਹਲਕਾ ਇੰਚਾਰਜ ਦੀਨਾਨਗਰ ਸ਼ਮਸ਼ੇਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਨਾਲ ਚੱਟਾਨ ਵਾਂਗ ਖੜੇ ਹਨ ਜਿਸ ਸਦਕਾ ਆਮ ਆਦਮੀ ਪਾਰਟੀ ਪੰਜਾਬ ਦੇ ਚਾਰ ਵਿਧਾਨਸਭਾ ਹਲਕਿਆਂ ਅੰਦਰ ਹੋ ਰਹੀਆਂ ਜ਼ਿਮਨੀ ਚੋਣਾਂ ਸ਼ਾਨ ਨਾਲ ਜਿੱਤੇਗੀ।

ਇਸ ਗੱਲ ਦਾ ਖੁਲਾਸਾ ਉਨ੍ਹਾਂ ਨੇ ਡੇਰਾ ਬਾਬਾ ਨਾਨਕ ਹਲਕੇ ਅੰਦਰ ਮੁੱਖ ਮੰਤਰੀ ਭਗਵੰਤ ਮਾਨ ਦੀ ਚੋਣ ਰੈਲੀ ਚ ਸ਼ਾਮਲ ਹੋਣ ਲਈ ਰਵਾਨਾ ਹੋਣ ਤੋਂ ਪਹਿਲਾਂ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਰਫ ਢਾਈ ਸਾਲਾਂ ਦੇ ਦੌਰਾਨ ਹੀ ਇਤਿਹਾਸਕ ਕੰਮ ਕੀਤੇ ਹਨ ਜਿਨ੍ਹਾਂ ਵਿੱਚ ਘਰੇਲੂ ਬਿਜਲੀ ਖਪਤਕਾਰਾਂ ਨੂੰ 600 ਯੂਨਿਟ ਬਿਜਲੀ ਮੁਫਤ, ਸਿਹਤ ਸਹੂਲਤਾਂ ਲਈ ਖੋਲੇ ਗਏ ਆਮ ਆਦਮੀ ਕਲੀਨਿਕ, ਸਿੱਖਿਆ ਸੁਧਾਰ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ, ਨਿਰਵਿਘਨ ਤੇ ਵਾਧੂ ਬਿਜਲੀ ਵਰਗੀਆਂ ਸਹੂਲਤਾਂ ਸ਼ਾਮਲ ਹਨ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦਾ ਖਿਆਲ ਰੱਖ ਰਹੀ ਹੈ ਅਤੇ ਲੋਕਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਨੇ ਸੂਬੇ ਅੰਦਰ ਝੋਨੇ ਦੀ ਖਰੀਦ ਅਤੇ ਡੀਏਪੀ ਖਾਦ ਦੀ ਸਮੱਸਿਆ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਅਸਲ ਵਿੱਚ ਇਹ ਸਾਰੀ ਸਮੱਸਿਆ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਾਣਬੁੱਝ ਕੇ ਪੈਦਾ ਕੀਤੀ ਹੋਈ ਹੈ ਅਤੇ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਦੇ ਖਿਲਾਫ ਬਦਲਾਲਊ ਭਾਵਨਾ ਤਹਿਤ ਕੰਮ ਕਰ ਰਹੀ ਹੈ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਕਿਸਾਨਾਂ ਨਾਲ ਡਟ ਕੇ ਖੜੀ ਹੈ ਅਤੇ ਕਿਸਾਨਾਂ ਦੇ ਹਿੱਤਾਂ ਲਈ ਹਰ ਲੜਾਈ ਲੜਨ ਨੂੰ ਤਿਆਰ ਹੈ।ਇਸ ਮੌਕੇ ਤੇ ਬਲਾਕ ਪ੍ਰਧਾਨ ਜਸਬੀਰ ਸਿੰਘ ਕਠਿਆਲੀ, ਬਲਾਕ ਪ੍ਰਧਾਨ ਰਣਜੀਤ ਸਿੰਘ ਜੀਵਨਚੱਕ, ਬਲਾਕ ਪ੍ਰਧਾਨ ਸੁਖਜਿੰਦਰ ਸਿੰਘ ਬੁਗਨਾ, ਬਲਾਕ ਪ੍ਰਧਾਨ ਮਸਤਾਨ ਸਿੰਘ, ਬਲਾਕ ਪ੍ਰਧਾਨ ਕਾਜਲ ਪੱਖੋਵਾਲ, ਬਲਾਕ ਪ੍ਰਧਾਨ ਗੋਰਾ ਕੱਤੋਵਾਲ ਅਤੇ ਸੁਤੰਤਰ ਸਿੰਘ ਦੇ ਇਲਾਵਾ ਵੱਡੀ ਗਿਣਤੀ 'ਚ ਆਪ ਦੇ ਅਹੁਦੇਦਾਰ ਤੇ ਵਰਕਰ ਹਾਜ਼ਰ ਸਨ।



11-Nov-PAGE-4-2024.qxd 11/10/2024 8:25 PM Page 1

ਨਵਾਂ ਜ਼ਮਾਨਾ

ਸੋਮਵਾਰ, 11 ਨਵੰਬਰ 2024

# ...ਔਰ ਕਿਤਨਾ ਗਿਰੋਗੇ ਵੱਤਸ

ਰੁੱਖੇ ਲੇਖਾਂ ਤੋਂ ਅੱਕ ਚੁੱਕੇ ਪਾਠਕਾਂ ਲਈ ਵਿਸ਼ਣੂ ਨਾਗਰ ਦਾ ਇਹ ਵਿਅੰਗ ਪ੍ਰਧਾਨ ਸੇਵਕ ਦੀ ਕਾਰਜਸ਼ੈਲੀ ਬਾਰੇ ਗਿਆਨਵਰਧਕ ਸਾਬਤ ਹੋ ਸਕਦਾ ਹੈ। ਨਾਗਰ ਲਿਖਦੇ ਹਨ—ਦੇਖਣਾ ਤੁਸੀਂ, ਅਜੇ ਇਹ ਹੋਰ ਡਿੱਗੇਗਾ। ਜਦ ਤੁਸੀਂ ਸੋਚੋਗੇ ਕਿ ਹੁਣ ਡਿਗਣ ਲਈ ਹੋਰ ਬਚਿਆ ਹੀ ਕੀ ਹੈ, ਠੀਕ ਉਸੇ ਸਮੇਂ ਇਹ ਤੁਹਾਡੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫੇਰਦਿਆਂ ਹੋਰ ਵੀ ਹੇਠਾਂ ਡਿਗ ਕੇ ਦਿਖਾ ਦੇਵੇਗਾ। ਫਿਰ ਵਿਅੰਗ ਨਾਲ ਤੁਹਾਡੇ ਵੱਲ ਦੇਖ ਕੇ ਮੁਸਕਰਾਏਗਾ। ਅਤਲ (ਤਲ ਰਹਿਤ) ਵਿੱਚ ਪੁੱਜ ਜਾਵੇਗਾ ਤਾਂ ਉੱਥੋਂ ਅਤਲ ਦੇ ਵੀ ਅਤਲ ਵਿੱਚ ਡਿਗ ਕੇ ਦਿਖਾਏਗਾ। ਤੁਸੀਂ ਸੋਚੋਗੇ, ਇਸ ਤੋਂ ਵੱਧ ਤਾਂ ਇਹ ਚਾਹ ਕੇ ਵੀ ਨਹੀਂ ਡਿਗ ਸਕਦਾ। ਉਹ ਤੁਹਾਨੂੰ ਫਿਰ ਗਲਤ ਸਾਬਤ ਕਰੇਗਾ। ਇਸ ਦੇ ਵੀ ਹੇਠਾਂ ਅਤੇ ਹੋਰ ਵੀ ਹੇਠਾਂ ਤੇ ਹੋਰ ਵੀ ਹੇਠਾਂ ਡਿਗ ਕੇ ਦਿਖਾਏਗਾ। ਪਾਤਾਲ ਦੇ ਵੀ ਪਾਤਾਲ ਦੇ ਹੇਠਾਂ ਡਿਗ ਕੇ ਦਿਖਾਏਗਾ ਤੇ ਪੁੱਛੇਗਾ ਕਿ ਹੋਰ ਵੀ ਹੇਠਾਂ ਡਿਗ ਕੇ ਦਿਖਾਵਾਂ? ਤੁਸੀਂ ਬਰਦਾਸ਼ਤ ਨਹੀਂ ਕਰ ਸਕੋਗੇ, ਉੱਥੋਂ ਉਦਾਸ ਤੇ ਹਤਾਸ਼ ਹੋ ਕੇ ਚਲ ਦਿਓਗੇ। ਜੀ ਉਲਟੀ ਕਰਨ ਨੂੰ ਕਰੇਗਾ ਤਾਂ ਉਹ ਠਹਾਕਾ ਮਾਰ ਕੇ ਕਹੇਗਾ 'ਬੁਜ਼ਦਿਲ ਕਿਸੇ ਥਾਂ ਦੇ'। ਉਸ ਨੂੰ ਇਸ ਗੱਲ ਤੋਂ ਡਰ ਲਗਦਾ ਹੈ ਕਿ ਜੇ ਉਸ ਨੇ ਨਿਰੰਤਰ, ਬਿਨਾਂ ਰੋਕ-ਟੋਕ ਦੇ ਡਿਗਣਾ ਜਾਰੀ ਨਾ ਰੱਖਿਆ, ਜ਼ਰਾ ਜਿੰਨੀ ਢਿੱਲ ਦਿੱਤੀ, ਥੱਕਣ ਦਾ ਥੋੜ੍ਹਾ ਜਿਹਾ ਵੀ ਸੰਕੇਤ ਦਿੱਤਾ ਤਾਂ ਆਟੋਮੈਟੀਕਲੀ ਉਹ ਉੱਪਰ ਉਠਦਾ ਚਲੇ ਜਾਵੇਗਾ। ਉਸ ਦੇ ਮਨੁੱਖ ਬਣਨ ਦਾ ਖਤਰਾ ਪੈਦਾ ਹੋ ਜਾਵੇਗਾ ਅਤੇ ਮਨੁੱਖ ਬਣਨ ਨਾਲੋਂ ਵੱਧ ਘਾਤਕ ਉਸ ਦੇ ਤੇ ਉਸ ਦੇ ਧੰਦੇ ਲਈ ਕੁਝ ਨਹੀਂ ਹੈ। ਮਨੁੱਖ ਬਣ ਗਿਆ ਤਾਂ ਫਿਰ ਉਹ ਕਿਸੇ ਕੰਮ ਦਾ ਨਹੀਂ ਰਹੇਗਾ। ਉਸ ਦੀਆਂ ਹੁਣ ਤੱਕ ਦੀਆਂ ਸਾਰੀਆਂ ਕਾਮਯਾਬੀਆਂ, ਸਾਰੀਆਂ ਮੁਹਿੰਮਾਂ ਧਰੀਆਂ ਦੀਆਂ ਧਰੀਆਂ ਰਹਿ ਜਾਣਗੀਆਂ। ਹੁਣ ਤੱਕ ਦੀ ਉਸ ਦੀ ਨਫਰਤ ਦੀ ਸਾਰੀ ਕਮਾਈ ਚੌਪਟ ਹੋ ਜਾਵੇਗੀ। ਉਸ ਦਾ ਦਿਲ ਬੈਠ ਜਾਵੇਗਾ। ਉਸ ਦਾ ਤੰਗ ਦਿਮਾਗ ਕੰਮ ਕਰਨਾ ਬੰਦ ਕਰ ਦੇਵੇਗਾ। ਜ਼ੁਬਾਨ, ਜਿਹੜੀ ਹੁਣ ਤੱਕ ਉਸ ਦੇ ਕੰਮ ਆਈ ਹੈ, ਚੱਲਣ ਤੋਂ ਮਨ੍ਹਾਂ ਕਰ ਦੇਵੇਗੀ। ਅੱਖਾਂ, ਜੋ ਬਟਨ ਵਾਂਗ ਹਨ, ਵਿੱਚ ਹਰਕਤ ਹੋਣੀ ਬੰਦ ਹੋ ਜਾਵੇਗੀ। ਸੀਨਾ, ਜਿਹੜਾ ਛਪੰਜਾ ਇੰਚੀ ਹੈ, ਸੋਲਾਂ ਇੰਚੀ ਰਹਿ ਜਾਵੇਗਾ। ਹੱਥ-ਪੈਰ, ਜੋ ਦਿਨ-ਰਾਤ ਸੱਜੇ-ਖੱਬੇ, ਇਹਦੇ-ਉਹਦੇ 'ਤੇ ਚਲਦੇ ਰਹਿੰਦੇ ਹਨ, ਸੁੰਨ ਹੋ ਜਾਣਗੇ। ਉਹ 'ਦਿਵਿਆਂਗ' ਹੋ ਜਾਵੇਗਾ। ਇਸ ਡਰ ਨਾਲ ਉਹ ਫਿਰ ਤੇ ਫਿਰ ਹੋਰ ਡਿਗਦਾ ਚਲਿਆ ਜਾਂਦਾ ਹੈ। ਡਿਗਣਾ ਹੀ ਉਸ ਦੀ ਸਿਹਤ ਦਾ ਮੂਲ ਰਹੱਸ ਹੈ। ਉਸ ਦੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਡਿਗਣਾ ਤੇ ਡਿਗਦੇ ਚਲੇ ਜਾਣਾ ਹੈ, ਉਸ ਦੀ ਅੱਜ ਤਕ ਦੀ ਕੁੱਲ ਪੂੰਜੀ ਇਹੀ ਹੈ। ਉਹ ਡਿਗਦੇ ਹੋਏ ਸੋਚਦਾ ਹੈ ਕਿ ਮੇਰੇ ਡਿਗਣ ਨਾਲ ਹਿੰਦੂ ਉੱਪਰ ਉਠ ਜਾਣਗੇ ਤਾਂ ਆਪਣੀ ਸਮਝ ਨਾਲ ਉਹ ਵਿਚਾਰਾ ਹਿੰਦੂਆਂ ਦੇ ਉੱਥਾਨ ਲਈ ਡਿਗਦਾ ਹੈ। ਉਹ ਮੁਸਲਮਾਨਾਂ ਨੂੰ ਡਰਾਉਣ-ਟਪਕਾਉਣ ਲਈ ਡਿਗਦਾ ਹੈ। ਉਹ ਅਡਾਨੀ-ਅੰਬਾਨੀ ਨੂੰ ਉਠਾਉਣ ਤੇ ਹੋਰ ਉਠਾਉਣ, ਉਨ੍ਹਾਂ ਨੂੰ ਸੱਤਵੇਂ ਆਸਮਾਨ ਤੱਕ ਪਹੁੰਚਾਉਣ ਲਈ ਡਿਗਦਾ ਹੈ। ਉਹ ਨੀਚਤਾ ਦੇ ਇਤਿਹਾਸ ਵਿੱਚ ਆਪਣਾ ਨਾਂਅ ਦਰਜ ਕਰਾਉਣ ਲਈ ਡਿਗਦਾ ਹੈ। ਉਹ ਇਸ ਲਈ ਵੀ ਡਿਗਦਾ ਹੈ ਕਿ ਭਵਿੱਖ ਵਿੱਚ ਇਸ ਅਹੁਦੇ 'ਤੇ ਕੋਈ ਆਇਆ ਤਾਂ ਕਿਤੇ ਉਹ ਉਸ ਨੂੰ ਹਟਾ ਕੇ ਨੀਚ ਹੋਣ ਦਾ ਰਿਕਾਰਡ ਆਪਣੇ ਨਾਂਅ ਨਾ ਕਰਵਾ ਲਵੇ! ਇਸ ਲਈ ਉਹ ਡਿਗਦਾ ਹੈ ਤੇ ਡਿਗਦਾ ਚਲੇ ਜਾਂਦਾ ਹੈ। ਉਹ ਆਪਣੇ ਅਗਿਆਤ ਦੁਸ਼ਮਣ ਨਾਲ ਰਕਾਬਤ ਕਰਨ ਲਈ ਡਿੱਗਦਾ ਹੈ। ਕੁਝ ਲੋਕ ਡਿਗ ਕੇ ਸੰਭਲਦੇ ਹਨ, ਉਹ ਸੰਭਲ ਕੇ ਡਿਗਦਾ ਹੈ। ਉਸ ਨੇ ਇਕ ਵਿਭਾਗ ਬਣਾ ਰੱਖਿਆ ਹੈ, ਜਿਸ ਦਾ ਕੰਮ ਹੈ ਕਿ ਕਿੱਥੇ-ਕਿੱਥੇ, ਕਿਵੇਂ-ਕਿਵੇਂ ਹੋਰ ਵੀ ਵੱਧ ਡਿਗਣ ਦੀਆਂ ਸੰਭਾਵਨਾਵਾਂ ਹਨ। ਉਹ ਉਸ ਵਿਭਾਗ ਦੀਆਂ ਉਮੀਦਾਂ 'ਤੇ ਨਾ ਸਿਰਫ ਖਰਾ ਉਤਰਦਾ ਹੈ ਸਗੋਂ ਉਸ ਦੀ ਕਲਪਨਾ ਸ਼ਕਤੀ ਨੂੰ ਹੋਰ ਵਿਸਤਾਰ ਦਿੰਦਿਆਂ ਡਿਗਣ ਦੀਆਂ ਹੋਰ ਅਨੇਕਾਂ ਨਵੀਆਂ ਸੰਭਾਵਨਾਵਾਂ ਨਾਲ ਤੁਆਰਫ ਕਰਾਉਂਦਾ ਹੈ। ਅਹੁਦੇ 'ਤੇ ਰਹਿੰਦਿਆਂ ਡਿਗਣ ਦਾ ਉਸ ਨੂੰ ਕਰੀਬ ਇੱਕ-ਚੁਥਾਈ ਸਦੀ ਦਾ ਤਜਰਬਾ ਹੈ। ਉਸ ਨੇ ਪਹਿਲੀ ਵਾਰ ਅਹੁਦੇ 'ਤੇ ਬੈਠਣ ਦੇ ਚਾਰ ਮਹੀਨਿਆਂ ਦੇ ਅੰਦਰ ਹੀ ਡਿਗਣ ਦੀ ਏਨੀ ਨੀਵਾਣ ਦਿਖਾਈ ਸੀ ਕਿ ਦੁਨੀਆ ਦੰਗ ਰਹਿ ਗਈ ਸੀ। ਇਸ ਦੀ ਦੇਖਾ-ਦੇਖੀ ਦੂਜੇ ਵੀ ਉਸ ਨੀਵਾਣ ਤੱਕ ਡਿਗਣ ਦਾ ਜਤਨ ਕਰਨ ਲੱਗੇ ਤਾਂ ਤਜਰਬੇ ਦੀ ਘਾਟ ਵਿੱਚ ਆਪਣੇ ਹੱਥ-ਪੈਰ ਤੁੜਵਾ ਬੈਠੇ। ਉਨ੍ਹਾਂ ਨੂੰ ਇਸ ਸਥਿਤੀ 'ਚ ਦੇਖ ਕੇ ਉਹ ਮਨ ਹੀ ਮਨ ਖੁਸ਼ ਹੋਇਆ। ਉਸ ਨੇ ਖੁਦ ਨੂੰ ਕਿਹਾ ਕਿ ਡਿਗਣ ਦੇ ਮਾਮਲੇ 'ਚ ਇਹ ਅਜੇ ਬੱਚੇ ਹਨ। ਉਸ ਨੇ ਉਨ੍ਹਾਂ ਨੂੰ ਉਹ ਤਰਕੀਬ ਕਦੇ ਨਹੀਂ ਦੱਸੀ ਕਿ ਜਿਸ ਨਾਲ ਉਹ ਡਿਗ ਕੇ ਵੀ ਬਚਿਆ ਤੇ ਬਣਿਆ ਰਿਹਾ ਹੈ। ਉਹ ਆਪਣੇ ਗੁਰ ਆਪਣੇ ਕੋਲ ਰੱਖਦਾ ਹੈ। ਡਿਗਣ ਦਾ ਮੁਕਾਬਲਾ ਕਰਨ ਵਾਲੇ ਡਿਗਦੇ ਜਾਂਦੇ ਹਨ ਤੇ ਦਿਵਿਆਂਗਤਾ ਪ੍ਰਾਪਤ ਕਰਦੇ ਜਾਂਦੇ ਹਨ। ਇਹ ਉਨ੍ਹਾਂ ਦੀ ਦਿਵਿਆਂਗਤਾ 'ਤੇ ਇਕੱਲਾ ਤਾੜੀ ਵਜਾਉਂਦਾ ਹੈ। ਆਪਣਾ ਡੰਕਾ ਵਜਾ ਕੇ ਖੁਦ ਸੁਣਦਾ ਹੈ ਤੇ ਮਗਨ ਰਹਿੰਦਾ ਹੈ। ਉਂਜ ਤਾਂ ਇਹ ਬੁਜ਼ਦਿਲ ਹੈ ਪਰ ਡਿਗਣ 'ਚ ਉਸ ਵਰਗਾ ਕੋਈ ਸਾਹਸੀ ਅੱਜ ਤੱਕ ਦੇਸ਼ ਵਿੱਚ ਨਹੀਂ ਹੋਇਆ। ਉਹ ਸੰਕੋਚੀ ਵੀ ਹੈ। ਉਸ ਨੂੰ ਇਹ ਪਸੰਦ ਨਹੀਂ ਕਿ ਕੋਈ ਉਸ ਦੇ ਡਿਗਣ ਦੀ ਤਾਰੀਫ 'ਚ ਕਸੀਦੇ ਪੜ੍ਹਨਾ ਸ਼ੁਰੂ ਕਰ ਦੇਵੇ!

# ਬ੍ਰਿਕਸ ਸੰਮੇਲਨ 'ਚ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਲਈ ਕੋਈ ਜ਼ਿਕਰ ਨਹੀਂ



ਡਾ. ਅਰੁਣ ਮਿੱਤਰਾ

ਬ੍ਰਿਕਸ (ਹੁਣ ਵਿਸਤ੍ਰਿਤ ਬ੍ਰਿਕਸ) ਦੇ ਹਾਲ ਹੀ ਵਿੱਚ ਖਤਮ ਹੋਏ 16ਵੇਂ ਸਿਖਰ ਸੰਮੇਲਨ ਦੀ ਘੋਸ਼ਣਾ ਵਿੱਚ ਕਈ ਨੁਕਤੇ ਹਨ, ਜਿਨ੍ਹਾਂ ਲਈ ਵਿਕਾਸਸ਼ੀਲ ਅਤੇ ਘੱਟ ਵਿਕਸਤ ਦੇਸ਼ ਕਈ ਦਹਾਕਿਆਂ ਤੋਂ ਚਾਹਵਾਨ ਹਨ, ਭਾਵੇਂ ਕਿ ਪੁਰਾਣੀਆਂ ਬਸਤੀਵਾਦੀ ਸ਼ਕਤੀਆਂ ਦੁਆਰਾ ਸਿੱਧੇ ਫੌਜੀ ਨਿਯੰਤਰਣ ਦੁਆਰਾ ਬਸਤੀਕਰਨ ਬਹੁਤ ਹੱਦ ਤੱਕ ਖਤਮ ਹੋ ਗਿਆ ਹੈ, ਪਰ ਵਿਕਾਸਸ਼ੀਲ ਦੇਸ਼ਾਂ ਦੀਆਂ ਸ਼ਿਕਾਇਤਾਂ ਜਾਰੀ ਹਨ, ਕਿਉਂਕਿ ਸਾਮਰਾਜੀ ਸ਼ਕਤੀਆਂ ਨੇ ਦੂਸਰੇ ਦੇਸ਼ਾਂ 'ਤੇ ਆਪਣੇ ਨਿਯੰਤਰਣ ਨੂੰ ਜਾਰੀ ਰੱਖਣ ਲਈ ਨਵੇਂ ਤਰੀਕੇ ਵਿਕਸਤ ਕੀਤੇ ਹਨ। ਸਿਰਫ਼ ਕੁਝ ਦਹਾਕੇ ਪਹਿਲਾਂ ਵਿਕਾਸ ਦੇ ਗੈਰ-ਪੂੰਜੀਵਾਦੀ ਮਾਰਗ ਦੀਆਂ ਸੰਭਾਵਨਾਵਾਂ ਅਸਲੀ ਦਿਖਾਈ ਦਿੰਦੀਆਂ ਸਨ, ਪਰ ਹੁਣ ਸਥਿਤੀ ਬਦਲ ਗਈ ਹੈ। ਸੋਵੀਅਤ ਯੂਨੀਅਨ ਦੇ ਢਹਿ ਜਾਣ ਤੋਂ ਬਾਅਦ ਸਾਮਰਾਜਵਾਦ ਸ਼ਕਤੀਸ਼ਾਲੀ ਹੋ ਗਿਆ ਹੈ ਅਤੇ ਆਰਥਿਕ ਅਤੇ ਫੌਜੀ ਤੌਰ 'ਤੇ ਦੁਨੀਆ 'ਤੇ ਦਬਾਅ ਪਾ ਰਿਹਾ ਹੈ।

ਸਮਾਜਵਾਦੀ ਬਲਾਕ ਦੇ ਖਤਮ ਹੋਣ ਤੋਂ ਬਾਅਦ ਸੰਸਾਰ ਸੰਤੁਸ਼ਟ ਹੋ ਗਿਆ ਸੀ, ਕਿਉਂਕਿ ਇਹ ਮੰਨਿਆ ਜਾ ਰਿਹਾ ਸੀ ਕਿ ਵਿਸ਼ਵ ਦੇ ਇਕ ਧਰੁਵੀ ਹੋਣ ਨਾਲ ਪ੍ਰਮਾਣੂ ਹਥਿਆਰਾਂ ਸਮੇਤ ਪਰਮਾਣੂ ਹਥਿਆਰਾਂ ਦੀ ਦੌੜ ਘਟੇਗੀ ਅਤੇ ਸਥਾਈ ਸ਼ਾਂਤੀ ਯਕੀਨੀ ਹੋ ਜਾਵੇਗੀ। ਉਮੀਦ ਸੀ ਕਿ ਆਰਥਿਕ ਵਿਕਾਸ ਅਤੇ ਖੁਸ਼ਹਾਲੀ, ਜੋ ਵਿਸ਼ਵੀਕਰਨ ਦੇ ਮੁਹਾਵਰੇ ਹੇਠ ਨਵੀਂ ਸਥਿਤੀ ਦਾ ਨਾਅਰਾ ਸੀ, ਵਿਸ਼ਵ ਦੀ ਬਹੁਗਿਣਤੀ ਆਬਾਦੀ ਲਈ ਵਰਦਾਨ ਸਾਬਤ ਹੋਵੇਗੀ, ਹਾਲਾਂਕਿ ਅਜਿਹਾ ਨਹੀਂ ਸੀ ਹੋਣਾ। ਅਸੀਂ ਆਰਥਿਕ ਤੌਰ 'ਤੇ ਅਮੀਰ ਅਤੇ ਫੌਜੀ ਤੌਰ 'ਤੇ ਸ਼ਕਤੀਸ਼ਾਲੀ ਦੇਸ਼ਾਂ ਦੀ ਖੁੱਲ੍ਹੀ ਜਾਂ ਗੁਪਤ ਸ਼ਮੂਲੀਅਤ ਦੇ ਨਾਲ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਵਧਦੀਆਂ ਜੰਗਾਂ ਨੂੰ ਦੇਖ ਰਹੇ ਹਾਂ।

ਨਵੀਆਂ ਆਰਥਿਕ ਸੰਧੀਆਂ, ਖਾਸ ਤੌਰ 'ਤੇ ਵਿਸ਼ਵ ਵਪਾਰ ਸੰਗਠਨ (ਡਬਲਯੂ ਟੀ ਓ), ਭਾਵੇਂ ਇੱਕ ਬਹੁਪੱਖੀ ਸੰਧੀ ਹੈ, ਨੇ ਵਿਕਾਸਸ਼ੀਲ ਸੰਸਾਰ ਨੂੰ ਨੁਕਸਾਨ ਪਹੁੰਚਾਇਆ ਹੈ।ਬੌਧਿਕ ਸੰਪਤੀ ਦੇ ਅਧਿਕਾਰਾਂ ਦੀ ਧਾਰਾ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਵਾਂਝੇ ਕਰ ਦਿੱਤਾ ਹੈ, ਜੋ ਪ੍ਰਕਿਰਿਆ ਪੇਟੈਂਟ ਦੇ ਅਧੀਨ ਵਸਤੂਆਂ ਦਾ ਉਤਪਾਦਨ ਕਰ ਸਕਦੇ ਸਨ, ਹੁਣ ਇਸ ਨਵੀਂ ਪ੍ਰਣਾਲੀ ਵਿੱਚ ਉਤਪਾਦ ਪੇਟੈਂਟ ਦੇ ਅਧੀਨ ਮੁਸ਼ਕਲ ਵਿੱਚ ਹਨ। ਕੋਵਿਡ ਦੀ ਮਹਾਂਮਾਰੀ ਦੌਰਾਨ ਪੱਛਮ ਦੀਆਂ ਵੈਕਸੀਨ ਉਤਪਾਦਕ ਕੰਪਨੀਆਂ ਵੱਲੋਂ ਕੀਤੀ ਗਈ ਲੁੱਟ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ। ਇਨ੍ਹਾਂ ਕੰਪਨੀਆਂ ਦੁਆਰਾ ਛੋਟੇ ਦੇਸ਼ਾਂ ਨੂੰ ਜੇਕਰ ਉਹ ਟੀਕੇ ਖਰੀਦਣਾ ਚਾਹੁੰਦੇ ਹਨ, ਨਿਰਧਾਰਤ ਸ਼ਰਤਾਂ ਨੂੰ ਸਵੀਕਾਰ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਮਿਲਟਰੀ ਇੰਡਸਟਰੀਅਲ ਕੰਪਲੈਕਸ (ਹਥਿਆਰ ਬਣਾਉਣ ਵਾਲਾ ਉਦਯੋਗ ਸਮੂਹ) ਹਜ਼ਾਰਾਂ ਮਾਸੂਮ ਬੱਚਿਆਂ ਅਤੇ ਔਰਤਾਂ ਦੀਆਂ ਜਾਨਾਂ ਦੀ ਕੀਮਤ 'ਤੇ ਜੰਗੀ ਧੜਿਆਂ ਨੂੰ ਹਥਿਆਰ ਸਪਲਾਈ ਕਰਕੇ ਭਾਰੀ ਮੁਨਾਫਾ ਕਮਾ ਰਿਹਾ ਹੈ। ਯੂਕਰੇਨ ਵਿੱਚ ਜੰਗ ਨੂੰ ਟਾਲਿਆ ਜਾ ਸਕਦਾ ਸੀ ਜਾਂ ਘੱਟੋ-ਘੱਟ ਗੱਲਬਾਤ ਰਾਹੀਂ ਹੱਲ ਕੀਤਾ ਜਾ ਸਕਦਾ ਸੀ, ਪਰ ਅਮਰੀਕਾ ਦੀ ਹਮਾਇਤ ਵਾਲੇ ਨਾਟੋ ਦੀ ਸ਼ਮੂਲੀਅਤ ਅਜਿਹਾ ਨਹੀਂ ਹੋਣ ਦੇ ਰਹੀ। ਇਸੇ ਤਰ੍ਹਾਂ ਇਜ਼ਰਾਈਲ ਦੀ ਜਾਇਨਵਾਦੀ ਸਰਕਾਰ ਦੁਆਰਾ ਗਾਜ਼ਾ ਦੇ ਬੇਸਹਾਰਾ ਲੋਕਾਂ 'ਤੇ ਅਸਧਾਰਨ ਹਮਲਾ ਕਰਨਾ ਅਤੇ ਯੂ ਐੱਨ ਓ, ਅੰਤਰ-ਰਾਸ਼ਟਰੀ ਅਪਰਾਧਿਕ ਅਦਾਲਤ (ਆਈ ਸੀ ਸੀ) ਅਤੇ ਅੰਤਰਰਾਸ਼ਟਰੀ ਨਿਆਂਇਕ ਅਦਾਲਤ (ਆਈ ਸੀ ਜੇ) ਸਮੇਤ ਕਿਸੇ ਵੀ ਅੰਤਰ-ਰਾਸ਼ਟਰੀ ਰਾਏ ਦੀ ਪਾਲਣਾ ਕਰਨ ਤੋਂ ਇਨਕਾਰ ਕਰਨਾ ਦਰਸਾਉਂਦਾ ਹੈ ਕਿ ਉਹ ਦੁਸ਼ਟਤਾ ਵਾਲਾ ਵਿਹਾਰ ਕਰ ਰਿਹਾ ਹੈ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਅਮਰੀਕਾ ਅਤੇ ਹੋਰ ਪੱਛਮੀ ਸ਼ਕਤੀਆਂ ਕਿਸ ਤਰ੍ਹਾਂ ਇਸ ਦਾ ਸਮਰਥਨ ਕਰ ਰਹੀਆਂ ਹਨ। ਗਾਜ਼ਾ ਵਿੱਚ ਸੰਯੁਕਤ ਰਾਸ਼ਟਰ ਸੰਘ ਦੀ ਸਹਾਇਤਾ ਏਜੰਸੀ UNRWA 'ਤੇ ਪਾਬੰਦੀ ਲਗਾਉਣ ਦੇ ਇਜ਼ਰਾਈਲ ਦੇ ਫੈਸਲੇ ਨੇ ਹਜ਼ਾਰਾਂ ਲੋਕਾਂ ਨੂੰ ਭੁੱਖੇ ਮਰਨ ਅਤੇ ਫਲਸਤੀਨੀ ਨਸਲ ਨੂੰ ਖਤਮ ਕਰਨ ਦੀ ਆਪਣੀ ਰਣਨੀਤੀ ਦਾ ਪਰਦਾ ਫਾਸ਼ ਕੀਤਾ ਹੈ। ਇਸ ਤੋਂ ਇਲਾਵਾ ਅਫ਼ਰੀਕਾ ਵਿਚ ਅੰਦਰੂਨੀ ਅਤੇ ਬਾਹਰੀ ਸੰਘਰਸ਼ ਚੱਲ ਰਹੇ ਹਨ, ਜਿਸ ਕਾਰਨ ਲੋਕਾਂ ਦੇ ਜੀਵਨ ਨੂੰ ਗੰਭੀਰ ਖ਼ਤਰਾ ਪੈਦਾ ਹੋ ਰਿਹਾ ਹੈ। ਅਨਾਜ ਦੇ ਕੁੱਲ ਉਤਪਾਦਨ ਵਿੱਚ ਵਾਧੇ ਦੇ ਬਾਵਜੂਦ ਵਿਸ਼ਵ ਵਿੱਚ ਭੋਜਨ ਦੀ ਅਸੁਰੱਖਿਆ ਵਧ ਰਹੀ ਹੈ, ਪਰ ਇਸ ਮੁੱਦੇ ਵੱਲ ਲੋੜ ਅਨੁਸਾਰ ਧਿਆਨ ਨਹੀਂ ਦਿੱਤਾ ਜਾ ਰਿਹਾ।

ਦੁਨੀਆ ਕੋਈ ਨਾ ਕੋਈ ਰਾਹ ਲੱਭ ਰਹੀ ਹੈ। ਗੁੱਟ ਨਿਰਲੇਪ ਅੰਦੋਲਨ (NAM) ਨਵੇਂ ਆਜ਼ਾਦ ਹੋਏ ਦੇਸ਼ਾਂ ਦੀ ਸਮੂਹਿਕ ਆਵਾਜ਼ ਸੀ। ਇਸ ਨੇ ਆਰਥਿਕ ਸਹਿਯੋਗ, ਰਾਸ਼ਟਰਾਂ ਦੀ ਪ੍ਰਭੂਸੱਤਾ ਅਤੇ ਉਨ੍ਹਾਂ ਦੀ ਖੇਤਰੀ ਅਖੰਡਤਾ ਦੇ ਸਨਮਾਨ ਲਈ ਰਾਹ ਪੱਧਰਾ ਕੀਤਾ। ਇਹ ਇੱਕ ਅੰਦੋਲਨ ਸੀ, ਜਿਸ ਨੇ ਕਿਸੇ ਵੀ ਬਲਾਕ ਤੋਂ ਆਜ਼ਾਦ ਹੋਣ ਦੀ ਚੋਣ ਕੀਤੀ। ਅੰਦੋਲਨ ਦੀ ਅਗਵਾਈ ਭਾਰਤ ਅਤੇ ਹੋਰ ਦੇਸ਼ਾਂ ਕੋਲ ਸੀ, ਜਿਨ੍ਹਾਂ ਨੂੰ ਬਸਤੀਵਾਦੀ ਸ਼ਕਤੀਆਂ ਦੁਆਰਾ ਲੁੱਟਿਆ ਗਿਆ ਸੀ। NAM ਨੇ ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਸ਼ਾਸਨ ਦਾ ਸਖ਼ਤ ਵਿਰੋਧ ਕੀਤਾ। ਇਸ ਨੇ ਫਲਸਤੀਨੀਆਂ ਅਤੇ ਹੋਰ ਸੰਘਰਸ਼ਸ਼ੀਲ ਲੋਕਾਂ ਦੇ ਜਾਇਜ਼ ਹੱਕਾਂ ਦਾ ਸਮਰਥਨ ਕੀਤਾ। ਸੋਵੀਅਤ ਬਲਾਕ ਦੇ ਪਤਨ ਤੋਂ ਬਾਅਦ NAM ਨੇ ਸ਼ਾਂਤੀ ਅਤੇ ਦੋਸਤੀ ਲਈ ਇੱਕ ਕੁਦਰਤੀ ਸਹਿਯੋਗੀ ਗੁਆ ਦਿੱਤਾ ਅਤੇ ਸਮੇਂ ਦੇ ਨਾਲ ਇਹ ਇੱਕ ਗੈਰ-ਹੋਂਦ ਵਾਲੀ ਤਾਕਤ ਬਣ ਗਈ।

ਮੌਜੂਦਾ ਸਥਿਤੀ ਵਿੱਚ ਕਈ ਨਵੇਂ ਗਠਜੋੜ ਸਾਹਮਣੇ ਆਏ ਹਨ। 77, 720, ਅਤੇ Quad, ਪਰ ਸਭ ਤੋਂ ਪ੍ਰਭਾਵਸ਼ਾਲੀ ਬ੍ਰਿਕਸ ਹੈ, ਜੋ ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਦੁਆਰਾ ਸ਼ੁਰੂ ਕੀਤਾ ਗਿਆ ਸਮੂਹ ਹੈ। ਇਹ ਵਿਸ਼ਵ ਦੀਆਂ ਪ੍ਰਮੁੱਖ ਉਭਰਦੀਆਂ ਅਰਥ ਵਿਵਸਥਾਵਾਂ ਨੂੰ ਇਕੱਠਾ ਕਰਨ ਲਈ ਇੱਕ ਮਹੱਤਵਪੂਰਨ ਸਮੂਹ ਹੈ। ਇਹ ਵਿਸ਼ਵ ਦੀ ਆਬਾਦੀ ਦਾ 41 ਫੀਸਦੀ, ਵਿਸ਼ਵ ਜੀ ਡੀ ਪੀ ਦਾ 24 ਫੀਸਦੀ ਅਤੇ ਵਿਸ਼ਵ ਵਪਾਰ ਵਿੱਚ ਇਸ ਦੀ 16% ਫੀਸਦੀ ਤੋਂ ਵੱਧ ਹਿੱਸੇਦਾਰੀ ਹੈ। ਸਾਲ 2011 ਵਿੱਚ ਬਣਾਈ ਗਈ ਬ੍ਰਿਕਸ ਰਾਜਨੀਤਕ ਸੁਰੱਖਿਆ ਦੇ ਤਿੰਨ ਥੰਮ੍ਹਾਂ; ਆਰਥਿਕ ਸਹਿਯੋਗ ਅਤੇ ਵਿਸ਼ਵ ਦੇ ਲੋਕਾਂ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਦੇ ਸਨਮਾਨ ਦੇ ਤਹਿਤ ਮਹੱਤਵਪੂਰਨ ਮੁੱਦਿਆਂ ਨਾਲ ਬਣਾਈ ਗਈ ਹੈ। ਬ੍ਰਿਕਸ ਦਾ ਸੰਖੇਪ ਰੂਪ ਬ੍ਰਾਜ਼ੀਲ, ਰੂਸ, ਭਾਰਤ ਅਤੇ ਚੀਨ ਦੀਆਂ ਅਰਥ-ਵਿਵਸਥਾਵਾਂ, ਜੋ ਇਕੱਠੇ ਵਿਸ਼ਵ ਦੇ ਉਤਪਾਦਨ ਅਤੇ ਆਬਾਦੀ ਦੇ ਇੱਕ ਮਹੱਤਵਪੂਰਨ ਹਿੱਸੇ ਦੀ ਨੁਮਾਇੰਦਗੀ ਕਰਦੇ ਹਨ, ਲਈ ਵਿਕਾਸ ਦੀਆਂ ਸੰਭਾਵਨਾਵਾਂ ਬਾਰੇ ਇੱਕ ਰਿਪੋਰਟ 2001 ਵਿੱਚ ਗੋਲਡਮੈਨ ਸਾਕਸ ਦੇ ਅਰਥ ਸ਼ਾਸਤਰੀ ਜਿਮ ਨੀਲ ਦੁਆਰਾ ਤਿਆਰ ਕੀਤਾ ਗਿਆ ਸੀ।

ਸਮੇਂ ਦੇ ਨਾਲ ਦੁਨੀਆ ਦੇ ਕਈ ਦੇਸ਼ਾਂ ਨੇ ਬ੍ਰਿਕਸ ਵਿੱਚ ਦਿਲਚਸਪੀ ਦਿਖਾਈ ਹੈ। ਸਿਖਰ ਸੰਮੇਲਨ ਦਾ ਐਲਾਨ ਆਪਸੀ ਸਤਿਕਾਰ ਅਤੇ ਸਮਝ, ਪ੍ਰਭੂਸੱਤਾ ਸਮਾਨਤਾ, ਏਕਤਾ, ਲੋਕਤੰਤਰ, ਖੁੱਲ੍ਹੇਪਨ, ਸਮਾਵੇਸ਼, ਸਹਿਯੋਗ ਅਤੇ ਸਹਿਮਤੀ ਦੀ ਭਾਵਨਾ ਨੂੰ ਦਰਸਾਉਂਦਾ ਹੈ।

ਇਸ ਵਿਚ ਕਿਹਾ ਗਿਆ ਹੈ, 'ਜਿਵੇਂ ਕਿ ਅਸੀਂ ਬ੍ਰਿਕਸ ਸਿਖਰ ਸੰਮੇਲਨਾਂ ਦੇ 16 ਸਾਲਾਂ ਦੀਆਂ ਪ੍ਰਾਪਤੀਆਂ ਦੇਖਦੇ ਹਾਂ, ਅਸੀਂ ਸਿਆਸੀ ਅਤੇ ਸੁਰੱਖਿਆ, ਆਰਥਿਕ ਅਤੇ ਵਿੱਤੀ, ਸੱਭਿਆਚਾਰਕ ਅਤੇ ਲੋਕਾਂ ਵਿਚਕਾਰ ਸਹਿਯੋਗ ਦੇ ਤਿੰਨ ਥੰਮ੍ਹਾਂ ਦੇ ਤਹਿਤ ਵਿਸਤ੍ਰਿਤ ਬ੍ਰਿਕਸ ਵਿਚ ਸਹਿਯੋਗ ਨੂੰ ਮਜ਼ਬੂਤ ਕਰਨ, ਸ਼ਾਂਤੀ ਦੇ ਪ੍ਰਚਾਰ ਰਾਹੀਂ ਸਾਡੇ ਲੋਕਾਂ ਦੇ ਫਾਇਦੇ ਲਈ ਇੱਕ ਵਧੇਰੇ ਪ੍ਰਤੀਨਿਧ, ਨਿਰਪੱਖ ਅੰਤਰਰਾਸ਼ਟਰੀ ਵਿਵਸਥਾ, ਇੱਕ ਪੁਨਰ-ਸੁਰਜੀਤੀ ਅਤੇ ਸੁਧਾਰੀ ਬਹੁ-ਪੱਖੀ ਪ੍ਰਣਾਲੀ, ਟਿਕਾਊ ਵਿਕਾਸ ਅਤੇ ਸਮਾਵੇਸ਼ੀ ਵਿਕਾਸ ਅਤੇ ਸਾਂਝੀ ਰਣਨੀਤਕ ਭਾਈਵਾਲੀ ਨੂੰ ਵਧਾਉਣ ਲਈ ਆਪਣੇ ਆਪ ਨੂੰ ਵਚਨਬੱਧ ਕਰਦੇ ਹਾਂ।

ਘੋਸ਼ਣਾ ਪੱਤਰ ਸੰਯੁਕਤ ਰਾਸ਼ਟਰ ਦੇ ਸਕੱਤਰੇਤ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਦੇ ਸਟਾਫ ਦੀ ਰਚਨਾ ਵਿੱਚ ਬਰਾਬਰੀ ਅਤੇ ਸੰਮਲਿਤ ਭੂਗੋਲਿਕ ਪ੍ਰਤੀਨਿਧਤਾ ਪ੍ਰਾਪਤ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦਿੰਦਾ ਹੈ।

ਇਹ ਕੂਟਨੀਤੀ, ਵਿਚੋਲਗੀ, ਸੰਮਲਿਤ ਸੰਵਾਦ ਅਤੇ ਸਲਾਹ-ਮਸ਼ਵਰੇ ਦੁਆਰਾ ਤਾਲਮੇਲ ਅਤੇ ਸਹਿਯੋਗੀ ਢੰਗ ਨਾਲ ਵਿਵਾਦਾਂ ਦੇ ਸ਼ਾਂਤੀਪੂਰਨ ਹੱਲ ਲਈ ਵਚਨਬੱਧਤਾ ਨੂੰ ਦੁਹਰਾਉਂਦਾ ਹੈ ਅਤੇ ਸੰਕਟਾਂ ਦੇ ਸ਼ਾਂਤੀਪੂਰਨ ਹੱਲ ਲਈ ਸਾਰੇ ਯਤਨਾਂ ਦਾ ਸਮਰਥਨ ਕਰਦਾ ਹੈ। ਘੋਸ਼ਣਾ ਪੱਤਰ ਵਿੱਚ ਇਜ਼ਰਾਈਲੀ ਫੌਜੀ ਹਮਲੇ ਦੇ ਨਤੀਜੇ ਵਜੋਂ ਗਾਜ਼ਾ ਪੱਟੀ ਅਤੇ ਪੱਛਮੀ ਕੰਢੇ ਵਿੱਚ ਹਿੰਸਾ ਦੇ ਬੇਮਿਸਾਲ ਵਾਧੇ ਜਿਸ ਕਾਰਨ ਆਮ ਲੋਕਾਂ ਦੀ ਹੱਤਿਆ ਅਤੇ ਸੱਟਾਂ, ਜਬਰੀ ਉਜਾੜਾ ਅਤੇ ਨਾਗਰਿਕ ਬੁਨਿਆਦੀ ਢਾਂਚੇ ਦੀ ਵਿਆਪਕ ਤਬਾਹੀ ਹੋਈ ਹੈ, 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਗਈ ਹੈ। ਇਸ ਘੋਸ਼ਣਾ ਪੱਤਰ ਵਿੱਚ ਗਾਜ਼ਾ ਪੱਟੀ ਵਿੱਚ ਤੁਰੰਤ, ਵਿਆਪਕ ਅਤੇ ਸਥਾਈ ਜੰਗਬੰਦੀ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ, ਦੋਵਾਂ ਪਾਸਿਆਂ ਦੇ ਸਾਰੇ ਬੰਧਕਾਂ ਅਤੇ ਨਜ਼ਰਬੰਦਾਂ, ਜਿਨ੍ਹਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਬੰਧਕ ਬਣਾਇਆ ਜਾ ਰਿਹਾ ਹੈ, ਦੀ ਤੁਰੰਤ ਅਤੇ ਬਿਨਾਂ ਸ਼ਰਤ ਰਿਹਾਈ ਅਤੇ ਬਿਨਾਂ ਕਿਸੇ ਰੁਕਾਵਟ ਦੇ ਟਿਕਾਊ ਅਤੇ ਵੱਡੇ ਪੱਧਰ 'ਤੇ ਮਾਨਵਤਾਵਾਦੀ ਸਹਾਇਤਾ ਦੀ ਸਪਲਾਈ ਦੀ ਲੋੜ ਨੂੰ ਦੋਹਰਾਇਆ ਹੈ।

ਘੋਸ਼ਣਾ ਪੱਤਰ ਬਾਹਰੀ ਪੁਲਾੜ (PAROS) ਵਿੱਚ ਹਥਿਆਰਾਂ ਦੀ ਦੌੜ ਨੂੰ ਰੋਕਣ ਅਤੇ ਇਸ ਦੇ ਨਿਸ਼ਸ਼ਤ੍ਰੀਕਰਨ ਦੀ ਵੀ ਮੰਗ ਕਰਦਾ ਹੈ। ਵਿਡੰਬਨਾ ਇਹ ਹੈ ਕਿ ਘੋਸ਼ਣਾ ਪੱਤਰ ਵਿੱਚ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਇਹ ਸਮਝਣਾ ਹੋਵੇਗਾ ਕਿ ਕਈ ਮੁੱਦਿਆਂ 'ਤੇ ਇਹ ਇੱਕ ਸਕਾਰਾਤਮਕ ਕਦਮ ਹੈ, ਪਰ ਬ੍ਰਿਕਸ NAM ਦੇ ਮੁਕਾਬਲੇ ਘੱਟ ਇਕਸਾਰ ਹੈ। ਜਿੱਥੇ NAM ਦੀ ਅਗਵਾਈ ਖੁਦ ਨਵੇਂ ਆਜ਼ਾਦ ਹੋਏ ਵਿਕਾਸਸ਼ੀਲ ਦੇਸ਼ਾਂ ਦੇ ਕੋਲ ਸੀ, ਉੱਥੇ ਹੀ ਬ੍ਰਿਕਸ ਵਿੱਚ ਵਧੇਰੇ ਤਾਕਤਵਰ ਰੂਸ ਅਤੇ ਚੀਨ ਦਾ ਦਬਦਬਾ ਹੈ।

ਅਮਰੀਕੀ ਡਾਲਰ ਦੀ ਬਜਾਏ ਦੇਸ਼ਾਂ ਦੀ ਆਪਣੀ ਮੁਦਰਾ ਵਿੱਚ ਵਪਾਰ ਦੀ ਆਮ ਸਹਿਮਤੀ ਵਿਕਾਸਸ਼ੀਲ ਦੇਸ਼ਾਂ ਲਈ ਰਾਹਤ ਵਾਲੀ ਗੱਲ ਹੈ। ਅਮਰੀਕਾ ਅੰਦੋਲਨ ਨੂੰ ਸਾਬੋਤਾਜ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗਾ, ਸਾਵਧਾਨੀ ਨਾਲ ਚੱਲਣ ਦੀ ਲੋੜ ਹੈ।

# ਸੰਪਰਕ : 94170-00360

# ਡੋਨਾਲਡ ਟਰੰਪ ਦੇ ਚੋਣ ਜਿੱਤਣ ਦਾ ਗਲੋਬਲ ਰਾਜਨੀਤੀ 'ਤੇ ਅਸਰ

ਸੰਦੀਪ ਕੁਮਾਰ

ਡੋਨਾਲਡ ਟਰੰਪ ਦੇ 47ਵੇਂ ਰਾਸ਼ਟਰਪਤੀ ਵਜੋਂ ਚੁਣੇ ਜਾਣ ਦਾ ਨਤੀਜਾ ਦੁਨੀਆ ਦੀ ਰਾਜਨੀਤੀ 'ਤੇ ਗੰਭੀਰ ਅਸਰ ਪੈਦਾ ਕਰਨ ਵਾਲਾ ਹੈ। ਇਸ ਫੈਸਲੇ ਨੇ ਨਾ ਸਿਰਫ ਅਮਰੀਕੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ, ਸਗੋਂ ਗਲੋਬਲ ਪੱਧਰ 'ਤੇ ਵੀ ਵੱਖ-ਵੱਖ ਦੇਸ਼ਾਂ ਦੇ ਰਿਸ਼ਤੇ, ਆਰਥਿਕ ਨੀਤੀਆਂ ਅਤੇ ਸੁਰੱਖਿਆ ਪ੍ਰਬੰਧਨ 'ਤੇ ਸਵਾਲ ਚੁੱਕੇ ਹਨ। ਕਮਲਾ ਹੈਰਿਸ ਨੂੰ ਹਰਾਉਂਦੇ ਹੋਏ ਟਰੰਪ ਨੇ ਪੂਰਨ ਬਹੁਮਤ ਹਾਸਿਲ ਕੀਤਾ, ਜੋ ਇਹ ਦਰਸਾਉਂਦਾ ਹੈ ਕਿ ਅਮਰੀਕਾ ਦੇ ਲੋਕਾਂ ਵਿੱਚ ਟਰੰਪ ਦੀਆਂ ਨੀਤੀਆਂ ਅਤੇ ਢੰਗ ਦੇ ਪ੍ਰਤੀ ਵੱਡੀ ਸਹਿਮਤੀ ਹੈ। ਇਹ ਫੈਸਲਾ ਇਹ ਸੰਕੇਤ ਵੀ ਦਿੰਦਾ ਹੈ ਕਿ ਅਮਰੀਕਾ ਦੇ ਸਥਾਨਕ ਮਸਲਿਆਂ ਤੋਂ ਲੈ ਕੇ ਵਿਦੇਸ਼ੀ ਪੋਲਿਸੀ ਤੱਕ, ਉਹ ਅਗਲੇ ਕੁਝ ਸਾਲਾਂ ਵਿੱਚ ਕਿਸ ਰੁਖ ਨੂੰ ਅਪਣਾਵੇਗਾ। ਡੋਨਾਲਡ ਟਰੰਪ ਦੀ ਚੋਣ ਸੰਸਾਰ ਦੀਆਂ ਵੱਖ-ਵੱਖ ਭੂਮਿਕਾਵਾਂ 'ਤੇ ਆਪਣਾ ਪ੍ਰਭਾਵ ਛੱਡੇਗੀ। ਟਰੰਪ ਦੀ ਪ੍ਰਧਾਨਗੀ ਵਿੱਚ ਅਮਰੀਕਾ ਦੇ ਸੁਰੱਖਿਆ ਅਤੇ ਵਪਾਰਕ ਰਿਸ਼ਤਿਆਂ ਦੀ ਮੁੜ ਸਮੀਖਿਆ ਦੀ ਸੰਭਾਵਨਾ ਹੈ, ਕਿਉਂਕਿ ਉਹ ਇੱਕ ਮਜ਼ਬੂਤ ਫੈਸਲੇ ਲੈਣ ਵਾਲੇ ਨੀਤੀਕਾਰ ਵਜੋਂ ਜਾਣੇ ਜਾਂਦੇ ਹਨ।ਉਹ ਆਰਥਿਕਤਾ ਵਿੱਚ ਰਾਸ਼ਟਰਵਾਦੀ ਰੁਝਾਨ ਨੂੰ ਮਾਣਦੇ ਹਨ, ਜਿਸ ਨਾਲ ਅਮਰੀਕਾ ਦੇ 'ਪਹਿਲਾਂ ਅਮਰੀਕਾ' ਏਜੰਡੇ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਇਸ ਨਾਲ ਯੂਰਪੀ ਯੂਨੀਅਨ, ਚੀਨ ਅਤੇ ਭਾਰਤ ਵਰਗੇ ਮੁੱਖ ਆਰਥਿਕ ਖਿਡਾਰੀਆਂ ਨੂੰ ਵੀ ਆਪਣੇ ਵਪਾਰਕ ਸੰਬੰਧਾਂ ਅਤੇ ਨੀਤੀਆਂ ਵਿੱਚ ਤਬਦੀਲੀ ਕਰਨੀਆਂ ਪੈ ਸਕਦੀਆਂ ਹਨ। ਟਰੰਪ ਦੀਆਂ ਤਰਜੀਹਾਂ ਅਕਸਰ ਰਾਸ਼ਟਰਵਾਦ ਅਤੇ ਸੁਰੱਖਿਆ 'ਤੇ ਕੇਂਦਰਤ ਰਹੀਆਂ ਹਨ, ਜਿਸ ਨਾਲ ਅਮਰੀਕਾ ਨੂੰ ਆਪਣੇ ਰਿਸ਼ਤਿਆਂ 'ਚ ਕੜੇ ਨਿਰੀਖਣ ਕਰਨ ਦੀ ਲੋੜ ਮਹਿਸੂਸ ਹੋਵੇਗੀ।

ਟਰੰਪ ਦੀਆਂ ਵਿਦੇਸ਼ੀ ਨੀਤੀਆਂ, ਖਾਸ ਕਰਕੇ ਚੀਨ ਨਾਲ ਦੇ ਰਿਸ਼ਤਿਆਂ ਨੂੰ ਨਵੀਂ ਰਾਹਤ ਦੇਣ ਦੀ ਸੰਭਾਵਨਾ ਘੱਟ ਹੈ। ਚੀਨ 'ਤੇ ਪਹਿਲਾਂ ਹੀ ਸਖ਼ਤ ਤਣਾਅ ਰੱਖਣ ਵਾਲੇ ਟਰੰਪ, ਅਮਰੀਕੀ ਨਿਯਮਾਂ ਨੂੰ ਮਜ਼ਬੂਤ ਕਰਨ ਅਤੇ ਚੀਨ ਦੀ ਵਧਦੀ ਸੁਰੱਖਿਆ ਅਤੇ ਆਰਥਿਕ ਤਾਕਤ ਨੂੰ ਰੋਕਣ ਲਈ ਅਗੇ ਕਦਮ ਵਧਾ ਸਕਦੇ ਹਨ। ਇਸ ਨਾਲ ਸੰਸਾਰ ਵਿੱਚ ਨਵੇਂ ਟਕਰਾਅ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ, ਖਾਸ ਕਰਕੇ ਦੱਖਣੀ ਚੀਨ ਸਮੁੰਦਰ ਅਤੇ ਤਾਈਵਾਨ ਵਰਗੇ ਮੁੱਦਿਆਂ 'ਤੇ ਜ਼ਿਆਦਾ ਸੰਭਾਵਨਾ ਹੈ। ਇਸ ਨਾਲ ਏਸ਼ੀਆਈ ਦੇਸ਼ਾਂ ਵਿੱਚ ਅਸਥਿਰਤਾ ਵਧਣ ਦੀ ਸੰਭਾਵਨਾ ਹੈ, ਕਿਉਂਕਿ ਅਮਰੀਕਾ ਦੀ ਭਵਿੱਖ ਵਿੱਚ ਅਜਿਹੀ ਕਾਰਵਾਈ ਨੂੰ ਲੈ ਕੇ ਚੀਨ ਅਤੇ ਉਸ ਦੇ ਸਮੱਰਥਕ ਦੇਸ਼ਾਂ ਵਿੱਚ ਹੌਲੀ-ਹੌਲੀ ਤਣਾਅ ਨੂੰ ਕਾਬੂ ਕਰਨ ਦੀ ਚੁਣੌਤੀ ਵਧੇਗੀ। ਉਥੇ ਹੀ ਟਰੰਪ ਦੇ ਰਾਸ਼ਟਰਪਤੀ ਬਣਨ ਨਾਲ ਯੂਰਪੀ ਦੇਸ਼ਾਂ ਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਇਸ ਲਈ ਇਹ ਸੰਭਵ ਹੈ ਕਿ ਨਾਟੋ ਅਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਟਕਰਾਅ ਦੀ ਸਥਿਤੀ ਪੈਦਾ ਕਰ ਦੇਵੇ, ਕਿਉਂਕਿ ਉਹ ਮੰਨਦੇ ਹਨ ਕਿ ਅਮਰੀਕਾ ਨੂੰ ਆਪਣੇ ਸਾਥੀ ਦੇਸ਼ਾਂ ਦੇ ਸੁਰੱਖਿਆ ਖਰਚੇ ਨੂੰ ਵਧਾਏ ਬਿਨਾਂ ਬੋਝ ਨਹੀਂ ਢੋਣਾ ਚਾਹੀਦਾ। ਇਸ ਨਾਲ ਨਾਟੋ ਦੇ ਸੰਕਲਪ ਵਿੱਚ ਵਿਘਨ ਆ ਸਕਦਾ ਹੈ ਅਤੇ ਯੂਰਪ ਨੂੰ ਆਪਣੇ ਸੁਰੱਖਿਆ ਪ੍ਰਬੰਧਨਾਂ ਨੂੰ ਮੁੜ ਸੰਵਾਰਨਾ ਪਵੇਗਾ। ਉਥੇ ਹੀ ਟਰੰਪ ਦੀ ਚੋਣ ਦੇ ਨਾਲ ਯੂਰਪ ਅਤੇ ਅਮਰੀਕਾ ਦੇ ਵਪਾਰਕ ਰਿਸ਼ਤਿਆਂ 'ਚ ਵੀ ਸੰਭਾਵਿਤ ਕਟੌਤੀ ਹੋ ਸਕਦੀ ਹੈ, ਕਿਉਂਕਿ ਟਰੰਪ ਦੀਆਂ ਰਾਸ਼ਟਰਵਾਦੀ ਨੀਤੀਆਂ ਦਾ ਸਿੱਧਾ ਪ੍ਰਭਾਵ ਵਪਾਰ 'ਤੇ ਵੀ ਪੈ ਸਕਦਾ ਹੈ।

ਮੱਧ-ਪੂਰਬ ਵਿੱਚ ਵੀ ਟਰੰਪ ਦੇ ਵਾਪਸੀ ਦੇ ਨਾਲ ਸ਼ਾਂਤੀ ਅਤੇ ਸਥਿਰਤ 'ਤੇ ਸਵਾਲ ਖੜ੍ਹੇ ਹੁੰਦੇ ਹਨ। ਟਰੰਪ ਨੇ ਪਹਿਲੇ ਦੌਰ ਵਿੱਚ ਇਜ਼ਰਾਇਲ ਦੇ ਸਮਰਥਨ ਅਤੇ ਇਰਾਨ ਵਿਰੋਧੀ ਰੁਖ ਨੂੰ ਆਪਣੀ ਪ੍ਰਾਥਮਿਕਤਾ ਦਿੱਤੀ ਸੀ। ਇਸ ਨੂੰ ਮੱਦੇਨਜ਼ਰ ਰੱਖਦਿਆਂ, ਉਹ ਹੋਰ ਦੇਸ਼ ਜਿਵੇਂ ਭਾਰਤ, ਇਜ਼ਰਾਇਲ ਅਤੇ ਇਸ ਦੇ ਸਾਥੀ ਦੇਸ਼ਾਂ ਨਾਲ ਆਪਣੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰ ਸਕਦੇ ਹਨ, ਜਿਸ ਨਾਲ ਇਰਾਨ ਅਤੇ ਇਸ ਨਾਲ ਹੋਰ ਸੰਬੰਧਤ ਦੇਸ਼ਾਂ ਵਿੱਚ ਹੋਰ ਤਣਾਅ ਦਾ ਸਾਹਮਣਾ ਹੋਵੇਗਾ। ਇਸ ਨਾਲ ਮੱਧ-ਪੂਰਬ ਦੇ ਰਿਸ਼ਤੇ ਅਤੇ ਸਥਿਰਤਾ 'ਤੇ ਅਸਰ ਪਵੇਗਾ, ਜੋ ਦੁਨੀਆ ਦੇ ਤੇਲ ਉਤਪਾਦਨ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਭਾਰਤ ਲਈ ਵੀ ਟਰੰਪ ਦੀ ਪ੍ਰਧਾਨਗੀ ਵਿੱਚ ਵੱਖਰੀ ਚੁਣੌਤੀ ਅਤੇ ਮੌਕੇ ਹਾਜ਼ਰ ਹੋ ਸਕਦੇ ਹਨ। ਟਰੰਪ ਦਾ ਭਾਰਤ ਪ੍ਰਤੀ ਰਵੱਈਆ ਅਕਸਰ ਆਰਥਿਕ ਵਪਾਰ 'ਤੇ ਕੇਂਦਰਿਤ ਰਿਹਾ ਹੈ। ਇਸ ਲਈ ਇਹ ਸੰਭਵ ਹੈ ਕਿ ਭਾਰਤ ਨਾਲ ਵਪਾਰਕ ਰਿਸ਼ਤਿਆਂ ਨੂੰ ਪ੍ਰਾਥਮਿਕਤਾ ਦੇਣ ਦੇ ਨਾਲ-ਨਾਲ, ਵਪਾਰ ਵਿੱਚ ਸੰਤੁਲਨ ਬਣਾਉਣ ਲਈ ਕਈ ਖ਼ਾਸ ਨੀਤੀਆਂ ਅਪਣਾਉਣ ਦੀ ਤਿਆਰੀ ਕੀਤੀ ਜਾਵੇ। ਇਸ ਲਈ ਭਾਰਤ ਦੇ ਨਾਗਰਿਕਾਂ ਲਈ ਵੀਜ਼ਾ ਨੀਤੀਆਂ ਅਤੇ ਇਮੀਗ੍ਰੇਸ਼ਨ ਮਾਮਲਿਆਂ 'ਚ ਮੁੜ ਨੀਤੀਆਂ ਦੇ ਵਿਸ਼ਲੇਸ਼ਣ ਹੋ ਸਕਦੇ ਹਨ, ਜਿਸ ਲਈ ਭਾਰਤੀ ਸਾਂਝ ਦੀ ਲੋੜ ਪੈ ਸਕਦੀ ਹੈ। ਇਕ ਪਾਸੇ ਟਰੰਪ ਦੀ ਚੋਣ ਨਾਲ ਸੰਸਾਰ ਵਿੱਚ ਵੱਖ-ਵੱਖ ਰਾਜਨੀਤਕ ਸਥਿਤੀਆਂ ਅਤੇ ਵਪਾਰਕ ਰਿਸ਼ਤਿਆਂ ਵਿੱਚ ਨਵੀਂ ਲਹਿਰ ਆ ਸਕਦੀ ਹੈ, ਉੱਥੇ ਹੀ ਇਹ ਸੰਸਾਰ ਭਰ ਵਿੱਚ ਅਮਨ, ਸਥਿਰਤਾ ਅਤੇ ਗਲੋਬਲ ਸਾਂਝ ਨੂੰ ਕਈ ਤਰੀਕੇ ਨਾਲ ਪ੍ਰਭਾਵਿਤ ਕਰ ਸਕਦੀ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਪੂਰੇ ਸੰਸਾਰ ਦੀ ਨਜ਼ਰ ਅਮਰੀਕੀ ਰਾਜਨੀਤਕ ਫੈਸਲਿਆਂ 'ਤੇ ਹੋਵੇਗੀ।

ਇਸ ਲਈ ਹੁਣ ਦੇਖਣਾ ਹੋਵੇਗਾ ਕਿ ਡੋਨਾਲਡ ਟਰੰਪ ਆਪਣੇ ਸੁਭਾਅ ਅਨੁਸਾਰ ਭਵਿੱਖ ਵਿੱਚ ਫੈਸਲੇ ਲੈਣਗੇ ਜਾਂ ਸੰਸਾਰ ਪੱਧਰ 'ਤੇ ਬਾਕੀ ਦੇਸ਼ਾਂ ਪ੍ਰਤੀ ਸੋਚ ਵਿੱਚ ਨਰਮਈ ਦਾ ਗੁਣ ਸ਼ਾਮਿਲ ਕਰਕੇ ਆਪਣੀ ਰਾਜਨੀਤੀ ਕਰਨਗੇ। ਭਵਿੱਖ ਜੋ ਵੀ ਹੋਵੇ, ਪਰ ਅਮਰੀਕੀ ਲੋਕਾਂ ਨੇ ਕਾਫੀ ਰਾਜਨੀਤਿਕ ਵਿਰੋਧ ਦੇ ਬਾਅਦ ਵੀ ਡੋਨਾਲਡ ਟਰੰਪ ਦੇ ਹੱਕ ਵਿੱਚ ਆਪਣਾ ਫਤਵਾ ਦੇ ਕੇ ਉਸ ਦੀਆਂ ਨੀਤੀਆਂ ਨੂੰ ਸਵੀਕਾਰ ਕੀਤਾ ਹੈ।

# ਸੰਪਰਕ : 70098-07121

# ਵਧ ਰਹੀ ਹੈ ਆਰਥਿਕ ਨਾ-ਬਰਾਬਰੀ

ਨਰਿੰਦਰ ਸਿੰਘ

ਅੱਜ ਭਾਰਤ ਸੰਸਾਰ ਭਰ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਮੁਲਕ ਹੈ। ਭਾਰਤ ਨੇ ਹਰ ਖੇਤਰ ਵਿੱਚ ਬਹੁਤ ਤਰੱਕੀ ਕੀਤੀ ਹੈ। ਦੇਸ਼ ਨੇ ਵਿਕਾਸ ਦੀਆਂ ਕਈ ਮੰਜ਼ਲਾਂ ਤੈਅ ਕੀਤੀਆਂ ਹਨ, ਪਰੰਤੂ ਇਹ ਤਰੱਕੀ ਬਹੁਤ ਘੱਟ ਨਜ਼ਰ ਆਉਂਦੀ ਹੈ। ਆਮ ਲੋਕਾਂ ਦੇ ਪੱਲੇ ਗਰੀਬੀ, ਭੁੱਖਮਰੀ, ਮਹਿੰਗਾਈ, ਬੇਰੁਜ਼ਗਾਰੀ, ਖੱਜਲ-ਖੁਆਰੀ, ਭ੍ਰਿਸ਼ਟਾਚਾਰ, ਲੁੱਟਾਂ-ਖੋਹਾਂ, ਕਤਲੋਗਾਰਤ ਅਤੇ ਮਾਯੂਸੀ ਤੋਂ ਬਿਨਾਂ ਕੁਝ ਨਹੀਂ। ਇਸ ਤੋਂ ਇਲਾਵਾ ਵਾਤਾਵਰਨ ਪ੍ਰਦੂਸ਼ਣ ਦੀ ਗੰਭੀਰ ਸਮੱਸਿਆ ਵੀ ਪੈਦਾ ਹੋ ਗਈ ਹੈ। ਲੱਖਾਂ ਲੋਕ ਹਰ ਸਾਲ ਪ੍ਰਦੂਸ਼ਣ ਕਾਰਨ ਹੋ ਰਹੀਆਂ ਬਿਮਾਰੀਆਂ ਕਾਰਨ ਜਾਨ ਗੁਆ ਲੈਂਦੇ ਹਨ। ਦੇਸ਼ ਦੇ 60 ਲੱਖ ਤੋਂ ਵੱਧ ਲੋਕ ਪੀਣ ਵਾਲੇ ਸ਼ੁੱਧ ਤੇ ਸਾਫ਼ ਪਾਣੀ ਲਈ ਤਰਸ ਰਹੇ ਹਨ। ਭਾਰਤ ਕੋਲ ਵਿਸ਼ਵ ਦੀ ਕੁਲ ਜ਼ਮੀਨ ਦਾ 2.5 ਫ਼ੀਸਦੀ ਹਿੱਸਾ ਹੈ ਅਤੇ 4 ਫ਼ੀਸਦੀ ਪਾਣੀ ਹੈ। ਭਾਰਤ ਦੀ ਜਨਸੰਖਿਆ ਵਿਸ਼ਵ ਦੀ ਜਨਸੰਖਿਆ ਦਾ 18 ਫ਼ੀਸਦੀ ਹੈ।

ਅੱਜ ਭਾਰਤ ਸੰਸਾਰ ਦਾ ਇਕ ਸਭ ਤੋਂ ਵੱਧ ਨਾ-ਬਰਾਬਰੀ ਵਾਲਾ ਮੁਲਕ ਬਣ ਕੇ ਰਹਿ ਗਿਆ ਹੈ। ਦੇਸ਼ ਦੀ ਉਪਰਲੀ 10 ਫ਼ੀਸਦੀ ਆਬਾਦੀ ਅੱਜ ਦੇਸ਼ ਦੀ ਕੁਲ ਦੌਲਤ ਦੇ 77 ਫ਼ੀਸਦੀ ਹਿੱਸੇ 'ਤੇ ਕਾਬਜ਼ ਹੈ। ਭਾਰਤ ਦੀ ਸਭ ਤੋਂ ਅਮੀਰ ਇੱਕ ਫ਼ੀਸਦੀ ਆਬਾਦੀ ਕੋਲ ਦੇਸ਼ ਦੀ 53 ਫ਼ੀਸਦੀ ਦੌਲਤ ਹੈ, ਜਦੋਂਕਿ ਹੇਠਲੀ ਗਰੀਬ ਆਬਾਦੀ ਕੋਲ ਦੇਸ਼ ਦੀ ਕੁਲ ਦੌਲਤ ਦਾ ਮਾਤਰ 4.1 ਫ਼ੀਸਦੀ ਹਿੱਸਾ ਹੀ ਹੈ। ਅੱਜ ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਆਰਥਿਕ ਤੰਗੀਆਂ ਕਾਰਨ ਕਿਸਾਨ, ਮਜ਼ਦੂਰ, ਕਿਰਤੀ ਕਾਮੇ ਖੁਦਕੁਸ਼ੀਆਂ ਕਰ ਰਹੇ ਹਨ, ਪਰੰਤੂ ਦੇਸ਼ ਦੀਆਂ ਸਰਕਾਰੀ ਆਰਥਿਕ ਨੀਤੀਆਂ ਕਾਰਪੋਰੇਟ ਘਰਾਣਿਆਂ ਦੇ ਹਿੱਤ ਵਿੱਚ ਬਣਾਈਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਫਾਇਦਾ ਮਿਲ ਸਕੇ। ਹਰ ਸਾਲ ਲੱਖਾਂ-ਕਰੋੜਾਂ ਦਾ ਕਾਰਪੋਰੇਟ ਘਰਾਣਿਆਂ ਦਾ ਕਰਜ਼ਾ ਐੱਨ.ਪੀ.ਏ ਕਹਿ ਕੇ ਮੁਆਫ਼ ਕੀਤਾ ਜਾਂਦਾ ਹੈ।

ਪਰੰਤੂ ਸਾਰੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ, ਪੇਂਡੂ ਮਜ਼ਦੂਰਾਂ ਲਈ ਸਰਕਾਰ ਦਾ ਖਜ਼ਾਨਾ ਖਾਲੀ ਹੈ। ਕਿਸਾਨਾਂ ਦੀ ਹਾਲਤ ਬਦਤਰ ਹੋ ਚੁੱਕੀ ਹੈ, ਪਰੰਤੂ ਹਕੂਮਤ ਨੂੰ ਕੋਈ ਚਿੰਤਾ ਨਹੀਂ। ਹਵਾਈ ਅੱਡੇ, ਰੇਲਵੇ, ਬੰਦਰਗਾਹਾਂ, ਤੇਲ ਖੇਤਰ, ਕੋਲਾ ਖੇਤਰ, ਸੰਚਾਰ ਸਾਧਨ, ਡਿਫੈਂਸ ਦੇ ਹਥਿਆਰ ਬਣਾਉਣ ਦੇ ਖੇਤਰ ਸਭ ਕੁਝ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਐੱਸ਼ ਪ੍ਰਾਪਤੀ ਦਾ ਜੀਵਨ ਜਿਉਣ ਵਾਲਿਆਂ ਦਾ ਭਾਰਤ ਹੋਰ ਤੇ ਗਰੀਬਾਂ ਤੇ ਜੀਵਨ ਦੀਆਂ ਮੁਢਲੀਆਂ ਲੋੜਾਂ ਤੋਂ ਸੱਖਣੇ ਆਮ ਲੋਕਾਂ ਦਾ ਭਾਰਤ ਹੋਰ ਹੈ। ਆਰਥਿਕ ਪਾੜਾ ਏਨਾ ਵਧ ਚੁੱਕਾ ਹੈ ਕਿ ਕਰੋੜਾਂ ਲੋਕ ਗਰੀਬੀ ਦੀ ਦਲਦਲ ਵਿੱਚ ਧੱਸੇ ਹੋਏ ਹਨ। ਕਰੋੜਾਂ ਦੇਸ਼ ਵਾਸੀ ਅੱਜ ਵੀ ਅਨਪੜ੍ਹਤਾ ਤੇ ਬਿਮਾਰੀਆਂ ਦੀ ਜਕੜ ਵਿੱਚ ਫਸੇ ਹੋਏ ਹਨ। ਭਾਰਤ ਦੇ ਕਿਸਾਨਾਂ, ਪੇਂਡੂ ਮਜ਼ਦੂਰਾਂ ਦੀ ਮਿਹਨਤ ਸਦਕਾ ਹੀ ਅਸੀਂ ਚੌਲਾਂ, ਦੁੱਧ, ਦਾਲਾਂ, ਕਣਕ, ਕੰਨਾਂ ਅਤੇ ਮੋਟੇ ਅਨਾਜ ਵਿੱਚ ਭਾਵੇਂ ਅੱਗੇ ਵਧ ਰਹੇ ਹਾਂ ਪਰ ਭੁੱਖ ਅਤੇ ਕੁਪੋਸ਼ਣ ਫਿਰ ਵੀ ਸਾਡਾ ਪਿੱਛਾ ਨਹੀਂ ਛੱਡ ਰਹੀ। ਦੇਸ਼ ਦੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਹਾਲਾਂਕਿ ਦੇਸ਼ ਦੀ ਕੁਲ ਜ਼ਮੀਨ ਦੇ 60 ਫ਼ੀਸਦੀ ਹਿੱਸੇ 'ਤੇ ਖੇਤੀ ਕੀਤੀ ਜਾਂਦੀ ਹੈ। ਦੇਸ਼ ਦੀ ਕੁਲ ਆਬਾਦੀ ਵਿੱਚੋਂ 76.5 ਕਰੋੜ ਆਬਾਦੀ ਨੂੰ ਸੰਤੁਲਿਤ ਭੋਜਨ ਨਹੀਂ ਮਿਲਦਾ, ਜਿਸ ਵਿੱਚੋਂ 19.5 ਕਰੋੜ ਛੋਟੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਜਿਨ੍ਹਾਂ ਵਿੱਚ ਲੜਕੀਆਂ ਦੀ ਗਿਣਤੀ ਵੱਧ ਹੈ। ਅੱਜ ਵੀ ਕਰੋੜਾਂ ਦੇਸ਼ ਵਾਸੀਆਂ ਨੂੰ ਗੁਣਵੱਤਾ ਵਾਲੀ ਖੁਰਾਕ ਅਤੇ ਪੇਟ ਭਰ ਰੋਟੀ ਨਹੀਂ ਮਿਲ ਰਹੀ। ਗਲੋਬਲ ਹੰਗਰ ਇੰਡੈਕਸ ਰਿਪੋਰਟ ਮੁਤਾਬਕ ਅੱਜ ਅਸੀਂ 125 ਦੇਸ਼ਾਂ ਅੰਦਰ ਭੁੱਖਮਰੀ ਦੇ 111ਵੇਂ ਸਥਾਨ 'ਤੇ ਹਾਂ।

ਵਿਸ਼ਵ ਅਸਮਾਨਤਾ ਦੀ ਹੈਰਾਨੀ ਵਾਲੀ ਸੰਯੁਕਤ ਰਾਸ਼ਟਰ ਦੀ ਤਾਜ਼ਾ ਰਿਪੋਰਟ ਮੁਤਾਬਿਕ ਵਿਸ਼ਵ ਵਿੱਚ ਲੱਗਭੱਗ 80 ਕਰੋੜ ਲੋਕ ਰੋਜ਼ਾਨਾ ਭੁੱਖੇ ਸੌਂਦੇ ਹਨ ਅਤੇ ਦੂਸਰੇ ਪਾਸੇ ਭੋਜਨ ਦੀਆਂ ਲੱਗਭੱਗ ਇੱਕ ਅਰਬ ਥਾਲੀਆਂ ਬਰਬਾਦ ਕਰ ਦਿੱਤੀਆਂ ਜਾਂਦੀਆਂ ਹਨ। ਸੰਯੁਕਤ ਰਾਸ਼ਟਰ ਨੇ ਗਲੋਬਲ ਰਿਪੋਰਟ ਔਨ ਫੂਡ ਕਰਾਈਸਿਸ ਵਿੱਚ ਦੱਸਿਆ ਹੈ ਕਿ ਭੁੱਖ ਨਾਲ ਤੜਫਣ ਵਾਲਿਆਂ ਵਿੱਚ ਬੱਚੇ, ਇਸਤਰੀਆਂ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਹਨ। ਭਾਰਤ ਵਿੱਚ ਭੁੱਖਮਰੀ ਤੇ ਮਹਿੰਗਾਈ ਦੇ ਬਾਵਜੂਦ 50 ਕਿਲੋਗ੍ਰਾਮ ਪ੍ਰਤੀ ਵਿਅਕਤੀ ਹਰ ਸਾਲ ਖਾਧ ਪਦਾਰਥ ਬਰਬਾਦ ਅਤੇ ਖਰਾਬ ਹੋ ਜਾਂਦਾ ਹੈ। ਮੁਲਕ ਭਰ ਵਿੱਚ ਅਨਾਜ ਦਾ ਪੈਦਾਵਾਰ ਤੋਂ ਲੈ ਕੇ ਸਟੋਰ ਕਰਨ ਤੱਕ ਵਧੀਆ ਸਹੂਲਤਾਂ ਅਤੇ ਪ੍ਰਬੰਧ ਨਹੀਂ ਹਨ।

ਦੇਸ਼ ਦੀ ਕੁਲ ਆਬਾਦੀ ਦਾ 50 ਫ਼ੀਸਦੀ ਭਾਵ 71 ਕਰੋੜ ਤੋਂ ਵੱਧ ਲੋਕ ਨਾ ਸਰਕਾਰੀ ਕਰਮਚਾਰੀ, ਨਾ ਹੀ ਸਰਕਾਰੀ ਪੈਨਸ਼ਨ ਧਾਰਕ ਅਤੇ ਨਾ ਹੀ ਪ੍ਰਾਈਵੇਟ ਕੰਪਨੀਆਂ ਦੇ ਤਨਖ਼ਾਹਦਾਰ ਕਰਮਚਾਰੀ ਹਨ। ਫਿਰ ਵੀ ਇਹ ਲੋਕ ਜੀ ਐੱਸ ਟੀ ਜਿਹੇ ਟੈਕਸ ਚੀਜ਼ਾਂ ਖਰੀਦਣ ਵੇਲੇ ਦਿੰਦੇ ਹਨ। ਇਹਨਾਂ ਵਿੱਚ 30 ਕਰੋੜ ਲੋਕ ਦਿਹਾੜੀਦਾਰ ਮਜ਼ਦੂਰ ਵੀ ਹਨ, ਜਿਨ੍ਹਾਂ ਦੀ ਆਮਦਨ ਪਿਛਲੇ ਸਾਲਾਂ ਵਿੱਚ ਮਹਿੰਗਾਈ ਵਧਣ ਨਾਲ ਸਥਿਰ ਹੋ ਕੇ ਰਹਿ ਗਈ ਹੈ। ਹਰ ਚੀਜ਼ ਦੀਆਂ ਕੀਮਤਾਂ ਨਿੱਤ ਅਸਮਾਨੇ ਚੜ੍ਹੀ ਜਾ ਰਹੀਆਂ ਹਨ। ਪਰੰਤੂ ਮਹਿੰਗਾਈ ਦੀ ਸਰਕਾਰਾਂ ਨੂੰ ਚਿੰਤਾ ਨਹੀਂ ਹੈ। ਦੇਸ਼ ਦਾ ਨੀਤੀ ਆਯੋਗ ਦਾਅਵਾ ਕਰਦਾ ਹੈ ਕਿ ਭਾਰਤ ਦੀ ਕੁਲ ਆਬਾਦੀ ਦਾ ਸਿਰਫ 5 ਫ਼ੀਸਦੀ ਲੋਕ ਹੀ ਗਰੀਬ ਹਨ। ਬੇਰੁਜ਼ਗਾਰੀ ਦੀ ਦਰ ਜੂਨ 2024 ਵਿੱਚ 9.3 ਫ਼ੀਸਦੀ ਸੀ। ਬੇਰੁਜ਼ਗਾਰੀ ਵਿੱਚ ਵਿਸ਼ਵ ਪੱਧਰੀ ਰੈਂਕ 86ਵਾਂ ਹੈ। ਭਾਰਤ ਵਿੱਚ ਬੇਰੁਜ਼ਗਾਰੀ ਦਾ ਭਿਅੰਕਰ ਰੂਪ ਦੇਖਣ ਨੂੰ ਮਿਲ ਰਿਹਾ ਹੈ। ਕੇਂਦਰੀ, ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦਾ ਭੋਗ ਪਾਇਆ ਜਾ ਰਿਹਾ ਹੈ। ਬੇਰੁਜ਼ਗਾਰੀ ਏਨੀ ਵਧ ਚੁੱਕੀ ਹੈ ਕਿ ਏਅਰ ਇੰਡੀਆ ਅੰਦਰ ਜਹਾਜ਼ ਲੋਡਰਾਂ ਦੀਆਂ 600 ਅਸਾਮੀਆਂ ਲਈ 25 ਹਜ਼ਾਰ ਨੌਜਵਾਨ ਉੱਚੀਆਂ ਡਿਗਰੀਆਂ ਲੈ ਕੇ ਪੁੱਜ ਗਏ। ਜਹਾਜ਼ ਲੋਡਰ ਨੇ ਜਹਾਜ਼ ਵਿੱਚ ਸਮਾਨ ਨੂੰ ਚਾੜ੍ਹਨਾ-ਉਤਾਰਨਾ ਖੜਨਾ ਹੁੰਦਾ ਹੈ। ਉਸ ਨੂੰ ਉੱਕਾ-ਪੁੱਕਾ 25 ਹਜ਼ਾਰ ਮਹੀਨਾ ਤਨਖਾਹ ਦਿੱਤੀ ਜਾਂਦੀ ਹੈ। ਬੇਰੁਜ਼ਗਾਰ ਨੌਜਵਾਨ ਰੁਜ਼ਗਾਰ ਦੀ ਭਾਲ ਤੇ ਪੇਟ ਦੀ ਅੱਗ ਬੁਝਾਉਣ ਲਈ ਗਲਤ ਢੰਗਾਂ ਨਾਲ ਪ੍ਰਵਾਸ ਕਰ ਵਿਦੇਸ਼ਾਂ ਨੂੰ ਜਾ ਰਹੇ ਹਨ।

ਪ੍ਰਾਇਸ ਦੇ ਸਰਵੇਖਣ ਅਨੁਸਾਰ ਦੇਸ਼ ਦੇ 104 ਕਰੋੜ ਲੋਕ ਉਨ੍ਹਾਂ ਪਰਵਾਰਾਂ ਵਿੱਚ ਰਹਿ ਰਹੇ ਹਨ, ਜਿਨ੍ਹਾਂ ਦੀ ਮਹੀਨੇ ਦੀ ਆਮਦਨ 25 ਹਜ਼ਾਰ ਰੁਪਏ ਵੀ ਨਹੀਂ ਹੈ। ਇਨ੍ਹਾਂ 104 ਕਰੋੜ ਭਾਰਤੀਆਂ ਵਿੱਚੋਂ 39 ਕਰੋੜ 40 ਲੱਖ ਉਹ ਹਨ, ਜਿਨ੍ਹਾਂ ਦੀ ਮਹੀਨੇ ਦੀ ਆਮਦਨ 10 ਹਜ਼ਾਰ ਰੁਪਏ ਤੋਂ ਘੱਟ ਹੈ। 6 ਕਰੋੜ 70 ਲੱਖ ਉਹ ਭਾਰਤੀ ਹਨ, ਜਿਨ੍ਹਾਂ ਦੇ ਪਰਵਾਰ 5 ਹਜ਼ਾਰ ਮਹੀਨਾ ਹੀ ਕਮਾਉਂਦੇ ਹਨ। ਇਸੇ ਤਰ੍ਹਾਂ ਵਰਕ ਇੰਡੀਆ ਦੀ ਰਿਪੋਰਟ ਅਨੁਸਾਰ ਫੈਕਟਰੀਆਂ-ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲਿਆਂ ਵਿੱਚ 58 ਫ਼ੀਸਦੀ ਤੋਂ ਵੱਧ ਕਾਮਿਆਂ ਦੀ ਮਹੀਨੇ ਦੀ ਕਮਾਈ 20 ਹਜ਼ਾਰ ਰੁਪਏ ਵੀ ਨਹੀਂ ਹੈ। ਇਹ ਕਾਮੇ ਦੇਸ਼ ਦੀ ਕੁਲ ਕਿਰਤ ਸ਼ਕਤੀ ਦਾ 80 ਫ਼ੀਸਦੀ ਹਿੱਸਾ ਬਣਦੇ ਹਨ। ਅਪ੍ਰੈਲ 2024 ਵਿੱਚ ਇਨ੍ਹਾਂ ਦੀ ਗਿਣਤੀ 30 ਕਰੋੜ ਸੀ। ਭਾਰਤ ਵਿੱਚ ਜਿਸ ਤਰ੍ਹਾਂ ਅਮੀਰੀ ਵਧ ਰਹੀ ਹੈ, ਉਸ ਤਰ੍ਹਾਂ ਆਮ ਭਾਰਤੀ ਦੀ ਆਮਦਨ ਤੇ ਸੰਪਤੀ ਵਿੱਚ ਇਜ਼ਾਫ਼ਾ ਨਹੀਂ ਹੋ ਰਿਹਾ ਹੈ।

ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਅਤੇ ਉਨ੍ਹਾਂ ਦੇ ਪਰਵਾਰ ਦੀ ਕੁੱਲ ਜਾਇਦਾਦ ਇੱਕ ਸਾਲ ਵਿੱਚ 95 ਫ਼ੀਸਦੀ ਵਧ ਕੇ 11.62 ਲੱਖ ਕਰੋੜ ਰੁਪਏ ਹੋ ਗਈ ਹੈ। ਅਡਾਨੀ ਪਰਵਾਰ ਨੇ ਪਿਛਲੇ ਇੱਕ ਸਾਲ ਵਿੱਚ ਆਪਣੀ ਕੁਲ ਜਾਇਦਾਦ ਵਿੱਚ 5,65,503 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਹੈ। ਅਡਾਨੀ ਪਰਵਾਰ ਅੰਬਾਨੀ ਪਰਵਾਰ ਨੂੰ ਪਛਾੜ ਕੇ ਦੇਸ਼ ਦਾ ਸਭ ਤੋਂ ਅਮੀਰ ਪਰਵਾਰ ਬਣ ਗਿਆ ਹੈ। ਅੰਬਾਨੀ ਪਰਵਾਰ ਦੀ ਜਾਇਦਾਦ 10.15 ਲੱਖ ਕਰੋੜ ਰੁਪਏ ਹੈ। ਇਕ ਸਾਲ ਵਿੱਚ 25 ਫ਼ੀਸਦੀ ਦਾ ਵਾਧਾ ਹੋਇਆ ਹੈ। ਇਹ ਸੂਚੀ ਵਿੱਚ 10,14,700 ਰੁਪਏ ਦੀ ਜਾਇਦਾਦ ਦੇ ਨਾਲ ਦੂਜੇ ਸਥਾਨ 'ਤੇ ਹੈ। 11.6 ਲੱਖ ਕਰੋੜ ਰੁਪਏ ਦੀ ਜਾਇਦਾਦ ਦੇ ਨਾਲ ਗੌਤਮ, ਅਡਾਨੀ (62) ਅਤੇ ਉਨ੍ਹਾਂ ਦੇ ਪਰਵਾਰ ਨੇ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡ ਦਿੱਤਾ ਹੈ। ਹੁਰੁਨ ਇੰਡੀਆ ਰਿਚ 2024 ਲਿਸਟ ਮੁਤਾਬਿਕ ਭਾਰਤ ਦੇ ਅਮੀਰਾਂ ਦੀ ਦੌਲਤ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਪਹਿਲੀ ਵਾਰ ਇਸ ਸੂਚੀ ਨੇ 1500 ਦਾ ਅੰਕੜਾ ਪਾਰ ਕੀਤਾ ਹੈ। ਇਸ ਵਿੱਚ 1539 ਮਸ਼ਹੂਰ ਵਿਅਕਤੀ ਸ਼ਾਮਲ ਹਨ, ਜਿਨ੍ਹਾਂ ਦੀ ਕੁਲ ਜਾਇਦਾਦ ਇਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ।

ਹੁਰੁਨ ਇੰਡੀਆ ਦੀ ਅਮੀਰ ਸੂਚੀ ਵਿੱਚ ਗੌਤਮ ਅਡਾਨੀ ਨੇ ਮੁਕੇਸ਼ ਅੰਬਾਨੀ ਨੂੰ ਪਿੱਛੇ ਛੱਡਦੇ ਹੋਏ ਨੰਬਰ ਇਕ ਸਥਾਨ ਹਾਸਲ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਸਾਲ ਭਾਰਤ ਵਿੱਚ ਹਰ 5 ਦਿਨ ਬਾਅਦ ਇੱਕ ਨਵਾਂ ਅਰਬਪਤੀ ਬਣਿਆ। ਅੱਜ ਭਾਰਤ ਵਿੱਚ ਨੌਜਵਾਨਾਂ ਲਈ ਤਰੱਕੀ ਕਰਨ ਦੇ ਬਰਾਬਰ ਦੇ ਮੌਕੇ ਨਹੀਂ ਹਨ। ਦੇਸ਼ ਦਾ ਭਾਰੀ ਬਹੁਗਿਣਤੀ ਰੱਖਦਾ ਹੇਠਲਾ ਤਬਕਾ ਬੇਸ਼ੁਮਾਰ ਯਤਨਾਂ ਦੇ ਬਾਵਜੂਦ ਉੱਠ ਨਹੀਂ ਸਕਿਆ। ਮੱਧ ਵਰਗਾ ਦੀ ਆਮਦਨ ਵਿੱਚ ਪਹਿਲਾਂ ਹੀ ਇਜ਼ਾਫ਼ਾ ਨਹੀਂ ਹੋ ਰਿਹਾ ਹੈ ਅਤੇ ਜੇ ਹੁੰਦਾ ਹੈ ਤਾਂ ਮਾਮੂਲੀ ਵਾਧੇ ਨੂੰ ਮਹਿੰਗਾਈ ਚਟਮ ਕਰ ਜਾਂਦੀ ਹੈ। ਸਰਕਾਰ ਵੱਲੋਂ ਸਭ ਦਾ ਸਾਥ, ਸਭ ਦਾ ਵਿਕਾਸ ਦੇ ਨਾਹਰੇ ਦੇ ਨਾਂਅ 'ਤੇ ਆਰਥਿਕ ਨੀਤੀਆਂ ਤੇਜ਼ੀ ਨਾਲ ਚਲਾਈਆਂ ਜਾ ਰਹੀਆਂ ਹਨ, ਪਰ ਆਰਥਿਕ ਵਿਕਾਸ ਸਿਰਫ਼ ਗਿਣਤੀ ਦੇ ਅਮੀਰਤਮ ਲੋਕਾਂ ਦਾ ਹੀ ਹੋ ਰਿਹਾ ਹੈ। ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ।

ਭ੍ਰਿਸ਼ਟਾਚਾਰ ਸਭ ਹੱਦਾਂ ਬੰਨੇ ਟੱਪ ਰਿਹਾ ਹੈ।ਬਿਨਾਂ ਪੈਸੇ ਕਿਸੇ ਦਾ ਡੱਕਾ ਦੋਹਰਾ ਨਹੀਂ ਹੁੰਦਾ। ਲੋਕਾਈ ਤਰਾਈ-ਤਰਾਈ ਕਰ ਰਹੀ ਹੈ। ਸਿਹਤ ਸੇਵਾਵਾਂ ਦਾ ਬੁਰਾ ਹਾਲ ਹੈ। ਕਿਸੇ ਗੰਭੀਰ ਬਿਮਾਰੀ ਦਾ ਕਿਸੇ ਵੀ ਸਰਕਾਰੀ ਤੰਤਰ ਵਿੱਚ ਇਲਾਜ ਨਹੀਂ। ਵਿੱਦਿਆ ਪ੍ਰਾਈਵੇਟ ਹੱਥਾਂ ਵਿੱਚ ਚਲੀ ਗਈ ਹੈ। ਪ੍ਰਾਈਵੇਟ ਅਦਾਰੇ ਵੱਡੀਆਂ ਫ਼ੀਸਾਂ ਵਸੂਲਦੇ ਹਨ, ਜੋ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਕ ਅੰਦਰ ਖਾਧ-ਖੁਰਾਕ ਦੀ ਜਨਤਕ ਵੰਡ ਪ੍ਰਣਾਲੀ ਨੂੰ ਸਹੀ ਤਰ੍ਹਾਂ ਲਾਗੂ ਕਰੇ। ਹਰ ਭਾਰਤੀ ਨੂੰ ਖਾਣ ਲਈ ਤੇ ਪੇਟ ਭਰਨ ਲਈ ਦੋ ਡੰਗ ਦੀ ਰੋਟੀ ਦੇਣ ਦੇ ਯੋਗ ਬਣਾਉਣਾ ਸਰਕਾਰਾਂ ਦਾ ਨੈਤਿਕ ਫ਼ਰਜ਼ ਹੈ। ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਏ। ਰੁਜ਼ਗਾਰ ਉਹ ਸਾਧਨ ਹੈ, ਜਿਸ ਨਾਲ ਮਨੁੱਖ ਆਪਣੇ ਜੀਵਨ ਦਾ ਗੁਜ਼ਾਰਾ ਕਰ ਸਕਦਾ ਹੈ। ਮਨੁੱਖ ਨੂੰ ਕੁੱਲੀ, ਗੁੱਲੀ ਤੇ ਜੁੱਲੀ ਦੀ ਮੁੱਢਲੇ ਤੌਰ 'ਤੇ ਲੋੜ ਹੁੰਦੀ ਹੈ। ਲੋਕਾਂ ਦਾ ਖਿਆਲ ਰੱਖਣਾ ਅਤੇ ਉਨ੍ਹਾਂ ਦੀ ਚਿੰਤਾ ਕਰਨੀ ਇਕ ਚੰਗੀ ਸਰਕਾਰ ਦਾ ਮੁੱਢਲਾ ਸਿਧਾਂਤ ਹੈ। ਜੇ ਸਮਾਂ ਰਹਿੰਦਿਆਂ ਕਿਸੇ ਸਮੱਸਿਆ ਦਾ ਹੱਲ ਨਾ ਕੱਢਿਆ ਜਾਵੇ ਤਾਂ ਉਹ ਹੋਰ ਵੀ ਭਿਆਨਕ ਹੋ ਜਾਂਦੀ ਹੈ।

# ਸੰਪਰਕ : 98146-62260

11-NOV-PAGE-5.qxd 11/10/2024 8:16 PM Page 1



# ਕੇਂਦਰ ਤੇ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਕਿਸਾਨ ਮੰਡੀਆਂ 'ਚ ਹੋ ਰਹੇ ਖੱਜਲ ਖੁਆਰ : ਲੱਖੋਵਾਲ



**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਪੰਜਾਬ ਦੀ ਮਹੀਨਾਵਾਰ ਮੀਟਿੰਗ ਹਰਿੰਦਰ ਸਿੰਘ ਲੱਖੋਵਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਿਸਾਨੀ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ।ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਤੇ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਸਾਂਝਾ ਬਿਆਨ ਦਿੰਦਿਆਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੇ ਅਤਿ ਮਾੜੇ ਰਵੱਈਏ ਕਾਰਨ ਅੱਜ ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਪੰਜਾਬ ਦਾ ਕਿਸਾਨ ਰੁਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 60 ਸਾਲਾਂ ਵਿੱਚ ਕਦੇ ਵੀ ਅਜਿਹਾ ਵੇਖਣ ਨੂੰ ਨਹੀਂ ਮਿਲਿਆ।ਪਹਿਲੀ ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋਈ ਸੀ, ਪਰ ਅੱਜ ਤੱਕ ਵੀ ਸਰਕਾਰ ਸਿਰਫ ਖਰੀਦ ਦੇ ਨਾਂ 'ਤੇ ਖਾਨਾਪੂਰਤੀ ਹੀ ਕਰ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਕਿਸਾਨਾਂ ਤੋਂ ਦਿੱਲੀ ਮੋਰਚੇ ਦੀ ਕਿੜ੍ਹ ਕੱਢਣ ਲਈ ਝੋਨੇ ਦੀ ਫ਼ਸਲ ਨਹੀਂ ਖਰੀਦੀ ਜਾ ਰਹੀ, ਜਿਸ ਵਿੱਚ ਪੰਜਾਬ ਸਰਕਾਰ ਦੁਆਰਾ ਵੀ ਕੇਂਦਰ ਦਾ ਸਹਿਯੋਗ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਦੋਨਾਂ ਸਰਕਾਰਾਂ ਦਾ ਕਿਸਾਨ ਵਿਰੋਧੀ ਰਵੱਈਆ ਪੰਜਾਬ ਤੇ ਪੰਜਾਬ ਦੇ ਕਿਸਾਨਾਂ ਦੀ ਆਰਥਿਕਤਾ ਨੂੰ ਵੱਡੀ ਢਾਅ ਲਾ ਰਿਹਾ ਹੈ ਕਦੇ ਬਾਰਦਾਨੇ ਦਾ ਬਹਾਨਾ, ਕਦੇ ਨਮੀਂ ਦੀ ਮਾਤਰਾ, ਕਦੇ ਆੜ੍ਹਤੀਏ ਤੇ ਸ਼ੈਲਰਾਂ ਦੀ ਹੜਤਾਲ ਇਸ ਸਭ ਨਾਲ ਕਿਸਾਨ ਦੀ ਫਸਲ ਮੰਡੀਆਂ ਵਿੱਚ ਰੁਲ ਰਹੀ ਹੈ। ਕਿਸਾਨਾਂ ਦੀ ਇਸ ਹਾਲਤ ਦਾ ਆੜ੍ਹਤੀਏ ਤੇ ਸ਼ੈਲਰ ਮਾਲਕ ਨਜਾਇਜ਼ ਫਾਇਦਾ ਉਠਾ ਰਹੇ ਹਨ। ਉਨ੍ਹਾਂ ਦੁਆਰਾ ਕਿਸਾਨਾਂ ਦੀ ਝੋਨੇ ਦੀ ਫਸਲ ਸਰਕਾਰੀ ਰੇਟ ਤੋਂ 3 ਸੌ ਤੋਂ 5 ਸੌ ਰੁਪਏ ਦਾ ਪ੍ਰਤੀ ਕੁਇੰਟਲ ਕੱਟ ਲਗਾ ਕੇ ਖਰੀਦੀ ਜਾ ਰਹੀ ਹੈ।ਲੱਖੋਵਾਲ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਦੀ ਕਿਸੇ ਵੀ ਮੰਡੀ ਵਿੱਚ ਕਿਸਾਨਾਂ ਦੀ ਝੋਨੇ ਦੀ ਫਸਲ ਵਪਾਰੀ, ਆੜ੍ਹਤੀ ਜਾਂ ਸ਼ੈਲਰ ਮਾਲਕਾਂ ਦੁਆਰਾ ਕੱਟ ਲਾ ਕੇ ਖਰੀਦੀ ਗਈ ਹੈ ਤਾਂ ਉਹ ਤੁਰੰਤ ਲਿਖਤੀ ਰੂਪ ਵਿੱਚ ਉਨ੍ਹਾਂ ਨਾਲ ਸੰਪਰਕ ਕਰਨ।ਯੂਨੀਅਨ ਉਨ੍ਹਾਂ ਦੀ ਪੂਰੀ ਪੈਰਵੀ ਕਰੇਗੀ, ਲੁੱਟਣ ਵਾਲਿਆਂ ਦੇ ਘਰਾਂ, ਸ਼ੈਲਰਾਂ ਦਾ ਘਿਰਾਓ ਕਰਕੇ ਕਿਸਾਨਾਂ ਦੇ ਪੈਸੇ ਵਾਪਸ ਦਿਲਵਾਏ ਜਾਣਗੇ ਅਤੇ 420 ਦੇ ਪਰਚੇ ਦਰਜ ਕਰਵਾਏ ਜਾਣਗੇ ਤਾਂ ਜੋ ਕਿਸਾਨਾਂ ਨੂੰ ਇਨਸਾਫ ਦੁਆਇਆ ਜਾ ਸਕੇ। ਉਨ੍ਹਾਂ ਕੇਂਦਰੀ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਕਿਸਾਨ ਲੀਡਰਾਂ ਵਿਰੁੱਧ ਕੀਤੀ ਜਾ ਰਹੀ ਬਿਆਨਬਾਜ਼ੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ, ਜਿਸ ਤੋਂ ਸਾਫ ਹੁੰਦਾ ਹੈ ਕਿ ਬਿੱਟੂ ਅਜੇ ਤੱਕ ਲੁਧਿਆਣਾ ਦੇ ਵੋਟਰਾਂ ਵੱਲੋਂ ਦਿੱਤੀ ਕਰਾਰੀ ਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਿਆ ਤੇ ਕੇਂਦਰ ਸਰਕਾਰ ਵੱਲੋਂ ਕੇਂਦਰੀ ਮੰਤਰੀ ਬਣਾਉਣ 'ਤੇ ਆਪਣਾ ਦਿਮਾਗੀ ਸੰਤੁਲਨ ਗਵਾ ਬੈਠਾ ਹੈ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਯੂਨੀਅਨ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਪਾਲਮਾਜ਼ਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਚੌਲਾਂ ਦੇ ਸੈਂਪਲ ਫ਼ੇਲ੍ਹ ਕਰਨਾ ਪੰਜਾਬ ਦੀ ਕਿਸਾਨੀ ਨੂੰ ਬਰਬਾਦ ਕਰਨ ਦੀ ਚਾਲ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਕੇਂਦਰ ਸਰਕਾਰ ਆਪਣੀਆਂ ਨੀਤੀਆਂ ਤੋਂ ਬਾਜ਼ ਆਵੇ ਨਹੀਂ ਤਾਂ ਇੱਕ ਵਾਰ ਫਿਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਮੀਟਿੰਗ ਵਿੱਚ ਹਾਜ਼ਰ ਆਗੂਆਂ ਨੇ ਕਿਹਾ ਕਿ ਡੀਏਪੀ ਖਾਦ ਦੀ ਘਾਟ ਇਸ ਸਮੇਂ ਪੰਜਾਬ ਅੰਦਰ ਬਹੁਤ ਵੱਡੇ ਪੱਧਰ 'ਤੇ ਸਾਹਮਣੇ ਆ ਰਹੀ ਹੈ, ਕਿਉਂਕਿ ਆਲੂਆਂ ਤੇ ਕਣਕ ਦੀ ਬਿਜਾਈ ਦਾ ਸੀਜ਼ਨ ਚੱਲ ਰਿਹਾ ਹੈ, ਪਰ ਸੋਸਾਇਟੀਆਂ ਤੇ ਖਾਦ ਵਾਲੀਆਂ ਦੁਕਾਨਾਂ 'ਤੇ ਅਜੇ ਤੱਕ ਡੀਏਪੀ ਬਹੁਤ ਘੱਟ ਮਾਤਰਾ ਵਿੱਚ ਪਹੁੰਚਿਆ ਹੈ, ਜਿਸ ਕਾਰਨ ਬਹੁਤੇ ਕਿਸਾਨਾਂ ਨੂੰ ਅਜੇ ਡੀਏਪੀ ਨਹੀਂ ਮਿਲ ਰਿਹਾ।

ਕੇਂਦਰ ਸਰਕਾਰ ਦੇ ਦੱਸਣ ਮੁਤਾਬਕ ਪੰਜਾਬ ਸਰਕਾਰ ਨੇ ਸਮੇਂ ਸਿਰ ਡੀਏਪੀ ਖਾਦ ਦੀ ਲੋੜੀਂਦੀ ਮਾਤਰਾ ਕੇਂਦਰ ਸਰਕਾਰ ਕੋਲ ਦਰਜ ਨਹੀਂ ਕਰਵਾਈ, ਜਿਸ ਕਾਰਨ ਇਹ ਸਮੱਸਿਆ ਸਾਹਮਣੇ ਆ ਰਹੀ ਹੈ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਵੱਲ ਫੌਰੀ ਧਿਆਨ ਦਿੰਦੇ ਹੋਏ ਤੁਰੰਤ ਡੀਏਪੀ ਖਾਦ ਦਾ ਪ੍ਰਬੰਧ ਕਰੇ।ਮੀਟਿੰਗ ਵਿੱਚ ਪੰਜਾਬ ਭਰ ਤੋਂ ਕਿਸਾਨ ਆਗੂ ਸ਼ਾਮਲ ਹੋਏ।

# ਟਰੈਕਟਰ ਟਰਾਲੀ ਪਲਟਣ ਕਾਰਨ ਕਿਸਾਨ ਦੀ ਮੌਤ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਜ਼ਿਲ੍ਹੇ ਦੇ ਪਿੰਡ ਰੰਗਾ ਨੇੜੇ ਘੱਗਰ ਦਰਿਆ ਦੇ ਪੁਲ ਤੋਂ ਉਤਰਦੇ ਸਮੇਂ ਝੋਨੇ ਨਾਲ ਲੱਦੀ ਟਰੈਕਟਰ ਟਰਾਲੀ ਬੇਕਾਬੂ ਹੋ ਕੇ ਪਲਟਣ ਕਾਰਨ 26 ਸਾਲਾ ਕਿਸਾਨ ਮੁਰਾਰੀ ਲਾਲ ਦੀ ਮੌਤ ਹੋ ਗਈ।ਕਿਸਾਨ ਦੇ ਟ੍ਰੈਕਟਰ ਪਲਟਣ ਦਾ ਜਦੋਂ ਰਾਹਗੀਰਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਦੱਬੇ ਹੋਏ ਕਿਸਾਨ ਨੂੰ ਬਾਹਰ ਕੱਢਿਆ, ਪਰ ਉਦੋਂ ਤੱਕ ਕਾਫੀ ਦੇਰ ਹੋ ਚੁੱਕੀ ਸੀ।ਕਿਸਾਨ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਤੇ ਗਰਦਨ ਟੁੱਟਣ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ 26 ਸਾਲਾ ਮੁਰਾਰੀ ਲਾਲ ਅਲੀਕਾ ਤੋਂ ਪਨਿਹਾਰੀ ਰੋਡ ਸਥਿਤ ਢਾਣੀ 'ਚ ਰਹਿੰਦਾ ਸੀ।ਢਾਈ ਏਕੜ ਜ਼ਮੀਨ ਵਾਲਾ ਮੁਰਾਰੀ ਲਾਲ ਸ਼ੈਲਰ ਵਿੱਚ ਝੋਨਾ ਵੇਚਣ ਲਈ ਮੁਸਾਹਿਬਵਾਲਾ ਗਿਆ ਹੋਇਆ ਸੀ।ਉਸ ਦੇ ਚਚੇਰੇ ਭਰਾ ਰਾਜਿੰਦਰ ਨੇ ਦੱਸਿਆ ਕਿ ਉਹ ਦੋਨੋਂ ਦੋ ਟਰਾਲੀਆਂ ਝੋਨਾ ਲੈ ਕੇ ਮੁਸਾਹਿਬਵਾਲਾ ਸੈਲਰ ਪਹੁੰਚੇ, ਪਰ ਲਿਫਟਿੰਗ ਕਾਰਨ ਸਿਰਸਾ ਮੰਡੀ ਬੰਦ ਸੀ ਤੇ ਝੋਨਾ ਨਹੀਂ ਵਿਕ ਰਿਹਾ ਸੀ।ਦਿਨ ਭਰ ਝੋਨਾ ਨਾਂ ਵਿਕਣ ਕਾਰਨ ਜਦੋਂ ਉਹ ਰਾਤ 9 ਵਜੇ ਘਰ ਪਰਤ ਰਿਹਾ ਸੀ ਤਾਂ ਪਿੰਡ ਰੰਗਾ ਵਿਖੇ ਘੱਗਰ ਦਰਿਆ ਦੇ ਪੁਲ ਨੇੜੇ ਟਰੈਕਟਰ ਟਰਾਲੀ ਢਲਾਨ 'ਤੇ ਬੇਕਾਬੂ ਹੋ ਕੇ ਹੇਠਾਂ ਖੇਤਾਂ ਵਿੱਚ ਪਲਟ ਗਈ ਤੇ ਉਸ ਦੀ ਮੌਤ ਹੋ ਗਈ ਤੇ ਟਰਾਲੀ ਵਿੱਚ ਭਰਿਆ ਝੋਨਾ ਖੇਤਾਂ ਵਿੱਚ ਖਿੱਲਰ ਗਿਆ।ਮਿਹਨਤੀ ਕਿਸਾਨ ਮੁਰਾਰੀ ਲਾਲ ਆਪਣੇ ਪਿੱਛੇ ਬਜ਼ੁਰਗ ਮਾਤਾ, ਪਤਨੀ ਤੇ ਛੋਟੀਆਂ ਦੋ ਧੀਆਂ ਛੱਡ ਗਿਆ ਹੈ।ਮੁਰਾਰੀ ਲਾਲ ਦਾ ਛੋਟਾ ਭਰਾ ਭਿਕਸ਼ੂ ਹੈ।ਸਥਾਨਕ ਵਸੀਆਂ ਦਾ ਕਹਿਣਾ ਸੀ ਕਿ ਜੇਕਰ ਮੰਡੀ ਵਿੱਚ ਝੋਨਾ ਵਿਕ ਗਿਆ ਹੁੰਦਾ ਤਾਂ ਇਹ ਮੰਦਭਾਗੀ ਘਟਨਾ ਸ਼ਾਇਦ ਨਾ ਵਾਪਰਦੀ।

# ਸੂਬੇ ਨੂੰ ਭਗਵੰਤ ਮਾਨ ਨ੍ਹੀਂ, ਗੈਂਗਸਟਰ ਚਲਾ ਰਹੇ : ਬਾਜਵਾ

## ਅੰਮ੍ਰਿਤਾ ਵੜਿੰਗ ਲਈ ਝੋਲੀ ਅੱਡ ਕੇ ਵੋਟਾਂ ਮੰਗੀਆਂ



**ਦੋਦਾ (ਵਕੀਲ ਬਰਾੜ)**-ਵਿਧਾਨ ਸਭਾ ਹਲਕਾ ਗਿੱਦੜਬਾਹਾ ਦੀ ਜ਼ਿਮਨੀ ਚੋਣ ਉਤੇ ਸਮੁੱਚੇ ਪੰਜਾਬ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ ਤੇ ਇਥੇ ਚੋਣ ਅਖਾੜਾ ਪੂਰੀ ਤਰ੍ਹਾਂ ਭਖ ਚੁੱਕਿਆ ਹੈ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਸਰਕਾਰ ਦੀ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਾਂਗਰਸ ਉਮੀਦਵਾਰ ਅੰਮ੍ਰਿਤਾ ਵੜਿੰਗ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਦੋਦਾ ਵਿਖੇ ਸਖਤ ਸ਼ਬਦਾਂ ਵਿੱਚ ਬੋਲਦਿਆਂ ਕਿਹਾ ਕਿ ਸੂਬੇ ਵਿੱਚ ਭਗਵੰਤ ਮਾਨ ਦੀ ਸਰਕਾਰ ਨਹੀਂ ਗੈਂਗਸਟਰ ਰਾਜ ਚਲਾ ਰਹੇ ਹਨ। ਜੇਲ੍ਹਾਂ ਵਿੱਚ ਬੈਠ ਗੈਂਗਸਟਰ ਵੀਡੀਓ ਬਣਾ ਕੇ ਲੋਕਾਂ ਨੂੰ ਡਰਾ ਧਮਕਾ ਰਹੇ ਹਨ, ਫਿਰੌਤੀਆਂ ਸ਼ਰੇਆਮ ਮੰਗੀਆਂ ਜਾ ਰਹੀਆਂ ਹਨ, ਲਾਅ ਐਂਡ ਆਰਡਰ ਦੀ ਸਥਿਤੀ ਦਿਨੋਂ ਦਿਨ ਨਾਜ਼ੁਕ ਹੋ ਰਹੀ ਹੈ। ਇਸ ਆਮ ਆਦਮੀ ਪਾਰਟੀ ਨੇ ਕਿਹਾ ਸੀ ਕਿ ਸਾਡੀ ਸਰਕਾਰ ਬਣਦਿਆਂ ਇੱਕ ਮਹੀਨੇ ਵਿੱਚ ਨਸ਼ੇ ਬੰਦ ਕਰ ਦਿਆਂਗੇ, ਪਰ ਪੌਣੇ ਤਿੰਨ ਸਾਲ ਬੀਤ ਜਾਣ 'ਤੇ ਵੀ ਨਸ਼ੇ ਬੰਦ ਹੋਣ ਦੀ ਥਾਂ ਹੋਰ ਵਧ ਰਹੇ ਹਨ। ਇਨ੍ਹਾਂ ਦੇ ਵੱਡੇ ਆਗੂ ਅਰਵਿੰਦ ਕੇਜਰੀਵਾਲ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਬੇਅਬਦੀ ਮਾਮਲੇ ਵਿੱਚ ਬਹਿਬਲ, ਬਰਗਾੜੀ ਤੇ ਕੋਟਕਪੂਰਾ ਦੀਆਂ ਘਟਨਾਵਾਂ ਦੇ ਦੋਸ਼ੀ ਜੇਲਾਂ ਵਿੱਚ ਬੰਦ ਹੋਣਗੇ, ਅਜੇ ਤੱਕ ਕੁਝ ਨਹੀਂ ਕੀਤਾ ਗਿਆ। ਇਨ੍ਹਾਂ ਇਹ ਵੀ ਕਿਹਾ ਸੀ ਕਿ ਸਾਡੀ ਸਰਕਾਰ ਬਣਨ 'ਤੇ ਕੋਈ ਕਿਸਾਨ ਖੁਦਕਸ਼ੀ ਨਹੀਂ ਕਰੇਗਾ, ਪਰ ਕਿਸਾਨ ਅਜੇ ਵੀ ਖੁਦਕਸ਼ੀਆਂ ਕਰ ਰਹੇ ਹਨ ਅਤੇ ਸਰਕਾਰ ਜਾਂ ਸਰਕਾਰ ਦਾ ਕੋਈ ਨੁਮਾਇੰਦਾ ਕਿਸੇ ਦੁਖੀ ਪਰਵਾਰ ਦੇ ਹੰਝੂ ਪੂੰਝਣ ਤੱਕ ਨਹੀਂ ਜਾ ਰਿਹਾ। ਪੰਜਾਬ ਦੀ ਕੁਝ ਜਵਾਨੀ ਨਸ਼ਿਆਂ ਵਿੱਚ ਗਲਤਾਨ ਹੋ ਰਹੀ ਹੈ ਤੇ ਕੁਝ ਨੇ ਵਿਦੇਸ਼ਾਂ ਵਿੱਚ ਵਾਸ ਸ਼ੁਰੂ ਕਰ ਦਿੱਤਾ ਹੈ। ਕਿਸਾਨਾਂ ਨੂੰ ਮੰਡੀਆਂ ਵਿੱਚ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਗੁਰਦਾਸਪੁਰ ਦੀ ਮੰਡੀ ਦਾ ਨਾਮ ਲੈਂਦਿਆਂ ਕਿਹਾ ਕਿ ਉਥੇ ਪ੍ਰਤੀ ਕਵਿੰਟਲ 420 ਰੁਪਏ ਲੁੱਟ ਹੋ ਰਹੀ ਹੈ। ਕਿਸਾਨ ਕਣਕ ਦੀ ਬਿਜਾਈ ਲਈ ਚਿੰਤਤ ਹਨ, ਪਰ ਡੀਏਪੀ ਖਾਦ ਸੂਬੇ ਦੇ ਸਿਰਫ ਚਾਰ ਜ਼ਿਮਨੀ ਚੋਣ ਵਾਲੇ ਹਲਕਿਆਂ ਵਿੱਚ ਹੀ ਮਿਲ ਰਹੀ ਹੈ, ਜੋ 20 ਨਵੰਬਰ ਤੋਂ ਬਾਅਦ ਸ਼ਾਇਦ ਇਥੋਂ ਵੀ ਨਾ ਮਿਲੇ। ਉਨ੍ਹਾਂ ਮਨਪ੍ਰੀਤ ਸਿੰਘ ਬਾਦਲ ਨੂੰ 'ਮਿਰਜ਼ਾ ਗਾਲਿਬ' ਕਹਿੰਦਿਆਂ ਕਿਹਾ ਕਿ ਇਸ ਨੇ ਪਹਿਲਾਂ ਅਕਾਲੀ ਦਲ, ਫੇਰ ਪੀਪੀਪੀ, ਫੇਰ ਕਾਂਗਰਸ ਦਾ ਅਤੇ ਹੁਣ ਬੀਜੇਪੀ ਦਾ ਭੋਗ ਪਾ ਦੇਣਾ ਹੈ। ਤਾਜ਼ਾ ਡਰਾਮਾ ਕਰ ਰਿਹੈ ਕਿ ਦੇਸ਼ ਦੇ ਗ੍ਰਹਿ-ਮੰਤਰੀ ਨੂੰ ਮਿਲ ਕੇ ਆਇਆ ਹਾਂ। ਇਹ ਦੱਸੋ ਉਨ੍ਹਾਂ ਕੋਲੋਂ ਲੈ ਕੇ ਕੀ ਆਏ ਹੋ। ਉਨ੍ਹਾਂ ਅਕਾਲੀ ਦਲ, ਬੀਜੇਪੀ ਤੇ ਆਮ ਆਦਮੀ ਪਾਰਟੀ ਨੂੰ ਇਕੋ ਥੈਲੀ ਦੇ ਚੱਟੇ ਵੱਟੇ ਦੱਸਿਆ। ਇਸ ਤੋਂ ਪਹਿਲਾਂ ਪਿੰਡ ਹਰੀਕੇ ਕਲਾਂ, ਮੱਲਣ ਤੇ ਬਾਅਦ ਵਿੱਚ ਭਲਾਈਆਣਾ, ਕੋਟਭਾਈ ਤੇ ਗੁਰੂਸਰ ਵਿਖੇ ਚੋਣ ਜਲਸਿਆਂ ਨੂੰ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਲੁਧਿਆਣਾ ਤੋਂ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ, ਸਾਬਕਾ ਐੱਮ ਪੀ ਜਸਬੀਰ ਸਿੰਘ ਡਿੰਪਾ, ਜਬਰਜੰਗ ਸਿੰਘ ਢਿੱਲੋਂ, ਜਗਦੀਸ਼ ਕਟਾਰੀਆ, ਗੁਰਬਾਜ ਸਿੰਘ ਦੋਦਾ, ਗੁਰਸੰਤ ਸਿੰਘ ਬਰਾੜ, ਸੁਖਮੰਦਰ ਸਿੰਘ ਸਾਬਕਾ ਸਰਪੰਚ, ਅਵਤਾਰ ਸਿੰਘ ਬਰਾੜ ਸਮੇਤ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਮੌਜੂਦ ਸਨ।

## ਕਾਤਰਾਂ

### ਮਾਲਵਾ ਕਾਲਜ 'ਚ ਪੰਜਾਬੀ ਭਾਸ਼ਾ ਪ੍ਰਚਾਰ ਪਸਾਰ ਸੰਬੰਧੀ ਸਮਾਗਮ ਅੱਜ

**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮਾਲਵਾ ਕਾਲਜ ਬੋਂਦਲੀ ਦੀ ਪ੍ਰਿੰਸੀਪਲ ਡਾ. ਹਰਿੰਦਰ ਕੌਰ ਤੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਡਾ. ਹਰਿੰਦਰਜੀਤ ਸਿੰਘ ਕਲੇਰ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਦੇ ਪ੍ਰਚਾਰ ਪਸਾਰ ਤੇ ਕਾਲਜ ਵਿਦਿਆਰਥੀਆਂ ਨੂੰ ਆਪਣੇ ਵਿੱਸਰ ਰਹੇ ਸੱਭਿਆਚਾਰਕ ਵਿਰਸੇ ਪ੍ਰਤੀ ਜਾਗਰੂਕ ਕਰਨ ਸਬੰਧੀ ਪੰਜਾਬੀ ਪ੍ਰਚਾਰ ਪਸਾਰ ਭਾਈਚਾਰੇ ਵੱਲੋਂ ਉਨ੍ਹਾਂ ਦੇ ਸੰਚਾਲਕ ਮਿੱਤਰ ਸੈਨ ਮੀਤ ਦੀ ਅਗਵਾਈ ਵਿੱਚ ਕਾਲਜ ਵਿੱਚ 11 ਨੂੰ ਸਮਾਗਮ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਸਮਾਗਮ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਦੇ ਵਿਕਾਸ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਸੈਮੀਨਾਰ ਰਾਹੀਂ ਪ੍ਰੇਰਿਤ ਕੀਤਾ ਜਾਵੇਗਾ।ਇਸ ਮੌਕੇ ਵਿਦਿਆਰਥੀਆਂ ਵਿੱਚ ਸਾਹਿਤ ਸਿਰਜਣਾ, ਗਾਇਨ, ਸ਼ੁੱਧ ਪੰਜਾਬੀ ਉਚਾਰਣ, ਸੁੰਦਰ ਲਿਖਾਈ ਆਦਿ ਦੇ ਮੁਕਾਬਲੇ ਕਰਵਾਏ ਜਾਣਗੇ।ਪਹਿਲੇ ਤੇ ਦੂਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਪੁਸਤਕਾਂ, ਬੈਗ, ਲਿਖਣ ਤੇ ਪੜ੍ਹਨ ਸਮੱਗਰੀ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ।ਸਮਾਗਮ ਵਿੱਚ ਪੰਜਾਬੀ ਪ੍ਰਚਾਰ ਪਸਾਰ ਭਾਈਚਾਰੇ ਦੇ ਸੰਚਾਲਕ ਮਿੱਤਰ ਸੈਨ ਮੀਤ ਤੇ ਪ੍ਰੋ. ਡਾ. ਹਰਿੰਦਰਜੀਤ ਸਿੰਘ ਕਲੇਰ ਆਪਣੇ ਤਜਰਬੇ ਵੀ ਸਾਂਝੇ ਕਰਨਗੇ।

### 300 ਗ੍ਰਾਮ ਅਫ਼ੀਮ ਸਮੇਤ ਮੋਟਰਸਾਈਕਲ ਸਵਾਰ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਵਿਖੇ ਪੁਲਿਸ ਵੱਲੋਂ ਇੱਕ ਮੋਟਰਸਾਈਕਲ ਸਵਾਰ ਵਿਅਕਤੀ ਨੂੰ 300 ਗ੍ਰਾਮ ਅਫ਼ੀਮ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਜਾਣਕਾਰੀ ਅਨੁਸਾਰ ਸੀਆਈਏ ਸਟਾਫ ਸਰਹਿੰਦ ਦੀ ਇੱਕ ਟੀਮ ਵੱਲੋਂ ਮੁਖਬਰੀ ਦੇ ਅਧਾਰ 'ਤੇ ਸਰਹਿੰਦ ਦੇ ਬੱਸ ਸਟੈਂਡ ਨਜ਼ਦੀਕ ਨਾਕਾਬੰਦੀ ਕੀਤੀ ਗਈ ਸੀ, ਜਿਸ ਦੌਰਾਨ ਬੁਲੇਟ ਮੋਟਰਸਾਈਕਲ ਨੰਬਰ ਪੀਬੀ13 ਬੀਐਮ-1005 'ਤੇ ਆ ਰਹੇ ਇੱਕ ਵਿਅਕਤੀ ਨੂੰ ਸ਼ੱਕ ਦੇ ਅਧਾਰ 'ਤੇ ਰੋਕਿਆ ਗਿਆ, ਜਿਸ ਨੇ ਪੁਲਸ ਕ੍ਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਆਪਣੀ ਪਛਾਣ ਗੁਰਕਰਨਦੀਪ ਸਿੰਘ ਵਾਸੀ ਫ਼ਤਹਿਗੜ੍ਹ ਸਾਹਿਬ ਵਜੋਂ ਦੱਸੀ।ਸੀਆਈਏ ਦੇ ਸਹਾਇਕ ਥਾਣੇਦਾਰ ਜਸਵੀਰ ਸਿੰਘ ਵੱਲੋਂ ਲਈ ਤਲਾਸ਼ੀ ਦੌਰਾਨ ਉਕਤ ਵਿਅਕਤੀ ਦੇ ਕਬਜ਼ੇ ਚੋਂ 300 ਗ੍ਰਾਮ ਅਫ਼ੀਮ ਬਰਾਮਦ ਹੋਈ।ਇਸ ਸਬੰਧੀ ਥਾਣਾ ਸਰਹਿੰਦ ਵਿਖੇ ਅ/ਧ 18 ਬੀ/61/85 ਐਨਡੀਪੀਐੱਸ ਐਕਟ ਤਹਿਤ ਦਰਜ ਕਰਵਾਏ ਗਏ ਮੁਕੱਦਮੇ 'ਚ ਗੁਰਕਰਨਦੀਪ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸੀਆਈਏ ਸਟਾਫ਼ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

### ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ ਹੇਠ ਦੋ ਵਿਰੁੱਧ ਕੇਸ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਭੱਦਲਥੂਹਾ ਵਿਖੇ ਇੱਕ ਘਰ 'ਚ ਦਾਖਲ ਹੋ ਕੇ ਕੁੱਝ ਵਿਅਕਤੀਆਂ ਵੱਲੋਂ ਇੱਕ ਔਰਤ ਦੀ ਕੀਤੀ ਗਈ ਕਥਿਤ ਕੁੱਟਮਾਰ ਦੇ ਮਾਮਲੇ 'ਚ ਅਮਲੋਹ ਪੁਲਿਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਸਿਵਲ ਹਸਪਤਾਲ ਅਮਲੋਹ ਵਿਖੇ ਜ਼ੇਰੇ ਇਲਾਜ਼ ਸੁਖਵਿੰਦਰ ਕੌਰ ਨੇ ਦੋਸ਼ ਲਾਏ ਕਿ ਬੀਤੀ 6 ਨਵੰਬਰ ਨੂੰ ਰਾਤ ਕਰੀਬ ਸਾਢੇ ਗਿਆਰਾਂ ਵਜੇ ਇੱਕ ਪਰਵਾਰਕ ਵਿਵਾਦ ਦੇ ਚੱਲਦਿਆਂ ਉਨ੍ਹਾਂ ਦੇ ਘਰ 'ਚ ਦਾਖਲ ਹੋਏ ਇੰਦਰਜੀਤ ਸਿੰਘ ਤੇ ਬਲਵਿੰਦਰ ਸਿੰਘ ਵੱਲੋਂ ਉਸਦੀ ਕੁੱਟਮਾਰ ਕੀਤੀ ਗਈ ਤੇ ਘਰ 'ਚ ਖੜੀ ਉਨ੍ਹਾਂ ਦੀ ਕਾਰ ਦੀ ਵੀ ਭੰਨਤੋੜ ਕੀਤੀ ਗਈ।ਸੁਖਵਿੰਦਰ ਕੌਰ ਦੇ ਬਿਆਨਾਂ 'ਤੇ ਇੰਦਰਜੀਤ ਸਿੰਘ ਤੇ ਬਲਵਿੰਦਰ ਸਿੰਘ ਵਾਸੀਆਨ ਅਬਲੋਵਾਲ (ਪਟਿਆਲਾ) ਵਿਰੁੱਧ ਅ/ਧ 332(ਸੀ), 115 (2), 351 (2), 324(4) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਅਮਲੋਹ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਦਿੱਲੀ ਤੋਂ ਚੱਲ ਰਹੀ, ਭਗਵੰਤ ਮਾਨ ਸਿਰਫ਼ ਕਠਪੁਤਲੀ : ਚੰਨੀ

## ਕਾਲਾ ਢਿੱਲੋਂ ਬੇਦਾਗ਼ ਸ਼ਖਸੀਅਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**

ਆਮ ਆਦਮੀ ਪਾਰਟੀ ਨੇ ਪੰਜਾਬ ਦਾ ਸੱਤਿਆਨਾਸ ਕਰ ਕੇ ਰੱਖ ਦਿੱਤਾ ਹੈ।ਪੰਜਾਬ ਦੇ ਭੋਲੇ ਭਾਲੇ ਲੋਕਾਂ ਨੇ ਇਸ ਪਾਰਟੀ ਦੇ 92 ਵਿਧਾਇਕ ਜਿਤਾ ਕੇ ਵਿਧਾਨ ਸਭਾ ਭੇਜਦਿਆਂ ਸਰਕਾਰ ਬਣਾਈ, ਪਰ ਇਸ ਸਰਕਾਰ ਨੇ ਲੋਕਾਂ ਨਾਲ ਵਾਅਦਾਖ਼ਿਲਾਫ਼ੀ ਕਰਦਿਆਂ ਸੂਬੇ ਦੀ ਜਨਤਾ ਦੀ ਭਲਾਈ ਲਈ ਕੱਖ ਨਹੀਂ ਕੀਤਾ।ਇਹ ਸ਼ਬਦ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਜ਼ਿਲ੍ਹਾ ਬਰਨਾਲਾ ਦੇ ਪਿੰਡ ਅਮਲਾ ਸਿੰਘ ਵਾਲਾ ਵਿਖੇ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਹੱਕ 'ਚ ਚੋਣ ਪ੍ਰਚਾਰ ਕਰਨ ਸਮੇਂ ਸੂਬਾ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਹੇ।ਚੰਨੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਸਹੁੰ ਖਾ ਕੇ ਆਮ ਆਦਮੀ ਪਾਰਟੀ ਨੇ ਸਰਕਾਰ ਬਣਾਈ ਸੀ, ਅੱਜ ਸਰਕਾਰ ਉਨ੍ਹਾਂ ਦੇ ਆਦਰਸ਼ਾਂ ਨੂੰ ਭੁੱਲ ਗਈ ਹੈ। 'ਆਪ' ਸਰਕਾਰ ਦਾ ਨਸ਼ਾ ਮੁਕਤ ਪੰਜਾਬ ਦਾ ਨਾਅਰਾ ਫੇਲ੍ਹ ਹੁੰਦਾ ਨਜ਼ਰ ਆ ਰਿਹਾ ਹੈ।ਅੱਜ ਸੂਬੇ 'ਚ ਜਿੰਨੀ ਨਸ਼ਿਆਂ ਦੀ ਭਰਮਾਰ ਹੈ, ਪਹਿਲਾਂ ਕਦੇ ਨਹੀਂ ਹੋਈ।ਇਸ ਸਰਕਾਰ ਨੇ ਨਸ਼ਾ ਤਸਕਰਾਂ 'ਤੇ ਨੱਥ ਪਾਉਣ ਲਈ ਕੁਝ ਵੀ ਨਹੀਂ ਕੀਤਾ।ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਚੋਣ ਜਲਸੇ ਦੌਰਾਨ ਵੱਡੀ ਗਿਣਤੀ 'ਚ ਬੀਬੀਆਂ ਦੇ ਸ਼ਾਮਲ ਹੋਣ ਦੀ ਸਿਫ਼ਤ ਕਰਦਿਆਂ ਕਿਹਾ ਕਿ ਇੰਨੀਆਂ ਬੀਬੀਆਂ ਨੂੰ ਨਾਲ ਲੈ ਕੇ ਤਾਂ ਅਸੀਂ ਦਿੱਲੀ ਜਿੱਤ ਲਈਏ, ਇਹ ਤਾਂ ਫ਼ਿਰ ਬਰਨਾਲਾ ਹਲਕੇ ਦੀ ਚੋਣ ਹੈ।ਚੰਨੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਭ ਤੋਂ ਵੱਡਾ ਧੋਖਾ ਪੰਜਾਬ ਦੀ ਅੱਧੀ ਅਬਾਦੀ ਔਰਤਾਂ ਨਾਲ ਕੀਤਾ।ਇਸ ਸਰਕਾਰ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪੰਜਾਬ ਦੀਆਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ ਸਰਕਾਰ ਬਣੀ ਨੂੰ ਕਰੀਬ 3 ਸਾਲ ਹੋ ਗਏ ਹਨ ਤੇ ਬੀਬੀਆਂ ਨੂੰ ਇੱਕ ਰੁਪਇਆ ਤੱਕ ਇਸ ਸਰਕਾਰ ਨੇ ਨਹੀਂ ਦਿੱਤਾ।ਚੰਨੀ ਨੇ ਕਿਹਾ ਕਿ ਸਰਕਾਰ ਬਣਨ ਤੋਂ ਪਹਿਲਾਂ ਭਗਵੰਤ ਸਿੰਘ ਮਾਨ ਕਹਿੰਦਾ ਸੀ ਕਿ ਸਾਡੀ ਸਰਕਾਰ ਆਉਣ 'ਤੇ ਅਸੀਂ ਸਰਪੰਚਾਂ ਨੂੰ 25-25 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਵਾਂਗੇ, ਪਰ ਅੱਜ ਉਹ ਆਪਣੇ ਇਸ ਵਾਅਦੇ ਤੋਂ ਵੀ ਮੁਕਰ ਗਏ।ਇਸ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ 'ਆਪ' ਤਾਂ ਕੀ ਦੇਣਾ ਸੀ, ਸਗੋਂ ਜੋ ਫ਼ੰਡ ਕਾਂਗਰਸ ਸਰਕਾਰ ਸਮੇਂ ਪਿੰਡਾਂ ਲਈ ਬਚੇ ਪਏ ਸਨ, ਉਹ ਵੀ ਲਗਾਉਣ ਨਹੀਂ ਦਿੱਤੇ।ਚੰਨੀ ਨੇ ਕਿਹਾ ਕਿ ਹਰ ਵਰਗ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜੋ ਦੁਸ਼ਮਣ ਜਮਾਤ ਹੈ, ਉਹ ਭਾਰਤੀ ਜਨਤਾ ਪਾਰਟੀ ਹੈ।ਆਮ ਆਦਮੀ ਪਾਰਟੀ ਨੇ ਵੀ ਉਸੇ ਤਰਜ਼ 'ਤੇ ਹੀ ਚੱਲ ਰਹੀ ਹੈ। 'ਆਪ' ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਹਾ ਕਿ ਸੀ ਸਾਡੀ ਸਰਕਾਰ ਬਣਨ 'ਤੇ ਉੱਪ ਮੁੱਖ ਮੰਤਰੀ ਦਲਿਤ ਵਰਗ ਦਾ ਬਣਾਇਆ ਜਾਵੇਗਾ, ਪਰ ਸਰਕਾਰ ਬਣਨ ਮਗਰੋਂ ਇਨ੍ਹਾਂ ਨੇ ਅਜਿਹਾ ਨਹੀਂ ਕੀਤਾ।ਫ਼ਿਰ ਕਹਿਣ ਲੱਗੇ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਦਲਿਤ ਡਿਪਟੀ ਸੀ.ਐੱਮ. ਬਣਾਇਆ ਜਾਵੇਗਾ, ਪਰ ਉਹ ਚੋਣਾਂ ਵੀ ਲੰਘ ਗਈਆਂ, ਕੱਖ ਨਹੀਂ ਕੀਤਾ, ਜਿਸ ਤੋਂ ਸਪੱਸ਼ਟ ਹੈ ਕਿ ਇਸ ਸਰਕਾਰ ਨੇ ਹਰ ਵਰਗ ਨਾਲ ਧੋਖਾ ਕੀਤਾ ਹੈ। 'ਆਪ' ਦੀ ਦਿੱਲੀ ਹਾਈਕਮਾਨ 'ਤੇ ਵਰ੍ਹਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਕੇਜਰੀਵਾਲ ਦੇ ਹੱਥਾਂ ਦੀ ਕਠਪੁਤਲੀ ਹੈ, ਜੋ ਖ਼ੁਦ ਕੋਈ ਫ਼ੈਸਲਾ ਨਹੀਂ ਲੈ ਸਕਦਾ।ਇਸ ਸਰਕਾਰ 'ਚ ਪੰਜਾਬ ਦੇ ਡਿਪਟੀ ਕਮਿਸ਼ਨਰਾਂ ਨੂੰ ਮੀਟਿੰਗਾਂ ਲਈ ਦਿੱਲੀ ਬੁਲਾਇਆ ਜਾਂਦਾ ਹੈ, ਪੰਜਾਬ ਪ੍ਰਤੀ ਕੋਈ ਵੀ ਫ਼ੈਸਲਾ ਲੈਣਾ ਹੋਵੇ, ਉਹ ਦਿੱਲੀ ਦੀ ਹਾਈਕਮਾਨ ਲੈਂਦੀ ਹੈ।ਇੱਥੋਂ ਤੱਕ ਕਿ ਉਨ੍ਹਾਂ ਨੇ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੇ ਪੀ. ਏ. ਤੱਕ ਵੀ ਬਦਲ ਦਿੱਤੇ ਹਨ।ਕਿਸਾਨੀ ਦੀ ਗੱਲ ਕਰਦਿਆਂ ਚੰਨੀ ਨੇ ਕਿਹਾ ਕਿ ਭਗਵੰਤ ਮਾਨ ਚੋਣਾਂ ਸਮੇਂ ਕਹਿੰਦਾ ਸੀ ਕਿ ਸਾਡੀ ਸਰਕਾਰ ਆਉਣ 'ਤੇ ਅਸੀਂ 5 ਮਿੰਟਾਂ 'ਚ ਐੱਮ.ਐੱਸ.ਪੀ. ਦੇਵਾਂਗੇ ਤੇ ਮੰਡੀਆਂ 'ਚੋਂ ਦਾਣਾ-ਦਾਣਾ ਚੁੱਕਿਆ ਜਾਵੇਗਾ, ਪਰ ਅੱਜ ਮੰਡੀਆਂ 'ਚ ਖੱਜਲ-ਖ਼ੁਆਰ ਹੋ ਰਹੇ ਕਿਸਾਨ ਸਾਰਿਆਂ ਦੇ ਸਾਹਮਣੇ ਹਨ।

# ਡਾਇਟ, ਯੋਗ, ਕਸਰਤ ਤੇ ਅਧਿਆਤਮਿਕਤਾ ਕੈਂਸਰ ਰੋਕਥਾਮ ਦਾ ਅਧਾਰ : ਪ੍ਰੋ. ਰਥ



**ਸਮਰਾਲਾ (ਸੁਰਜੀਤ ਸਿੰਘ)**

ਪੀ ਜੀ ਆਈ ਚੰਡੀਗੜ੍ਹ ਦੇ ਰੇਡੀਓਥੈਰੇਪੀ ਤੇ ਓਨਕੋਲੋਜੀ ਵਿਭਾਗ ਵੱਲੋਂ 'ਗੈਸਟਰੋਇੰਟੈਸਟਾਈਨਲ ਕੈਂਸਰ ਦੀ ਰੋਕਥਾਮ ਲਈ ਭਾਰਤੀ ਦ੍ਰਿਸ਼ਟੀਕੋਣ-ਡਾਇਟ, ਯੋਗ, ਕਸਰਤ, ਤੇ ਆਧਿਆਤਮਿਕਤਾ' ਵਿਸ਼ੇ 'ਤੇ ਇੱਕ ਜਨਤਾ ਫੋਰਮ ਦਾ ਸਫਲ ਆਯੋਜਨ ਕੀਤਾ, ਜਿਸ ਵਿੱਚ ਸਿਹਤ ਵਿਸ਼ੇਸ਼ ਗਿਆਨ, ਖੋਜਕਰਤਾ ਤੇ ਸਮੁਦਾਇਕ ਮੈਂਬਰਾਂ ਨੇ ਕੈਂਸਰ ਰੋਕਥਾਮ ਲਈ ਵਿਸ਼ੇਸ਼ ਚਰਚਾ ਕੀਤੀ। ਇਸ ਵਿੱਚ ਪ੍ਰੋ. ਜੀ ਕੇ ਰਥ, ਪ੍ਰੋ. ਰਾਕੇਸ਼ ਕਪੂਰ, ਡਾ. ਸਵਾਮੀ ਦਯਾਧੀਪਾਨੰਦਾ, ਡਾ. ਹਰਬੰਸ ਲਾਲ ਕਪੂਰ, ਪ੍ਰੋ. ਜੇ ਐੱਸ ਠਾਕੁਰ, ਪ੍ਰੋ. ਵਿਪਿਨ ਕੋਸ਼ਲ, ਡਾ. ਐੱਮ. ਕੇ. ਮਹਾਜਨ ਸ਼ਾਮਲ ਸਨ ਅਤੇ ਇਸ ਸੈਸ਼ਨ ਦੀ ਅਗਵਾਈ ਡਾ. ਦਿਵਿਆ ਖੋਸਲਾ ਵੱਲੋਂ ਕੀਤੀ ਗਈ।ਪ੍ਰੋ. ਜੀ ਕੇ ਰਥ ਨੇ ਕੈਂਸਰ ਦੀ ਰੋਕਥਾਮ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਕੈਂਸਰ ਰੋਕਥਾਮ ਸਿਰਫ਼ ਸ਼ੁਰੂਆਤੀ ਪਹਿਚਾਣ ਬਾਰੇ ਨਹੀਂ ਹੈ, ਸਗੋਂ ਸਿਹਤਮੰਦ ਜੀਵਨ ਪ੍ਰਣਾਲੀ, ਜਾਗਰੂਕਤਾ ਵਧਾਉਣ ਤੇ ਲੋਕਾਂ ਨੂੰ ਆਪਣੇ ਸਿਹਤ ਦੇ ਮਾਮਲਿਆਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਕਰਨ ਬਾਰੇ ਹੈ।ਇਸ ਤਰ੍ਹਾਂ ਅਸੀਂ ਕੈਂਸਰ ਦੇ ਬੋਝ ਨੂੰ ਘਟਾ ਸਕਦੇ ਹਾਂ ਤੇ ਸਭ ਲਈ ਇੱਕ ਸਿਹਤਮੰਦ ਭਵਿੱਖ ਬਣਾ ਸਕਦੇ ਹਾਂ।ਡਾ. ਰਾਕੇਸ਼ ਕਪੂਰ ਨੇ ਕਿਹਾ ਕਿ ਲੋਕ ਯੋਗ ਤੇ ਧਿਆਨ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸ਼ਾਮਲ ਕਰਨ ਲਈ ਤਿਆਰ ਹਨ, ਜੋ ਸਿਹਤ-ਜਾਗਰੂਕ ਸਮਾਜ ਵੱਲ ਇੱਕ ਬਦਲਾਅ ਨੂੰ ਦਰਸਾਉਂਦਾ ਹੈ।ਡਾ. ਸਵਾਮੀ ਦਯਾਧੀਪਾਨੰਦਾ, ਰਾਮਕ੍ਰਿਸ਼ਨ ਮਿਸ਼ਨ ਚੈਰੀਟੇਬਲ ਹਸਪਤਾਲ ਮੁੰਬਈ ਨੇ ਕਿਹਾ ਕਿ ਜਨਤਾ ਨੂੰ ਸਿਹਤ ਸੰਬੰਧੀ ਜਾਣਕਾਰੀ ਦੇ ਕੇ ਸ਼ਕਤੀਸ਼ਾਲੀ ਬਣਾਉਣਾ ਅਹਿਮ ਹੈ, ਸਹੀ ਜੀਵਨ ਸ਼ੈਲੀ ਦੀ ਚੋਣ ਕਰਕੇ ਅਸੀਂ ਸਮੂਹਕ ਸਿਹਤ ਨੂੰ ਬਿਹਤਰ ਬਣਾ ਸਕਦੇ ਹਾਂ।ਉਨ੍ਹਾਂ ਕਿਹਾ ਕਿ ਯੋਗ ਹੀ ਜੀਵਨ ਦਾ ਸੱਚਾ ਮਾਰਗ ਹੈ।ਪ੍ਰੋ. ਜੇ ਐੱਸ ਠਾਕੁਰ ਨੇ ਕਿਹਾ ਕਿ ਇੱਕ ਵਿਆਪਕ ਕੈਂਸਰ ਰਜਿਸਟਰੀ ਦੀ ਸਥਾਪਨਾ ਬੇਹੱਦ ਲੋੜੀਂਦੀ ਹੈ ਤਾਂ ਜੋ ਬੀਮਾਰੀ ਦੀ ਪਹਿਚਾਣ ਹੋ ਸਕੇ ਤੇ ਸਿਹਤ ਸਵੀਕਾਰਕ ਰਣਨੀਤੀਆਂ ਨੂੰ ਬਿਹਤਰੀ ਲਈ ਦਿਸ਼ਾ ਮਿਲੇ। ਡਾ. ਹਰਬੰਸ ਲਾਲ ਕਪੂਰ ਪ੍ਰਸਿੱਧ ਰੇਡੀਓਥੈਰਾਪਿਸਟ ਨੇ ਜੀਵਨ ਸ਼ੈਲੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸਿਹਤਮੰਦ ਖਾਣ-ਪੀਣ, ਨਿਯਮਿਤ ਕਸਰਤ ਤੇ ਧਿਆਨ ਬਹੁਤ ਮਹੱਤਵਪੂਰਨ ਹਨ। ਇਸ ਮੌਕੇ ਯੋਗਾ ਦੇ ਪ੍ਰਦਰਸ਼ਨ ਤੇ ਕੈਂਸਰ ਰੋਕਥਾਮ ਲਈ ਖਾਸ ਡਾਇਟ ਬਾਰੇ ਸੈਸ਼ਨ ਆਯੋਜਤ ਕੀਤੇ ਗਏ। ਫੋਰਮ ਦਾ ਸਮਾਪਤ ਇੱਕ ਪ੍ਰਸ਼ਨ-ਉੱਤਰ ਸੈਸ਼ਨ ਨਾਲ ਹੋਇਆ, ਜਿਸ ਵਿੱਚ ਜਨਤਾ ਨੇ ਮਾਹਰਾਂ ਨਾਲ ਗੈਸਟਰੋਇੰਟੈਸਟਾਈਨਲ ਸਿਹਤ ਦੇ ਮਾਮਲਿਆਂ 'ਤੇ ਗੱਲਬਾਤ ਕੀਤੀ।ਇਸ ਪ੍ਰੋਗਰਾਮ ਵਿੱਚ 200 ਤੋਂ ਵੱਧ ਵਿਅਕਤੀ ਸ਼ਾਮਲ ਹੋਏ, ਜਿਸ ਵਿੱਚ ਵਿਦਿਆਰਥੀ, ਡਾਕਟਰ ਤੇ ਕੈਂਸਰ ਸਰਵਾਈਵਰ ਸ਼ਾਮਲ ਸਨ, ਜੋ ਸਿਹਤ ਤੇ ਰੋਕਥਾਮ ਲਈ ਸਮੁਦਾਇਕ ਵਚਨਬੱਧਤਾ ਨੂੰ ਦਰਸਾਉਂਦੇ ਹਨ।

# ਢਿੱਲੋਂ ਪਰਵਾਰ ਨੂੰ ਸਦਮਾ, ਸੂਰਤ ਸਿੰਘ ਢਿੱਲੋਂ ਦੀ ਅਚਾਨਕ ਮੌਤ

## ਵਿਧਾਇਕ ਲਾਡੀ ਢੋਸ ਨੇ ਕੀਤਾ ਦੁੱਖ ਦਾ ਪ੍ਰਗਟਾਵਾ



ਪਿੰਡ ਘਲੋਟੀ ਵਿਖੇ ਸੂਰਤ ਸਿੰਘ ਢਿੱਲੋਂ ਦੀ ਮ੍ਰਿਤਕ ਦੇਹ ਦਾ ਸਸਕਾਰ ਕਰਦੇ ਹੋਏ ਪਰਵਾਰਕ ਮੈਂਬਰ।

**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਗਲੋਟੀ ਦੇ ਨਾਮਵਰ ਢਿੱਲੋਂ ਪਰਵਾਰ ਨੂੰ 9 ਨਵੰਬਰ ਸਵੇਰੇ 9 ਵਜੇ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਹਰਮਨਪ੍ਰੀਤ ਸਿੰਘ ਢਿੱਲੋਂ ਤੇ ਸਿਮਰਨਜੀਤ ਸਿੰਘ ਢਿੱਲੋਂ ਦੇ ਪਿਤਾ, ਚਰਨਜੀਤ ਸਿੰਘ ਢਿੱਲੋਂ, ਅਮਰਜੀਤ ਸਿੰਘ ਢਿੱਲੋਂ ਤੇ ਕਰਮਜੀਤ ਸਿੰਘ ਢਿੱਲੋਂ ਦੇ ਭਰਾ ਅਤੇ ਪਿੰਡ ਘਲੋਟੀ ਦੇ ਸਰਪੰਚ ਸਵਰਾਜ ਸਿੰਘ ਦੇ ਤਾਇਆ ਸੂਰਤ ਸਿੰਘ ਢਿੱਲੋਂ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ, ਜਿਨ੍ਹਾਂ ਦਾ ਹਜ਼ਾਰਾਂ ਸੇਜਲ ਅੱਖਾਂ ਨੇ ਉਨ੍ਹਾਂ ਦੇ ਜੱਦੀ ਪਿੰਡ ਘਲੋਟੀ ਦੇ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤਿਆਂ ਤੋਂ ਇਲਾਵਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਵੱਲੋਂ ਵੀ ਉਚੇਚੇ ਤੌਰ 'ਤੇ ਪੁੱਜ ਕੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਅੱਜ 10 ਨਵੰਬਰ ਨੂੰ ਸਵੇਰੇ ਸੂਰਤ ਸਿੰਘ ਢਿੱਲੋਂ ਦਾ ਅੰਗੀਠਾ ਸੰਭਾਲਿਆ ਗਿਆ ਤੇ 11 ਨਵੰਬਰ ਨੂੰ ਉਨ੍ਹਾਂ ਨਮਿੱਤ ਸਹਿਜ ਪਾਠ ਦਾ ਆਰੰਭ ਕੀਤਾ ਜਾਵੇਗਾ, ਜਿਸ ਦਾ ਭੋਗ ਅਤੇ ਅੰਤਿਮ ਅਰਦਾਸ 17 ਨਵੰਬਰ ਨੂੰ ਬਆਦ ਦੁਪਹਿਰ ਉਨ੍ਹਾਂ ਦੇ ਜੱਦੀ ਪਿੰਡ ਘਲੋਟੀ ਵਿਖੇ ਹੋਵੇਗੀ। ਇਸ ਸ਼ੋਕ ਦੀ ਘੜੀ ਵਿੱਚ ਆਪ ਆਗੂ ਗੁਰਮੀਤ ਸਿੰਘ ਮੁਖੀਜਾ, ਵਿਜੇ ਕੁਮਾਰ ਧੀਰ, ਗੁਰਤੇਜ ਸਿੰਘ ਗਿੱਲ ਨਾਇਬ ਤਹਿਸੀਲਦਾਰ, ਕਾਮਰੇਡ ਸੂਰਤ ਸਿੰਘ ਧਰਮਕੋਟ, ਸਰਬਜੀਤ ਸਿੰਘ ਰੀਡਰ ਧਰਮਕੋਟ, ਧੀਰਾ ਘਲੋਟੀ, ਕਰਨੈਲ ਹੇਅਰ, ਸੁਮਿਤ ਕੁਮਾਰ ਬਿੱਟੂ ਮਲਹੋਤਰਾ, ਭਿੰਦਰ ਘਲੋਟੀ, ਰਿੰਪੀ ਖੋਸਾ, ਗੋਬਿੰਦ ਘਲੋਟੀ, ਦਲੇਰ ਸਿੰਘ ਮਾਲਵਾ, ਕਪਿਲ ਮਹਿਤਾ, ਬਲਦੇਵ ਸ਼ਤੀਰੀਆ ਵਾਲਾ, ਜਿੰਦਰ ਘਲੋਟੀ, ਏ ਐੱਸ ਆਈ ਗੁਰਨਾਮ ਸਿੰਘ, ਪਵਨ ਕਾਰ, ਦਰਸ਼ਨ ਸ਼ਰਮਾ, ਇਕੱਤਰ ਸਿੰਘ, ਗੁਰਮੁੱਖ ਸਿੰਘ, ਰੇਸ਼ਮ ਸਿੰਘ ਨੰਬਰਦਾਰ, ਇਕਬਾਲ ਸਾਬਕਾ ਸਰਪੰਚ, ਦੇਸ ਰਾਜ ਟੱਕਰ, ਹਰਮੇਲ ਸਿੰਘ ਰਾਜਪੂਤ, ਰਾਣਾ ਘਲੋਟੀ, ਵਿਰਸਾ ਸਿੰਘ, ਲਵ ਭੁੱਲਰ, ਮੰਨੂ ਨਾਂਗੀ, ਗੁਲਾਬ ਸਿੰਘ ਮਾਨਾਵਾਂ, ਇੰਦਰ ਪ੍ਰੀਤ ਸਿੰਘ ਹੈਪੀ ਲੁਧਿਆਣਾ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਰਾਜਨੀਤਕ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ, ਮੋਹਤਬਰ ਤੇ ਪਤਵੰਤਿਆਂ ਨੇ ਢਿੱਲੋਂ ਪਰਵਾਰ ਨਾਲ ਦੁੱਖ ਦਾ ਪ੍ਰਗਵਾਟਾ ਕੀਤਾ।

# ਸੀ ਪੀ ਆਈ ਆਗੂ ਕਾਮਰੇਡ ਪਿਆਰਾ ਸਿੰਘ ਮਾਨ ਦਾ ਦੇਹਾਂਤ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਆਗੂ ਕਾਮਰੇਡ ਪਿਆਰਾ ਸਿੰਘ ਮਾਨ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ।

ਕਾਮਰੇਡ ਪਿਆਰਾ ਸਿੰਘ ਮਾਨ ਉਹ ਯੋਧਾ ਸੀ, ਜਿਸ ਨੇ ਕਿਸਾਨਾਂ ਮਜ਼ਦੂਰਾਂ ਪਿੱਛੇ ਅਨੇਕਾਂ ਘੋਲ ਕੀਤੇ ਅਤੇ ਕਈ ਵਾਰ ਤਾਂ ਧਨਾਢ ਲੋਕਾਂ ਕੋਲੋਂ ਜ਼ਮੀਨਾਂ ਛੁਡਵਾ ਕੇ ਕਿਸਾਨਾਂ ਨੂੰ ਦਿੱਤੀਆਂ।ਕਾਮਰੇਡ ਪਿਆਰਾ ਸਿੰਘ ਮਾਨ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਪ੍ਰਧਾਨ ਵੀ ਰਹੇ ਤੇ ਬਹੁਤ ਲਗਨ ਨਾਲ ਕੰਮ ਕੀਤਾ ਅਤੇ ਲੰਮੇ ਸਮੇਂ ਤੋਂ ਸਿਹਤ ਦੇ ਖਰਾਬ ਚੱਲਦਿਆਂ ਰੈਸਟ 'ਤੇ ਚੱਲ ਰਹੇ ਸਨ।ਕਾਮਰੇਡ ਪਿਆਰਾ ਸਿੰਘ ਨੇ ਆਪਣੇ ਪਿਤਾ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ ਸਾਰਾ ਜੀਵਨ ਮਿਹਨਤਕਸ਼ ਲੋਕਾਂ ਦੇ ਲੇਖੇ ਲਾਇਆ।ਸੀ ਪੀ ਆਈ ਦੇ ਸਿਰਕੱਢ ਆਗੂ ਦੇ ਇਸ ਤਰ੍ਹਾਂ ਚਲੇ ਜਾਣ ਕਾਰਨ ਜਿੱਥੇ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ, ਉੱਥੇ ਹੀ ਇਲਾਕੇ ਦੇ ਲੋਕਾਂ ਵਿੱਚ ਵੀ ਸੋਗ ਦੀ ਲਹਿਰ ਹੈ।ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ ਹਲਕਾ ਸਮਰਾਲਾ ਦੇ ਸਕੱਤਰ ਕਾਮਰੇਡ ਜਗਦੀਸ਼ ਰਾਏ ਬੌਬੀ ਨੇ ਆਪਣੇ ਸਾਥੀਆਂ ਸਮੇਤ ਕਾਮਰੇਡ ਪਿਆਰਾ ਸਿੰਘ ਮਾਨ ਦੀ ਮ੍ਰਿਤਕ ਦੇਹ 'ਤੇ ਪਾਰਟੀ ਦਾ ਝੰਡਾ ਪਾ ਕੇ ਵਿਦਾਇਗੀ ਦਿੱਤੀ। ਇਸ ਮੌਕੇ ਸਦਬਲਿਹਾਰ ਕੰਗ, ਡਾ. ਨਰਿੰਦਰਪਾਲ ਸਿੰਘ, ਸਾਬਕਾ ਸਰਪੰਚ ਰਮੇਸ਼ ਕੁਮਾਰ ਮੰਡ ਖਾਨਪੁਰ ਅਤੇ ਹੋਰ ਆਦਿ ਸ਼ਾਮਲ ਸਨ।

# ਸ੍ਰੀ ਰਾਮਦਾਸ ਸੇਵਾ ਸੋਸਾਇਟੀ ਵੱਲੋਂ ਲੜਕੀਆਂ ਦੇ ਸਮੂਹਕ ਅਨੰਦ ਕਾਰਜ

**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਇਤਿਹਾਸਕ ਗੁਰ ਅਸਥਾਨ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਜੀ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ 450 ਸਾਲਾ ਗੁਰਤਾਗੱਦੀ ਦਿਵਸ ਤੇ ਪ੍ਰਕਾਸ ਪੁਰਬ, ਗੁਰੂ ਅਮਰਦਾਸ ਸਹਿਬ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਅਤੇ ਦਸਮੇਸ਼ ਪਿਤਾ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਨਗਾਰਚੀ ਧੰਨ ਧੰਨ ਬਾਬਾ ਅਜਾਪਾਲ ਸਿੰਘ ਜੀ ਦੀ ਮਿੱਠੀ ਯਾਦ ਵਿੱਚ ਸਾਲਾਨਾ ਜੋੜ ਮੇਲਾ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 18 ਲੋੜਵੰਦ ਲੜਕੀਆਂ ਦੇ ਸਮੂਹਕ ਆਨੰਦ ਕਾਰਜ ਸਮੂਹ ਸੰਗਤਾਂ ਤੇ ਸਮੂਹ ਸੋਸਾਇਟੀਆਂ, ਕਾਰਸੇਵਾ ਵਾਲਿਆਂ ਦੇ ਸਹਿਯੋਗ ਸਦਕਾ ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਨਾਭਾ ਵੱਲੋਂ ਕਰਵਾਏ ਗਏ।

ਇਹ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਸੋਸਾਇਟੀ ਦੇ ਪ੍ਰਧਾਨ ਹਰਪ੍ਰੀਤ ਸਿੰਘ ਤੇ ਸਰਪ੍ਰਸਤ ਜਥੇਦਾਰ ਸਰਬਜੀਤ ਸਿੰਘ ਧੀਰੋ ਮਾਜਰਾ, ਸਰਪ੍ਰਸਤ ਜਗਜੀਤ ਸਿੰਘ ਖੋਖ ਨੇ ਦੱਸਿਆ ਕਿ ਅੱਜ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਉਪਰੰਤ 8 ਵਜੇ ਤੋਂ ਲੈ ਕੇ 12 ਵਜੇ ਤੱਕ ਸੁਖਮਨੀ ਸਾਹਿਬ ਦੇ ਜਾਪ ਤੇ ਇਲਾਹੀ ਬਾਣੀ ਦੇ ਕੀਰਤਨ ਕਰਨ ਉਪਰੰਤ 12:00 ਵਜੇ ਲੋੜਵੰਦ ਬੱਚੀਆਂ ਦੇ ਸਮੂਹਕ ਆਨੰਦ ਕਾਰਜ ਕਰਵਾਏ ਗਏ ਤੇ ਨਵ-ਵਿਆਹੇ ਜੋੜਿਆਂ ਨੂੰ ਰੋਜ਼ਾਨਾ ਜ਼ਰੂਰਤ ਦਾ ਸਾਮਾਨ ਅਲਮਾਰੀ, ਫਰਿੱਜ, ਬੈਡ, ਕੱਪੜੇ, ਰਸੋਈ ਦੇ ਸਾਮਾਨ ਤੋਂ ਇਲਾਵਾ ਹੋਰ ਲੋੜਵੰਦ ਵਸਤੂਆਂ ਦਿੱਤੀਆਂ ਗਾਈਆਂ।ਇਸ ਮੌਕੇ ਹਰਪ੍ਰੀਤ ਸਿੰਘ ਪ੍ਰਧਾਨ, ਜਥੇਦਾਰ ਜਗਜੀਤ ਸਿੰਘ ਖੋਖ, ਜਥੇਦਾਰ ਸਰਬਜੀਤ ਸਿੰਘ, ਧੀਰੋਮਾਜਰਾ, ਗੁਰਦੀਪ ਸਿੰਘ, ਮੀਤ ਪ੍ਰਧਾਨ ਦਵਿੰਦਰ ਸਿੰਘ, ਜਨਰਲ ਸਕੱਤਰ ਦਰਸ਼ਨ ਸਿੰਘ, ਰਣਵੀਰ ਸਿੰਘ, ਪਰਮਜੀਤ ਸਿੰਘ, ਜੋਗਿੰਦਰ ਸਿੰਘ ਖਹਿਰਾ, ਜਤਿੰਦਰ ਸਿੰਘ ਰਾਜੂ, ਹਰਸਿਮਰਤ ਸਿੰਘ, ਸ਼ੇਰ ਬਹਾਦਰ ਸਿੰਘ, ਭਗਵੰਤ ਸਿੰਘ, ਗੁਰਦੀਪ ਸਿੰਘ, ਗੁਰਮੇਲ ਸਿੰਘ, ਬਲਜੀਤ ਸਿੰਘ ਦਲੇਰ ਸਿੰਘ, ਸਵਿੰਦਰ ਸਿੰਘ, ਲਾਭ ਸਿੰਘ, ਰਾਜੂ ਸਿੰਘ, ਗਿਆਨ ਸਿੰਘ ਲੋਪੇ, ਗੁਰਮੀਤ ਸਿੰਘ, ਹਰਮਿੰਦਰ ਸਿੰਘ ਸੁਪਰਵਾਈਜ਼ਰ, ਮਨੈਜਰ ਗੁਰਲਾਲ ਸਿੰਘ, ਸਤਗੁਰ ਸਿੰਘ, ਸੁਖਵਿੰਦਰ ਸਿੰਘ ਐਸਡੀਓ,ਬਾਬੂ ਸਿੰਘ, ਅਮਰਜੀਤ ਸਿੰਘ ਮਠਾੜੂ, ਅਮਨਦੀਪ ਸਿੰਘ ਲਵਲੀ, ਬਲਜੀਤ ਸਿੰਘ ਗਲਵੱਟੀ, ਰਵਿੰਦਰ ਸਿੰਘ, ਤਰਲੋਚਨ ਸਿੰਘ ਖੋਖ, ਜਸਵੀਰ ਸਿੰਘ ਸੇਠੀ, ਰਾਮ ਪ੍ਰਕਾਸ਼, ਹਰਪ੍ਰੀਤ ਸਿੰਘ ਰੂਬਲ ਤੇ ਹੋਰ ਮੈਂਬਰ ਹਾਜ਼ਰ ਸਨ।



# ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਨੁਸਾਰ ਘੱਗਰ ਦਰਿਆ ਦੀ ਪਵਿੱਤਰਤਾ ਭੰਗ

## ਕੋਈ ਸਮਾਂ ਸੀ ਜਦੋਂ ਇਨਸਾਨ ਡੀਕ ਲਾ ਕੇ ਪੀਂਦੇ ਸਨ ਘੱਗਰ ਦਾ ਪਾਣੀ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਤੇਜ਼ੀ ਨਾਲ ਫੈਲ ਰਹੇ ਕੈਂਸਰ ਦੇ ਦੌਰ ਵਿਚ ਹਰਿਆਣਾ ਵੀ ਸ਼ਾਮਲ ਹੈ।ਹਰਿਆਣਾ ਵਿੱਚ ਘੱਗਰ ਪੱਟੀ ਵਿੱਚ ਪੈਂਦੇ ਸਿਰਸਾ, ਫਤਿਹਾਬਾਦ, ਕੈਥਲ, ਅੰਬਾਲਾ ਆਦਿ ਜ਼ਿਲ੍ਹਿਆ ਵਿੱਚ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ।ਹਰਿਆਣਾ ਵਿੱਚ 2 ਸਾਲਾਂ ਵਿੱਚ ਕੈਂਸਰ ਦੇ ਮਰੀਜ਼ਾਂ ਵਿੱਚ 1632 ਦਾ ਵਾਧਾ ਹੋਇਆ ਹੈ ਤੇ ਕੈਂਸਰ ਨਾਲ 888 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਸ ਦਾ ਮੁੱਖ ਕਾਰਨ ਫੈਕਟਰੀਆਂ ਦਾ ਪ੍ਰਦੂਸ਼ਣ, ਖਾਣ-ਪੀਣ ਦੀਆਂ ਆਦਤਾਂ ਤੇ ਪ੍ਰਦੂਸ਼ਿਤ ਦਰਿਆਈ ਪਾਣੀਆਂ ਵਿੱਚ ਘੁਲ ਚੁੱਕੇ ਜ਼ਹਿਰੀ ਪਦਾਰਥ ਮੁੱਖ ਕਾਰਨ ਹਨ।ਸਿਰਸਾ ਜ਼ਿਲ੍ਹਾ ਲਗਾਤਾਰ ਕੈਂਸਰ ਦੀ ਲਪੇਟ ਵਿੱਚ ਆ ਰਿਹਾ ਹੈ।ਹਰਿਆਣਾ ਦੀ ਸਿਹਤ ਵਿਭਾਗ ਦੀ ਆਬਾਦੀ ਆਧਾਰਤ ਸਕਰੀਨਿੰਗ ਤਹਿਤ ਵਿਭਾਗੀ ਟੀਮਾਂ ਨੇ 3 ਲੱਖ ਲੋਕਾਂ ਦੀ ਸਿਹਤ ਜਾਂਚ ਕੀਤੀ ਤਾਂ ਸਿਰਸਾ ਜ਼ਿਲ੍ਹੇ ਵਿੱਚ 4 ਹਜ਼ਾਰ ਤੋਂ ਵੱਧ ਕੈਂਸਰ ਦੇ ਮਰੀਜ਼ ਹਨ। ਵਿਡੰਬਨਾਂ ਇਹ ਕਿ ਸਿਰਸਾ ਵਿੱਚ ਕੈਂਸਰ ਦੇ ਇਲਾਜ ਦੀ ਕੋਈ ਸਹੂਲਤ ਨਹੀਂ ਹੈ।ਇਲਾਜ ਲਈ ਇੱਥੋਂ ਦੇ ਲੋਕ ਅਚਾਰੀਆ ਤੁਲਸੀ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਅਤੇ ਬੀਕਾਨੇਰ, ਰਾਜਸਥਾਨ ਦੇ ਪੀ.ਜੀ.ਆਈ. ਜਾਂ ਰੋਹਤਕ ਪਹੁੰਚਦੇ ਹਨ ਤੇ ਕੈਂਸਰ ਦੇ ਕਈ ਮਰੀਜ਼ ਇਲਾਜ ਨਾ ਮਿਲਣ ਕਾਰਨ ਮਰ ਵੀ ਜਾਂਦੇ ਹਨ।ਹਰਿਆਣਾ ਵਿੱਚ ਘੱਗਰ ਪੱਟੀ ਵਿੱਚ ਪੈਂਦੇ ਸਿਰਸਾ, ਫਤਿਹਾਬਾਦ, ਕੈਥਲ, ਅੰਬਾਲਾ ਆਦਿ ਜ਼ਿਲ੍ਹਿਆਂ ਵਿੱਚ ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ।ਇਹ ਘੱਗਰ ਨਦੀ ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਦੇ ਪਹਾੜੀ ਖੇਤਰ ਤੋਂ ਨਿਕਲਦੀ ਹੈ ਤੇ ਸ਼ਿਵਾਲਕ ਪਹਾੜੀਆਂ ਤੋਂ ਕਾਲਕਾ ਤੋਂ ਹਰਿਆਣਾ ਵਿੱਚ ਦਾਖਲ ਹੁੰਦੀ ਹੋਈ ਪੰਜਾਬ ਦੇ ਮੋਹਾਲੀ ਤੋਂ ਅੰਬਾਲਾ, ਪਟਿਆਲਾ, ਕੈਥਲ, ਸੰਗਰੂਰ, ਫਤਿਹਾਬਾਦ, ਮਾਨਸਾ, ਸਿਰਸਾ, ਹਨੂੰਮਾਨਗੜ੍ਹ ਤੇ ਅਨੂਪਗੜ੍ਹ ਹੁੰਦੇ ਹੋਏ ਪਾਕਿਸਤਾਨ ਵਿੱਚ ਜਾਂਦੀ ਹੈ।ਲਗਭਗ 320 ਕਿਲੋਮੀਟਰ ਲੰਬੀ ਘੱਗਰ ਨਦੀ ਦੀ ਉਚਾਈ ਸਮੁੰਦਰ ਤਲ ਤੋਂ 1970 ਮੀਟਰ ਹੈ ਤੇ ਇਸ ਦੇ ਦਰਿਆਈ ਕੈਚਮੈਂਟ ਖੇਤਰ ਵਿੱਚ 27 ਕਸਬੇ ਹਨ, ਜਦੋਂ ਕਿ 11 ਡਰੇਨ ਹਨ।ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਨੁਸਾਰ ਪੰਚਕੂਲਾ ਤੋਂ ਬਾਅਦ ਦਰਿਆ ਪ੍ਰਦੂਸ਼ਿਤ ਹੋਣਾ ਸ਼ੁਰੂ ਹੋ ਜਾਂਦਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਨਦੀ ਦੇ ਵੱਖ-ਵੱਖ ਥਾਵਾਂ 'ਤੇ ਲਏ ਨਮੂਨਿਆਂ ਤੋਂ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਦਰਿਆ 'ਚ ਜ਼ਹਿਰੀਲੇ ਤੱਤ ਮੌਜੂਦ ਹਨ।ਚਿੰਤਾਜਨਕ ਤੱਤ ਇਹ ਕਿ ਨਦੀ ਦੇ ਪਾਣੀ ਨਾਲ ਹਰਿਆਣਾ ਦੇ ਰੱਤੀਆ ਤੇ ਸਿਰਸਾ ਇਲਾਕੇ ਵਿੱਚ ਲੱਖਾਂ ਹੈਕਟੇਅਰ ਰਕਬੇ ਵਿੱਚ ਝੋਨੇ ਤੋਂ ਇਲਾਵਾ ਕਣਕ ਦੀਆਂ ਫ਼ਸਲਾਂ, ਸਬਜ਼ੀਆਂ ਤੇ ਚਾਰਾ ਉਗਾਇਆ ਜਾਣ ਕਰਕੇ ਪੀਲੀਆ, ਕੈਂਸਰ, ਜੋੜਾਂ ਤੇ ਹੱਡੀਆਂ ਦੇ ਰੋਗ ਆਮ ਹੋ ਗਏ ਹਨ।ਸਿਰਸਾ ਖੇਤਰ ਦੇ ਲੋਕਾਂ ਦਾ ਮਨਣਾ ਹੈ ਕਿ ਹੁਣ ਘਗਰ ਵਰਗੀ ਖ਼ੂਬਸੂਰਤ ਨਦੀ ਹੁਣ ਪੂਰੀ ਤਰ੍ਹਾਂ ਜ਼ਹਿਰੀਲੀ ਹੁੰਦੀ ਜਾ ਰਹੀ ਹੈ, ਨਦੀ ਦੇ ਪ੍ਰਦੂਸ਼ਣ ਸਬੰਧੀ ਐੱਨ.ਜੀ.ਟੀ. ਇਸ ਤੋਂ ਪਹਿਲਾਂ ਵੀ ਹਰਿਆਣਾ, ਪੰਜਾਬ ਤੇ ਹਿਮਾਚਲ ਦੀਆਂ ਸਰਕਾਰਾਂ ਨੂੰ ਸਖ਼ਤ ਤਾੜਨਾ ਕਰ ਚੁੱਕਾ ਹੈ।

# ਵਲੀਪੁਰ 'ਚ 32 ਪਿੰਡਾਂ ਦੀ ਕਾਲੇ ਪਾਣੀ ਦਾ ਮੋਰਚਾ ਟੀਮ ਨਾਲ ਮੀਟਿੰਗ

## ਡਾਇੰਗਾਂ ਦੇ ਪਾਣੀ ਨੂੰ ਸਿੰਚਾਈ ਲਈ ਵਰਤਣ ਦਾ ਪਿੰਡਾਂ ਵਾਲਿਆਂ ਵੱਲੋਂ ਵਿਰੋਧ

## ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਫਸਰਾਂ ਨੂੰ ਨੌਕਰੀ ਤੋਂ ਫ਼ਾਰਗ ਕਰਨ ਦੀ ਮੰਗ



**ਮੋਗਾ (ਇਕਬਾਲ ਸਿੰਘ ਖਹਿਰਾ)**

ਸਤਲੁਜ ਤੇ ਬੁੱਢੇ ਦਰਿਆ ਨੂੰ ਕਾਲੇ ਜ਼ਹਿਰੀ ਪਾਣੀ ਤੋਂ ਮੁਕਤ ਕਰਨ ਲਈ ਬਣੇ ਕਾਲੇ ਪਾਣੀ ਦੇ ਮੋਰਚੇ ਦੀ ਟੀਮ ਨੇ ਪਿੰਡ ਵਲੀਪੁਰ ਵਿਖੇ ਉਨ੍ਹਾਂ 32 ਪਿੰਡਾਂ ਦੇ ਵਾਸੀਆਂ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਨੂੰ ਖੇਤੀ ਦੀ ਸਿੰਚਾਈ ਲਈ ਪੰਜਾਬ ਸਰਕਾਰ ਡਾਇੰਗ ਇੰਡਸਟਰੀ ਦਾ ਪਾਣੀ ਦੇਣ ਜਾ ਰਹੀ ਹੈ। ਇਸ ਬਾਰੇ ਗੱਲ ਕਰਦਿਆਂ ਕਾਲੇ ਪਾਣੀ ਦੇ ਮੋਰਚੇ ਦੇ ਕਪਿਲ ਅਰੋੜਾ ਨੇ ਦੱਸਿਆ ਕਿ ਲੁਧਿਆਣੇ ਦੀ ਡਾਇੰਗ ਇੰਡਸਟਰੀ ਨੂੰ ਬੁੱਢੇ ਦਰਿਆ ਵਿੱਚ ਆਪਣਾ ਟ੍ਰੀਟ ਕੀਤਾ ਹੋਇਆ ਪਾਣੀ ਵੀ ਛੱਡਣ ਦੀ ਇਜਾਜ਼ਤ ਨਹੀਂ ਹੈ ਅਤੇ ਉਨ੍ਹਾਂ ਨੂੰ 2013 ਵਿੱਚ ਮਿਲੀ ਇਨਵਾਇਰਮੈਂਟ ਕਲੀਅਰੈਂਸ ਵਿੱਚ ਇਹ ਗੱਲ ਸਾਫ਼ ਸ਼ਬਦਾਂ ਵਿੱਚ ਲਿਖੀ ਹੋਈ ਹੈ ਕਿ ਉਹ ਇਸ ਪਾਣੀ ਨੂੰ ਬੁੱਢੇ ਦਰਿਆ ਵਿੱਚ ਨਹੀਂ ਛੱਡ ਸਕਦੇ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵਿੱਚ ਇਸ ਮਸਲੇ 'ਤੇ ਕੇਸ ਚੱਲਣ ਕਰਕੇ ਇਹ ਕਾਗਜ਼ ਬਾਹਰ ਆ ਗਏ, ਜਿਨ੍ਹਾਂ ਨੂੰ ਪੰਜਾਬ ਪ੍ਰਦੂਸ਼ਣ ਬੋਰਡ ਤੇ ਇੰਡਸਟਰੀ ਲੁਕੋਈ ਬੈਠੇ ਸਨ। ਇਸ ਦੇ ਚਲਦਿਆਂ ਪੰਜਾਬ ਪ੍ਰਦੂਸ਼ਣ ਬੋਰਡ ਨੂੰ ਡਾਇੰਗ ਦੇ ਤਿੰਨ ਵੱਡੇ ਟਰੀਟਮੈਂਟ ਪਲਾਂਟ ਬੰਦ ਕਰਨ ਦੇ ਹੁਕਮ ਜਾਰੀ ਕਰਨੇ ਪਏ। ਇਨ੍ਹਾਂ ਆਰਡਰਾਂ ਖ਼ਿਲਾਫ਼ ਅਪੀਲ ਕਰਨ ਵੇਲੇ ਇੰਡਸਟਰੀ ਦੇ ਵਕੀਲ ਨੇ ਕੁੱਝ ਕਾਗਜ਼ਾਤ ਦਾ ਹਵਾਲਾ ਦਿੱਤਾ, ਜਿਨ੍ਹਾਂ ਤਹਿਤ ਪੰਜਾਬ ਸਰਕਾਰ ਵੱਲੋਂ ਕੋਈ 32 ਪਿੰਡਾਂ ਨੂੰ ਇੰਡਸਟਰੀ ਦਾ ਇਹ ਪਾਣੀ ਇੱਕ ਨਹਿਰ ਰਾਹੀਂ ਸਿੰਚਾਈ ਲਈ ਦੇਣ ਦੀ ਯੋਜਨਾ ਹੈ, ਜੋ ਇਸੇ ਇਲਾਕੇ ਵਿੱਚ ਹਨ ਤੇ ਇਸ ਲਈ ਮੋਰਚੇ ਦੀ ਟੀਮ ਉਨ੍ਹਾਂ ਨਾਲ ਗੱਲਬਾਤ ਕਰਨ ਪਹੁੰਚੀ ਹੈ।

ਮੋਰਚਾ ਦੇ ਅਮਿਤੋਜ ਮਾਨ ਨੇ ਕਿਹਾ ਕਿ ਅੱਜ ਅਸੀਂ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਆ ਕੇ ਮਿਲੇ ਹਾਂ ਤੇ ਹੈਰਾਨੀ ਹੋਈ ਕਿ 32 ਪਿੰਡਾਂ ਵਿੱਚੋਂ ਕਿਸੇ ਨਾਲ ਵੀ ਕੋਈ ਰਾਏ ਕੀਤੇ ਬਿਨਾਂ ਹੀ ਪੰਜਾਬ ਸਰਕਾਰ ਤੇ ਇੰਡਸਟਰੀ ਇਹ ਯੋਜਨਾ ਘੜੀ ਬੈਠੇ ਹਨ। ਇਹ ਕੋਈ ਵਿਹਾਰਕ ਗੱਲ ਨਹੀਂ ਹੈ ਤੇ ਸਿਰਫ਼ ਭੰਬਲਭੂਸਾ ਪਾ ਕੇ ਇੰਡਸਟਰੀ ਤੇ ਸਰਕਾਰ ਹੋਰ ਸਮਾਂ ਖਰਾਬ ਕਰਨਾ ਚਾਹੁੰਦੇ ਹਨ ਤਾਂ ਕਿ ਮਸਲੇ ਨੂੰ ਹੋਰ ਲਮਕਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਸਰਕਾਰ ਤੇ ਡਾਇੰਗ ਇੰਡਸਟਰੀ ਤਿੰਨ ਦਸੰਬਰ ਤੋਂ ਪਹਿਲਾਂ ਪਹਿਲਾਂ ਇਸ ਗੈਰ-ਕਾਨੂੰਨੀ ਵਰਤਾਰੇ ਨੂੰ ਬੰਦ ਕਰਨ, ਨਹੀਂ ਤਾਂ ਇਨ੍ਹਾਂ ਦੇ ਗੈਰ-ਕਾਨੂੰਨੀ ਪਾਈਪਾਂ ਨੂੰ ਬੰਦ ਕਰਨ ਲਈ ਪੰਜਾਬ ਦੇ ਲੋਕ ਆਪ ਅੱਗੇ ਆਉਣਗੇ। ਲੱਖਾ ਸਿਧਾਣਾ ਨੇ ਦੱਸਿਆ ਕਿ ਅੱਜ ਇਸੇ ਮਸਲੇ 'ਤੇ ਰਾਜਸਥਾਨ ਦੇ ਸ੍ਰੀਗੰਗਾਨਗਰ ਵਿੱਚ ਪੂਰਾ ਜ਼ਿਲ੍ਹਾ ਬੰਦ ਹੈ ਤੇ ਉਨ੍ਹਾਂ ਨੇ ਪੰਜਾਬ ਤੇ ਰਾਜਸਥਾਨ ਦੇ ਲੋਕਾਂ ਨੂੰ ਤਿੰਨ ਦਸੰਬਰ ਦੇ ਇਕੱਠ ਲਈ ਵੱਧ ਤੋਂ ਵੱਧ ਗਿਣਤੀ ਵਿੱਚ ਲੁਧਿਆਣੇ ਪਹੁੰਚਣ ਦੀ ਅਪੀਲ ਕੀਤੀ।

ਕੁਲਦੀਪ ਸਿੰਘ ਖਹਿਰਾ ਨੇ ਦੱਸਿਆ ਕਿ ਨੈਸ਼ਨਲ ਗ੍ਰੀਨ ਟ੍ਰਾਈਬਿਊਨਲ ਨੇ 4 ਨਵੰਬਰ ਨੂੰ ਹੋਈ ਡਾਇੰਗ ਇੰਡਸਟਰੀ ਦੇ ਟ੍ਰੀਟਮੈਂਟ ਪਲਾਂਟਾਂ ਨੂੰ ਬੰਦ ਕਰਨ ਬਾਰੇ ਸੁਣਵਾਈ ਤੋਂ ਬਾਅਦ ਸਿਰਫ ਇੰਨਾ ਕਿਹਾ ਹੈ ਕਿ ਜੇ ਇੰਡਸਟਰੀ ਵੱਲੋਂ ਆਪਣੀ ਇਨਵਾਇਰਮੈਂਟ ਕਲੀਅਰੈਂਸ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਉਨ੍ਹਾਂ ਹਾਲਤਾਂ ਵਿੱਚ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਗਲੀ ਸੁਣਵਾਈ, ਜੋ 2 ਦਸੰਬਰ ਨੂੰ ਹੈ, ਤੱਕ ਉਨ੍ਹਾਂ 'ਤੇ ਕੋਈ ਵੀ ਸਖਤ ਐਕਸ਼ਨ ਨਾ ਕਰੇ, ਪਰ ਇਨ੍ਹਾਂ ਦੀਆਂ ਸ਼ਰਤਾਂ ਦੀ ਦੂਸਰੀ ਮਦ ਹੀ ਇਹ ਹੈ ਕਿ ਬੁੱਢੇ ਦਰਿਆ ਵਿੱਚ ਕੋਈ ਵੀ ਟਰੀਟ ਕੀਤਾ ਹੋਇਆ ਪਾਣੀ ਨਹੀਂ ਛੱਡਿਆ ਜਾਏਗਾ, ਜਿਸ ਦੀ ਉਹ ਅੱਜ ਤੱਕ ਉਲੰਘਣਾ ਹੀ ਕਰਦੇ ਆ ਰਹੇ ਹਨ। ਜਸਕੀਰਤ ਸਿੰਘ ਨੇ ਕਿਹਾ ਕਿ ਬਹੁਤ ਹੈਰਾਨੀ ਦੀ ਗੱਲ ਹੈ ਕਿ ਨੈਸ਼ਨਲ ਗ੍ਰੀਨ ਟ੍ਰਬਿਊਨਲ ਵਿੱਚ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਿਸ ਵਾਤਾਵਰਣ ਕਲੀਅਰੈਂਸ ਨੂੰ ਪੇਸ਼ ਕੀਤਾ ਗਿਆ ਹੈ ਅਤੇ ਜਿਸ ਦੇ ਆਧਾਰ 'ਤੇ ਲੁਧਿਆਣੇ ਦੀ ਸਾਰੀ ਡਾਇੰਗ ਇੰਡਸਟਰੀ ਨੂੰ ਬੰਦ ਕਰਨ ਦੇ ਆਰਡਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਕਰਨੇ ਪਏ ਹਨ ਅਤੇ ਇੰਡਸਟਰੀ ਤੇ ਕਾਰਕੁਨਾਂ ਦੀ ਇੰਨੀ ਵੱਡੀ ਜੰਗ ਛਿੜੀ ਹੋਈ ਹੈ, ਉਸ ਕਲੀਅਰੈਂਸ ਦਾ ਪੰਜਾਬ ਦੀ ਬੁੱਢੇ ਦਰਿਆ ਬਾਰੇ ਬਣੀ ਵਿਧਾਨ ਸਭਾ ਕਮੇਟੀ ਵੱਲੋਂ ਪਿਛਲੇ ਦਿਨੀਂ ਦਿੱਤੀ ਗਈ 81 ਪੇਜ ਦੀ ਰਿਪੋਰਟ ਵਿੱਚ ਕੋਈ ਵੀ ਜ਼ਿਕਰ ਹੀ ਨਹੀਂ ਹੈ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਫਸਰ ਕਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੂੰ ਹੀ ਨਹੀਂ, ਸਗੋਂ ਲੋਕਾਂ ਦੇ ਨੁਮਾਇੰਦੇ ਤੇ ਵਿਧਾਨ ਸਭਾ ਦੀਆਂ ਕਮੇਟੀਆਂ ਦੇ ਮੈਂਬਰ ਸਾਹਿਬਾਨ ਨੂੰ ਵੀ ਵੱਡੇ ਪੱਧਰ 'ਤੇ ਗੁਮਰਾਹ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਵੀ ਜ਼ਰੂਰੀ ਤੱਥ ਲਕੋ ਰਹੇ ਹਨ। ਉਨ੍ਹਾਂ ਨੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਚੇਅਰਮੈਨ ਤੇ ਮੈਂਬਰ ਸਕੱਤਰ ਨੂੰ ਇਸ ਅਤਿ ਗੰਭੀਰ ਕੁਤਾਹੀ ਲਈ ਤੁਰੰਤ ਨੌਕਰੀ ਤੋਂ ਫ਼ਾਰਗ ਕਰਨ ਦੀ ਮੰਗ ਕੀਤੀ ਅਤੇ ਵਿਧਾਨ ਸਭਾ ਸਪੀਕਰ ਵੱਲੋਂ ਉਨ੍ਹਾਂ 'ਤੇ ਸਖਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ।

## ਖੇਤੀਬਾੜੀ ਵਿਭਾਗ ਨੇ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ ਕੀਤਾ ਜਾਗਰੂਕ



**ਜਲਾਲਾਬਾਦ (ਜੀਤ ਕੁਮਾਰ)**-ਖੇਤੀਬਾੜੀ ਤੇ ਕਿਸਾਨ ਕਲਿਆਣ ਵਿਭਾਗ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਣਾਈਆਂ ਟੀਮਾਂ ਵੱਲੋਂ ਲਗਾਤਾਰ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਖੇਤੀਬਾੜੀ ਦੇ ਆਧੁਨਿਕ ਸੰਦਾਂ ਐੱਮ. ਬੀ. ਪਲੋਅ, ਸੁਪਰ ਸੀਡਰ ਆਦਿ ਦੀ ਵਰਤੋਂ ਨਾਲ ਪਰਾਲੀ ਪ੍ਰਬੰਧਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫ਼ਸਰ ਸੰਦੀਪ ਰਿਣਵਾਂ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੁਲਸ ਵਿਭਾਗ ਨਾਲ ਰਲ ਕੇ ਪਿੰਡਾਂ ਵਿੱਚ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨਾਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਕਿਸਾਨਾਂ ਨੂੰ ਜਾਗਰੂਕ ਕਰਨ ਵਾਲੀਆਂ ਟੀਮਾਂ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਪਹੁੰਚ ਕਰਕੇ ਕਿਸਾਨਾਂ ਨੂੰ ਪਰਾਲੀ ਦੇ ਸਹੀ ਪ੍ਰਬੰਧਨ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਵੀ ਕੀਤੀ ਗਈ ਹੈ। ਉਨ੍ਹਾ ਕਿਹਾ ਕਿ ਕਿਸਾਨ ਪਰਾਲੀ ਨੂੰ ਖੇਤ ਦੇ ਇਕ ਪਾਸੇ ਜੋੜ ਕੇ ਪਸ਼ੂਆਂ ਦੇ ਸੁੱਕੇ ਚਾਰੇ ਵਜੋਂ ਵੀ ਵਰਤ ਸਕਦੇ ਹਨ। ਇਸ ਤਰ੍ਹਾਂ ਕਰਨ ਨਾਲ ਪਰਾਲੀ ਦਾ ਪ੍ਰਬੰਧਨ ਵੀ ਹੋਵੇਗਾ ਤੇ ਪਸ਼ੂਆਂ ਲਈ ਸੁੱਕਾ ਚਾਰਾ ਵੀ ਉਪਲੱਬਧ ਰਹੇਗਾ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਤੇ ਆਧੁਨਿਕ ਮਸ਼ੀਨਰੀ ਦਾ ਉਪਯੋਗ ਕਰਦੇ ਹੋਏ ਝੋਨੇ ਦੀ ਪਰਾਲੀ ਤੇ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਰਲਾਇਆ ਜਾਵੇ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੋਵੇਗਾ। ਉਨ੍ਹਾ ਦੱਸਿਆ ਕਿ ਪਰਾਲੀ ਤੇ ਹੋਰ ਰਹਿੰਦ-ਖੂੰਹਦ ਜ਼ਮੀਨ ਵਿੱਚ ਰਲਾਉਣ ਨਾਲ ਕੀਟਨਾਸ਼ਕਾਂ ਤੋਂ ਵੀ ਨਜ਼ਾਤ ਮਿਲਦੀ ਹੈ ਤੇ ਯੂਰੀਆ ਖਾਦ ਦੀ ਖ਼ਪਤ ਵੀ ਘੱਟ ਹੁੰਦੀ ਹੈ।

## ਵਿਧਾਇਕ ਡਾ. ਅਰੋੜਾ ਵੱਲੋਂ ਨਹਿਰੀ ਪਾਣੀ ਪ੍ਰੋਜੈਕਟ ਦਾ ਉਦਘਾਟਨ

**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਟੀਚਾ ਹਰ ਖੇਤ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣਾ ਹੈ ਤਾਂ ਜੋ ਕਿਸਾਨਾਂ ਨੂੰ ਝੋਨੇ ਦੀ ਬਿਜਾਈ, ਸਿੰਚਾਈ ਤੇ ਬਿਜਾਈ ਸਮੇਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਮੋਗਾ ਜ਼ਿਲ੍ਹੇ ਦੇ ਪਿੰਡ ਕਾਲੀਏ ਵਾਲਾ ਵਿਖੇ 2 ਕਰੋੜ 36 ਲੱਖ ਰੁਪਏ ਦੀ ਲਾਗਤ ਨਾਲ ਬਣੇ ਨਹਿਰੀ ਪਾਣੀ ਪ੍ਰਾਜੈਕਟ ਦੇ ਕੰਮ ਦਾ ਉਦਘਾਟਨ ਕਰਨ ਮੌਕੇ ਕੀਤਾ। ਇਸ ਤੋਂ ਪਹਿਲਾਂ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਪਿੰਡ ਕਾਲੀਏ ਵਾਲਾ ਵਿਖੇ ਪਹੁੰਚਣ 'ਤੇ ਪਿੰਡ ਕਾਲੀਏ ਵਾਲਾ ਦੀ ਗ੍ਰਾਮ ਪੰਚਾਇਤ, ਪਿੰਡ ਵਾਸੀਆਂ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਅਤੇ ਵਰਕਰਾਂ ਵੱਲੋਂ ਉਨ੍ਹਾਂ ਦੇ ਸਵਾਗਤ 'ਤੇ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਹਲਕਾ ਮੋਗਾ ਦੇ ਪਿੰਡ ਕਾਲੀਏ ਵਾਲਾ ਵਿੱਚ ਕਈ ਸਾਲਾਂ ਬਾਅਦ ਨਹਿਰੀ ਪਾਣੀ ਖੇਤਾਂ ਵਿੱਚ ਪਹੁੰਚਿਆ ਹੈ। ਉਨ੍ਹਾਂ ਦੱਸਿਆ ਕਿ ਨਹਿਰੀ ਪਾਣੀ ਦੀ ਪਾਈਪ ਲਾਈਨ ਦੀ ਕੁੱਲ ਲੰਬਾਈ 11 ਕਿਲੋਮੀਟਰ ਹੈ, ਜਿਸ ਕਾਰਨ ਆਸ-ਪਾਸ ਦੇ 625 ਏਕੜ ਖੇਤਾਂ ਨੂੰ ਨਹਿਰੀ ਪਾਣੀ ਦੀ ਸਪਲਾਈ ਕੀਤੀ ਜਾਵੇਗੀ, ਜਿਸ ਨਾਲ ਕਿਸਾਨਾਂ ਨੂੰ ਰਾਹਤ ਮਿਲੇਗੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਨਾਲ ਪਿੰਡ ਦੌਲਤਪੁਰਾ ਉੱਚਾ, ਕਾਲੀਏ ਵਾਲਾ, ਪੰਡੋਰੀ ਖਟਾਰੀਆ ਤੇ ਦੌਲਤਪੁਰਾ ਫੰਡਾ ਦੇ ਕਿਸਾਨਾਂ ਨੂੰ ਵੀ ਆਪਣੇ ਖੇਤਾਂ ਲਈ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਵੱਧ ਤੋਂ ਵੱਧ ਗ੍ਰਾਂਟਾਂ ਲਿਆ ਕੇ ਪਿੰਡਾਂ ਦੀ ਨੁਹਾਰ ਬਦਲੀ ਜਾਵੇਗੀ ਤੇ ਉਨ੍ਹਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਪਿੰਡ ਵਾਸੀ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ, ਜਿਸ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ।

ਇਸ ਮੌਕੇ ਪਿੰਡ ਕਾਲੀਏ ਵਾਲਾ ਦੇ ਵਸਨੀਕਾਂ, ਗ੍ਰਾਮ ਪੰਚਾਇਤ ਤੇ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਅਤੇ ਕਿਸਾਨਾਂ ਨੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਨਹਿਰੀ ਪਾਣੀ ਦੇ ਪ੍ਰੋਜੈਕਟ ਦਾ ਉਦਘਾਟਨ ਕਰਨ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਸਨਮਾਨਤ ਕੀਤਾ। ਇਸ ਮੌਕੇ ਅੰਗਰੇਜ਼ ਸਿੰਘ ਬਲਾਕ ਪ੍ਰਧਾਨ, ਨਿਸ਼ਾਨ ਸਿੰਘ ਬਾਠ, ਨਿਰਮਲ ਸਿੰਘ ਬਾਠ, ਮਲਕੀਤ ਸਿੰਘ ਬਾਠ, ਲਾਡੀ ਖੋਸਾ, ਭਿੰਦਾ ਸਿੰਘ ਸਮਰਾ, ਜਗਮੋਹਣ ਸਿੰਘ ਸਰਾਂ ਕਾਲੀਆਂ ਵਾਲਾ, ਮੰਡੇਰ ਸਿੰਘ ਸਰਾਂ, ਠਾਣਾ ਸਿੰਘ ਸਰਾਂ, ਸਾਬਕਾ ਕੌਂਸਲਰ ਦਵਿੰਦਰ ਤਿਵਾੜੀ, ਸਵਰਨ ਸਿੰਘ ਮੈਂਬਰ ਹਾਜ਼ਰ ਸਨ। ਪੰਚਾਇਤ ਪਾਲ ਸਿੰਘ ਸਰਾਂ, ਮਦਨ ਮੋਹਨ, ਦਿਲਬਾਗ ਸਿੰਘ, ਮਲਕੀਤ ਸਿੰਘ ਬਾਠ, ਨੌਜਵਾਨ ਆਗੂ ਸੰਨੀ ਸਿੰਘ ਧਾਲੀਵਾਲ ਤੋਂ ਇਲਾਵਾ ਆਮ ਆਦਮੀ ਵਰਕਰ, ਵਲੰਟੀਅਰ ਤੇ ਪਿੰਡ ਵਾਸੀ ਹਾਜ਼ਰ ਸਨ।



## ਪੰਜਾਬੀ ਸਾਹਿਤ ਸਭਾ ਵੱਲੋਂ ਕਾਵਿ ਸੰਗ੍ਰਹਿ 'ਉਜਾਲਾ' ਦਾ ਲੋਕ ਅਰਪਣ

**ਪਟਿਆਲਾ (ਪੱਤਰ ਪ੍ਰੇਰਕ)**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਿਖੇ ਸਾਹਿਤਕ ਸਮਾਗਮ ਕਰਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਤੋਂ ਇਲਾਵਾ ਮੁੱਖ ਮਹਿਮਾਨ ਵਜੋਂ ਸ਼੍ਰੋਮਣੀ ਸਾਹਿਤਕਾਰ ਡਾ. ਮਨਮੋਹਨ ਸਹਿਗਲ ਸ਼ਾਮਲ ਹੋਏ, ਜਦੋਂਕਿ ਪ੍ਰਧਾਨਗੀ ਉਘੇ ਪੰਜਾਬੀ ਵਿਦਵਾਨ ਡਾ. ਗੁਰਬਚਨ ਸਿੰਘ ਰਾਹੀ ਨੇ ਕੀਤੀ। ਸਮਾਗਮ ਦੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼੍ਰੋਮਣੀ ਸਾਹਿਤਕਾਰ ਡਾ. ਮਹੇਸ਼ ਗੌਤਮ, ਖ਼ਾਲਸਾ ਕਾਲਜ ਪਟਿਆਲਾ ਦੇ ਪ੍ਰੋਫ਼ੈਸਰ, ਕਵਿੱਤਰੀ ਤੇ ਆਲੋਚਕ ਡਾ. ਹਰਵਿੰਦਰ, ਬਹੁਪੱਖੀ ਲੇਖਕ ਪ੍ਰਿੰ. ਸੋਹਨ ਲਾਲ ਗੁਪਤਾ ਤੇ 'ਪੰਜਾਬੀ ਆਲਮ' ਰਸਾਲੇ ਦੇ ਸੰਪਾਦਕ ਅਭੈ ਸਿੰਘ (ਮਨੀਮਾਜਰਾ) ਨੇ ਸ਼ਿਰਕਤ ਕੀਤੀ। ਸਮਾਗਮ 'ਚ ਜਲ ਸਿੰਘ ਰਚਿਤ ਕਾਵਿ ਸੰਗ੍ਰਹਿ 'ਉਜਾਲਾ' ਦਾ ਲੋਕ ਅਰਪਣ ਕੀਤਾ ਗਿਆ।

ਸਮਾਗਮ ਦੇ ਆਰੰਭ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਲੇਖਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਭਾਰਤ ਦੀਆਂ ਵੰਨ-ਸੁਵੰਨੀਆਂ ਭਾਸ਼ਾਵਾਂ ਇੱਕ ਸੁੰਦਰ ਗੁਲਦਸਤੇ ਦੀ ਨਿਆਈਂ ਹੁੰਦੀਆਂ ਹਨ, ਜੋ ਸਮਾਜ ਵਿਚ ਸਾਹਿਤਕ ਖ਼ੁਸ਼ਬੂ ਵੰਡ ਕੇ ਮਨੁੱਖੀ ਸਮਾਜ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।



ਪ੍ਰੋ. ਮਨਮੋਹਨ ਸਹਿਗਲ ਨੇ ਕਿਹਾ ਕਿ ਲੇਖਕ ਨੂੰ ਆਪਣੀ ਪ੍ਰਤਿਬੱਧਤਾ ਉਪਰ ਡਟ ਕੇ ਪਹਿਰਾ ਦੇਣਾ ਚਾਹੀਦਾ ਹੈ। ਪ੍ਰਿੰ. ਸੋਹਨ ਲਾਲ ਗੁਪਤਾ ਨੇ ਇੱਕ ਦਿਲਚਸਪ ਕਹਾਣੀ ਸਾਂਝੀ ਕਰਦਿਆਂ ਕਿਹਾ ਕਿ ਸਿਰਜਣਸ਼ੀਲ ਮਨੁੱਖ ਸਮਾਜ ਲਈ ਰਾਹ ਦਸੇਰੇ ਦਾ ਕੰਮ ਕਰਦੇ ਹਨ। ਵਿਦਵਾਨ ਡਾ. ਗੁਰਬਚਨ ਸਿੰਘ ਰਾਹੀ ਨੇ ਆਪਣੇ ਕਾਵਿਮਈ ਅੰਦਾਜ਼ 'ਚ ਪੰਜਾਬੀ ਸਾਹਿਤ ਸਭਾ ਪਟਿਆਲਾ ਦੀ ਦਹਾਕਿਆਂ ਪੁਰਾਣੀ ਸਾਂਝ ਬਾਰੇ ਚਾਨਣਾ ਪਾਇਆ, ਜਦੋਂਕਿ ਡਾ. ਮਹੇਸ਼ ਗੌਤਮ ਨੇ ਕਿਹਾ ਕਿ ਸਾਹਿਤ ਸਮਾਜ ਦਾ ਦਰਪਣ ਹੈ। ਅਭੈ ਸਿੰਘ ਦਾ ਕਹਿਣਾ ਸੀ ਕਿ ਸਾਹਿਤਕ ਤੇ ਸੱਭਿਆਚਾਰਕ ਪੱਖ ਤੋਂ ਆਪਣੀਆਂ ਕਲਮਾਂ ਰਾਹੀਂ ਮਾਨਵੀ ਚੌਗਿਰਦੇ ਦੀ ਸਵੱਛਤਾ ਤੇ ਵਿਕਾਸ ਦਾ ਕਾਰਜ ਕਲਮਕਾਰਾਂ ਦੇ ਹਿੱਸੇ ਆਇਆ ਹੈ। ਪੁਸਤਕ ਰਿਲੀਜ਼ ਉਪਰੰਤ ਮੁੱਖ ਵਕਤਾ ਵਜੋਂ ਚਰਚਾ ਕਰਦਿਆਂ ਡਾ. ਹਰਵਿੰਦਰ ਕੌਰ ਨੇ ਕਿਹਾ ਕਿ ਜਲ ਸਿੰਘ ਦੀਆਂ ਕਵਿਤਾਵਾਂ ਵਿਚ ਸੱਤਿਅਮ, ਸ਼ਿਵਮ ਤੇ ਸੁੰਦਰ ਦਾ ਖ਼ੂਬਸੂਰਤ ਸੁਮੇਲ ਹੈ।

## ਸੂਏ ਨੂੰ ਪੱਕਾ ਕਰਨ ਦਾ ਵਿਧਾਇਕ ਸਿੱਧੂ ਨੇ ਰੱਖਿਆ ਨੀਂਹ ਪੱਥਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਹਿਰ ਰਾਮਪੁਰਾ ਦੇ ਸੂਏ (ਜੌੜੇ ਪੁਲ) ਨੂੰ ਕੰਕਰੀਟ ਨਾਲ ਪੱਕਾ ਕਰਨ ਦੇ ਬਹੁ-ਕਰੋੜੀ ਪ੍ਰਾਜੈਕਟ ਦਾ ਨੀਂਹ ਪੱਥਰ ਪਿਛਲੇ ਦਿਨੀਂ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਰੱਖਿਆ।ਇਸ ਮੌਕੇ ਉਨ੍ਹਾਂ ਹਲਕੇ ਦੇ ਲੋਕਾਂ ਨੂੰ ਦੱਸਿਆ ਕਿ ਵਿਕਾਸ ਦੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਸੁੰਦਰੀਕਰਨ ਲਈ ਸੂਏ ਨੂੰ ਲਗਭਗ 10.70 ਕਰੋੜ ਰੁਪਏ ਦੀ ਲਾਗਤ ਨਾਲ ਕੰਕਰੀਟ ਨਾਲ ਪੱਕਾ ਕੀਤਾ ਜਾ ਰਿਹਾ ਹੈ, ਜਿਸ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ, ਉਸ ਤੋਂ ਬਾਅਦ ਸ਼ਹਿਰੀਆਂ ਲਈ ਸੈਰਗਾਹ ਵਿਕਸਿਤ ਕੀਤੀ ਜਾਵੇਗੀ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਬੱਸ ਸਟੈਂਡ ਦੇ ਨਿਰਮਾਣ ਕਾਰਜਾਂ ਨੂੰ ਵੀ ਜੰਗੀ ਪੱਧਰ 'ਤੇ ਕਰਵਾਉਣ ਦਾ ਕੰਮ ਲਗਾਤਾਰ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ, ਜੋ ਵੀ ਵਾਅਦਾ ਲੋਕਾਂ ਨਾਲ ਕਰਦੀ ਹੈ, ਉਹ ਪੂਰਾ ਕੀਤਾ ਜਾਂਦਾ ਹੈ।ਪਿਛਲੇ ਲੰਮੇ ਦਹਾਕਿਆਂ ਤੋਂ ਪੰਜਾਬੀਆਂ ਨੂੰ ਆਪਸ ਵਿੱਚ ਲੜਾਉਣ ਦੀਆਂ ਕੋਝੀਆਂ ਹਰਕਤਾਂ ਕੀਤੀਆਂ ਜਾਂਦੀਆਂ ਰਹੀਆਂ, ਧਾਰਮਿਕ ਭਾਵਨਾਵਾਂ ਭੜਕਾਉਣ ਦੇ ਕਥਿਤ ਯਤਨ ਕੀਤੇ ਗਏ, ਪ੍ਰੰਤੂ ਆਪ ਪਾਰਟੀ ਦੀ ਸਰਕਾਰ ਨਿਰਪੱਖਤਾ ਨਾਲ ਹਰ ਪਾਰਟੀ ਦੇ ਨਾਲ ਜੁੜੇ ਲੋਕਾਂ ਦੇ ਜਾਇਜ਼ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਉਣ ਦਾ ਵਾਅਦਾ ਲਗਾਤਾਰ ਪੂਰਾ ਕਰ ਰਹੀ ਹੈ।ਬਲਕਾਰ ਸਿੱਧੂ ਨੇ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੂਬੇ ਨੂੰ ਨਸ਼ਿਆਂ ਤੋਂ ਮੁਕਤ ਕਰਵਾਉਣ ਲਈ ਭਰਪੂਰ ਸਹਿਯੋਗ ਦਿੱਤਾ ਜਾਵੇ ਤੇ ਇਸ ਕਲੰਕ ਨੂੰ ਹਮੇਸ਼ਾ ਲਈ ਖਤਮ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਹਲਕੇ ਦੇ ਸੀਨੀਅਰ ਆਪ ਆਗੂ ਤੇ ਵਰਕਰ ਸ਼ਾਮਲ ਹੋਏ, ਜਿਨ੍ਹਾਂ ਨੇ ਹਲਕਾ ਵਿਧਾਇਕ ਸਿੱਧੂ ਦੇ ਨੁਕਤਿਆਂ, ਸੁਝਾਵਾਂ ਨੂੰ ਗੰਭੀਰਤਾ ਨਾਲ ਸੁਣਿਆ ਤੇ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਨੂੰ ਘਰ ਘਰ ਪਹੁੰਚਾਉਣਗੇ।

## ਮੁੱਖ ਮੰਤਰੀ ਮੀਟਿੰਗ ਦਾ ਸਮਾਂ ਦੇਣ, ਨਹੀਂ ਤਾਂ ਜਥੇਬੰਦੀ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ : ਨਿਰਮਲ ਸਿੰਘ

**ਮਲੋਟ (ਗੁਰਮੀਤ ਸਿੰਘ ਮੱਕੜ)**

ਫਰੀਡਮ ਫਾਇਟਰ ਉੱਤਰਾਧਿਕਾਰੀ ਜਥੇਬੰਦੀ ਪੰਜਾਬ ਦੀ ਜ਼ਿਲ੍ਹਾ ਇਕਾਈ ਸ੍ਰੀ ਮੁਕਤਸਰ ਸਾਹਿਬ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਯੋਗ ਅਗਵਾਈ ਹੇਠ ਹੋਈ। ਮੀਟਿੰਗ ਉਪਰੰਤ ਪ੍ਰੈੱਸ ਨਾਲ ਗੱਲਬਾਤ ਦੌਰਾਨ ਜ਼ਿਲ੍ਹਾ ਪ੍ਰਧਾਨ ਮਲੋਟ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਚੇਤਿੰਨ ਸਿੰਘ ਸੇਖੋਂ ਤੇ ਸੂਬਾ ਜਰਨਲ ਸਕੱਤਰ ਰਵਿੰਦਰ ਸਿੰਘ ਨੰਗਲਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਆਪਣੇ ਹੱਕਾ ਪ੍ਰਤੀ ਵਿਚਾਰ ਵਟਾਂਦਰਾ ਕਰਦਿਆਂ ਸੂਬਾ ਪ੍ਰਧਾਨ ਚੇਤਿੰਨ ਸਿੰਘ ਸੇਖੋਂ ਨੇ ਕਿਹਾ ਕਿ ਲਗਭਗ ਪੌਣੀ ਸਦੀ ਬੀਤਣ 'ਤੇ ਅੱਜ ਤੱਕ ਇਨ੍ਹਾਂ ਰਾਜਸੀ ਪਾਰਟੀਆਂ ਨੇ ਸੱਤਾ 'ਤੇ ਕਾਬਜ਼ ਹੋ ਕੇ ਸ਼ਹੀਦਾਂ ਦੇ ਬੁੱਤਾਂ ਨੂੰ ਹੀ ਪੂਜਿਆ ਹੈ, ਕਿਉਂਕਿ ਬੁੱਤ ਬੋਲਦੇ ਨਹੀਂ ਤੇ ਨਾ ਕੁੱਝ ਮੰਗਦੇ ਹਨ ਇਸ ਤਰ੍ਹਾਂ ਹੀ ਸ਼ਹੀਦ ਭਗਤ ਸਿੰਘ ਦੇ ਪਿੰਡ ਤੋਂ ਸਹੁੰ ਚੁੱਕ ਕੇ ਆਪਣਾ ਕਾਰਜ ਕਾਲ ਸੰਭਾਲਣ ਵਾਲੀ ਮਾਨ ਸਰਕਾਰ 32/33 ਮਹੀਨਿਆਂ ਦਾ ਰਾਜ ਕਰ ਚੁੱਕੀ ਹੈ, ਪਰ ਅੱਜ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਦੇਸ਼ ਭਗਤਾਂ ਦੇ ਵਾਰਿਸਾਂ ਨਾਲ ਮੀਟਿੰਗ ਕਰਨ ਦਾ ਸਮਾਂ ਨਹੀਂ ਹੈ। ਸੂਬਾ ਪ੍ਰਧਾਨ ਨੇ ਕਿਹਾ ਕਿ ਜਿਹੜੀ ਸਰਕਾਰ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਜਾਂਦੀ ਹੈ, ਉਸ ਦਾ ਵਜੂਦ ਬਹੁਤਾ ਚਿਰ ਕਾਇਮ ਨਹੀਂ ਰਹਿੰਦਾ, ਜਿਸ ਦਾ ਖਮਿਆਜ਼ਾ ਲੋਕ ਸਭਾ ਦੀਆਂ ਚੋਣਾਂ ਵਿੱਚ ਮਾਨ ਸਰਕਾਰ ਨੂੰ ਭੁਗਤਣਾ ਪਿਆ। ਸੂਬਾ ਜਰਨਲ ਸਕੱਤਰ ਰਵਿੰਦਰ ਸਿੰਘ ਨੰਗਲਾਂ ਨੇ ਕਿਹਾ ਕਿ ਪੰਜਾਬ ਦੇ ਚਾਰ ਵਿਧਾਨ ਸਭਾ ਦੇ ਹਲਕਿਆਂ ਵਿੱਚ ਇਨ੍ਹਾਂ ਰਾਜਸੀ ਪਾਰਟੀਆਂ ਦਾ ਪੱਬਾਂ ਭਾਰ ਜ਼ੋਰ ਲੱਗ ਰਿਹਾ ਹੈ, ਪਰ ਜਿਨ੍ਹਾਂ ਦੇਸ਼ ਭਗਤਾਂ ਦੇ ਖ਼ੂਨ ਤੇ ਪਸੀਨੇ ਨਾਲ ਵਿਧਾਨ ਸਭਾ ਦੀਆਂ ਨੀਂਹਾਂ ਪੱਕੀਆਂ ਹੋਈਆਂ ਹਨ। ਉਨ੍ਹਾਂ ਵਾਰਿਸਾਂ ਦੇ ਹੱਕਾਂ ਲਈ ਇਨ੍ਹਾਂ ਰਾਜਸੀ ਪਾਰਟੀਆਂ ਦੀ ਜ਼ੁਬਾਨ ਬੰਦ ਹੈ, ਜੋ ਕਿ ਬਰਦਾਸ਼ਤ ਤੋਂ ਬਾਹਰ ਹੈ। ਉਨ੍ਹਾਂ ਮਾਨ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਚੋਣਾਂ ਤੋਂ ਬਾਅਦ ਮੁੱਖ ਮੰਤਰੀ ਜਥੇਬੰਦੀ ਦੇ ਆਗੂਆਂ ਨਾਲ ਮੀਟਿੰਗ ਕਰਨ, ਨਹੀਂ ਤਾਂ ਆਉਣ ਵਾਲੇ ਗਣਤੰਤਰ ਦਿਵਸ ਤੋਂ ਪਹਿਲਾਂ ਦੇਸ਼ ਭਗਤਾਂ ਦੇ ਵਾਰਿਸ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ ਸਟੇਟ ਬਾਡੀ ਮੈਂਬਰ ਜਸਕਰਨ ਸਿੰਘ ਬੁੱਟਰ ਨੇ ਆਏ ਹੋਏ ਸੂਬਾ ਆਗੂਆਂ ਦਾ ਧੰਨਵਾਦ ਕੀਤਾ ਤੇ ਜੀ ਆਇਆ ਕਿਹਾ। ਮੀਟਿੰਗ ਵਿੱਚ ਨਿਰਭੈ ਸਿੰਘ ਜ਼ਿਲ੍ਹਾ ਪ੍ਰਧਾਨ, ਬਲਦੇਵ ਸਿੰਘ ਜਰਨਲ ਸਕੱਤਰ ਬਠਿੰਡਾ, ਰਾਮਪਾਲ ਸਿੰਘ ਪੰਨੂੰ ਜ਼ਿਲ੍ਹਾ ਪ੍ਰਧਾਨ, ਪਰਮਜੀਤ ਸਿੰਘ ਜਰਨਲ ਸਕੱਤਰ ਸ੍ਰੀ ਅੰਮ੍ਰਿਤਸਰ ਸਾਹਿਬ, ਅਮਰਜੀਤ ਸਿੰਘ ਸਕੱਤਰ ਬਰਨਾਲਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਮੀਤ ਪ੍ਰਧਾਨ ਜਗਪ੍ਰੀਤ ਸਿੰਘ ਛਾਬੜਾ, ਜਨਰਲ ਸਕੱਤਰ ਬਲਜਿੰਦਰ ਸਿੰਘ ਮਧੀਰ, ਜ਼ਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਸਕੱਤਰ ਸੁਭਾਸ਼ ਬੱਬਰ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ ਤੇ ਅਮਰਜੀਤ ਸਿੰਘ ਬਾਵਾ, ਬਾਬਾ ਜਗਸੀਰ ਸਿੰਘ ਪਤਲੀ, ਗੁਰਮੀਤ ਸਿੰਘ, ਗੁਰਤੇਜ ਸਿੰਘ ਮਲੋਟ, ਕਿਰਪਾਲ ਸਿੰਘ, ਚਾਨਣ ਸਿੰਘ, ਹਰਦੇਵ ਸਿੰਘ, ਮੁਖਤਿਆਰ ਸਿੰਘ, ਸੁਖਦੇਵ ਸਿੰਘ ਵੰਗਲ, ਰਾਮ ਸਿੰਘ ਮਿੱਡਾ, ਬਲਵਿੰਦਰ ਕੌਰ ਮਿੱਡਾ ਤੇ ਮਨਜੀਤ ਕੌਰ ਮੈਂਬਰ ਆਦਿ ਹਾਜ਼ਰ ਸਨ।



## ਪ੍ਰੀਗਾਬਾਲਿਨ 75 ਐੱਮ ਜੀ ਤੋਂ ਉੱਪਰ ਕੈਪਸੂਲ ਤੇ ਗੋਲੀ 'ਤੇ ਮੁਕੰਮਲ ਪਾਬੰਦੀ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-75 ਐੱਮ ਜੀ ਤੋਂ ਉਪਰ ਫਾਰਮੂਲੇਸ਼ਨ ਵਾਲੀ ਪ੍ਰੀਗਾਬਾਲਿਨ ਕੈਪਸੂਲ ਤੇ ਟੈਬਲੇਟ 'ਤੇ ਜ਼ਿਲ੍ਹੇ ਵਿੱਚ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਡਿਪਟੀ ਕਮਿਸ਼ਨਰ ਸ੍ਰੀ ਵਿਨੀਤ ਕੁਮਾਰ ਨੇ ਦੱਸਿਆ ਕਿ ਕੁਝ ਮਾੜੇ ਅਨਸਰਾਂ ਵੱਲੋਂ ਇਸ ਦਵਾਈ ਦਾ ਨਸ਼ੇ ਵਜੋਂ ਇਸਤੇਮਾਲ ਕੀਤਾ ਜਾਂਦਾ ਹੈ।ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ ਇਹ ਹੁਕਮ ਜਾਰੀ ਕੀਤੇ ਗਏ ਹਨ।ਉਨ੍ਹਾਂ ਕਿਹਾ ਕਿ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਲਗਾ ਕੇ ਇਸ ਦਵਾਈ (ਪ੍ਰੀਗਾਬਾਲਿਨ 75 ਐੱਮ ਜੀ ਤੋਂ ਵੱਧ) 'ਤੇ ਮੁਕੰਮਲ ਪਾਬੰਦੀ ਲਗਾਈ ਜਾਂਦੀ ਹੈ।

ਹੁਕਮਾਂ ਵਿੱਚ ਹੋਲਸੇਲਰ, ਰਿਟੇਲਰ, ਕੈਮਿਸਟ, ਮੈਡੀਕਲ ਸਟੋਰ ਮਾਲਕ, ਹਸਪਤਾਲ ਵਿੱਚ ਫਾਰਮਾਸਿਸਟ ਤੇ ਹੋਰ ਕੋਈ ਵੀ ਵਿਅਕਤੀ ਪ੍ਰੀਗਾਬਾਲਿਨ 75 ਐੱਮ ਜੀ ਬਿਨਾਂ ਅਸਲ ਪਰਚੀ ਦੇ ਨਹੀਂ ਵੇਚੇਗਾ।ਇਸ ਤੋਂ ਇਲਾਵਾ ਹੁਕਮਾਂ ਅਨੁਸਾਰ ਵੇਚਣ ਵਾਲੇ ਇਸ ਗੱਲ ਨੂੰ ਵੀ ਯਕੀਨੀ ਬਣਾਉਣਗੇ ਕਿ ਪ੍ਰੀਗਾਬਾਲਿਨ 75 ਐੱਮ ਜੀ ਤੱਕ ਵੇਚੀ ਗਈ ਗੋਲੀ ਤੇ ਕੈਪਸੂਲ ਦਾ ਵੀ ਰਿਕਾਰਡ ਰੱਖਣਗੇ ਅਤੇ ਖਰੀਦ ਤੇ ਵੇਚ ਦਾ ਬਿੱਲ ਸਮੇਤ ਰਿਕਾਰਡ ਰੱਖਣਾ ਯਕੀਨੀ ਬਣਾਉਣਗੇ।ਇਹ ਹੁਕਮ 26 ਦਸੰਬਰ 2024 ਤੱਕ ਲਾਗੂ ਰਹਿਣਗੇ।

## ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਮਨਾਉਣ ਲਈ ਜਿੱਥੇ ਕਿ ਹਰ ਜਗ੍ਹਾ ਤਿਆਰੀਆਂ ਬੜੇ ਜੋਸ਼ ਨਾਲ ਚੱਲ ਰਹੀਆਂ ਹਨ, ਉਥੇ ਹੀ ਨਿਊ ਕਲਗੀਧਰ ਮੁਹੱਲੇ ਦੀ ਸਮੂਹ ਸੰਗਤ ਵੱਲੋਂ ਵੀ ਮੁਹੱਲਾ ਵਾਸੀਆਂ ਦੀ ਸੁੱਖ ਸ਼ਾਂਤੀ ਲਈ ਸੁਖਮਨੀ ਸਾਹਿਬ ਦਾ ਪਾਠ ਤੇ ਕੀਰਤਨ ਕਰਵਾਇਆ ਗਿਆ, ਜਿਸ ਵਿੱਚ ਕੀਰਤਨੀ ਜੱਥੇ ਵੱਲੋਂ ਬੜੀ ਹੀ ਵਿਸਥਾਰ ਨਾਲ ਗੁਰੂ ਨਾਨਕ ਦੇਵ ਜੀ ਦੀ ਮਹਿਮਾ 'ਤੇ ਚਾਨਣਾ ਪਾਇਆ ਅਤੇ ਸੰਗਤਾਂ ਨੇ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ।ਇਸ ਮੌਕੇ ਲੰਗਰ ਅਤੁੱਟ ਵਰਤਾਇਆ ਗਿਆ।

## ਭਾਈ ਰਵਿੰਦਰ ਸਿੰਘ ਦਾ ਅੰਤ੍ਰਿਮ ਕਮੇਟੀ ਮੈਂਬਰ ਬਣਨ 'ਤੇ ਸਨਮਾਨ

**ਦੋਰਾਹਾ (ਹਰਮਿੰਦਰ ਸੇਠ)**-ਐਡਵੋਕੇਟ ਸ੍ਰ. ਹਰਜਿੰਦਰ ਸਿੰਘ ਧਾਮੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਰਹਿਨੁਮਾਈ ਤੇ ਇੰਜੀ. ਸ੍ਰ. ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਚੱਲ ਰਹੇ ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਭਾਈ ਰਵਿੰਦਰ ਸਿੰਘ ਖ਼ਾਲਸਾ ਮੈਂਬਰ ਅੰਤ੍ਰਿੰਗ ਕਮੇਟੀ ਦਾ ਸਨਮਾਨ ਸਮਾਰੋਹ ਕੀਤਾ ਗਿਆ। ਕਾਲਜ ਪ੍ਰਿੰਸੀਪਲ, ਲੋਕਲ ਮੈਨਜਮੈਂਟ ਕਮੇਟੀ, ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਨੂੰ ਅੰਤ੍ਰਿੰਗ ਕਮੇਟੀ ਦਾ ਮੈਂਬਰ ਬਣਨ 'ਤੇ ਵਧਾਈ ਦਿੰਦਿਆਂ ਉਨ੍ਹਾਂ ਦਾ ਵਿਸ਼ੇਸ਼ ਸਵਾਗਤ ਕੀਤਾ ਗਿਆ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਦੀ ਕਾਲਜ ਵਿਖੇ ਇਹ ਪਹਿਲੀ ਫੇਰੀ ਸੀ।

ਉਨ੍ਹਾਂ ਨੇ ਹਾਜ਼ਰ ਵਿਦਿਆਰਥੀਆਂ ਦੇ ਰੂ-ਬ-ਰੂ ਹੁੰਦਿਆਂ ਉਨ੍ਹਾਂ ਨੂੰ ਸੁਚੱਜਾ ਜੀਵਨ ਜੀਊਣ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਇਹ ਭਰੋਸਾ ਦੁਆਇਆ ਕਿ ਉਹ ਸ਼੍ਰੋ. ਗੁ. ਪ੍ਰ. ਕਮੇਟੀ ਦੇ ਪ੍ਰਧਾਨ ਨਾਲ ਗੱਲਬਾਤ ਕਰਕੇ ਕਾਲਜ ਨੂੰ ਦਰਪੇਸ਼ ਸਮੱਸਿਆਵਾਂ ਦਾ ਫੌਰੀ ਹੱਲ ਕਰਨਗੇ।ਇਸ ਸਨਮਾਨ ਸਮਾਰੋਹ ਵਿੱਚ ਬਾਬਾ ਬੂਟਾ ਸਿੰਘ (ਮੈਂਬਰ ਸ਼੍ਰੋ. ਗੁ. ਪ੍ਰ. ਕਮੇਟੀ), ਡਾ. ਸਰਬਜੀਤ ਸਿੰਘ, ਪ੍ਰੋ. ਆਫ ਜਰਨਲਿਜ਼ਮ (ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ), ਅਸਿਸਟੈਂਟ ਡਾਇਰੈਕਟਰ ਡਾ. ਗੁਰਤੇਜ ਸਿੰਘ (ਡਾਇਰੈਕਟੋਰੇਟ ਆਫ ਐਜੂਕੇਸ਼ਨ), ਭਾਈ ਪਰਮਜੀਤ ਸਿੰਘ ਸੀਨੀਅਰ ਪ੍ਰਚਾਰਕ (ਧਰਮ ਪ੍ਰਚਾਰ ਕਮੇਟੀ), ਸ੍ਰ. ਕੇਹਰ ਸਿੰਘ (ਮੈਨੇਜਰ ਗੁਰਦੁਆਰਾ ਮੰਜੀ ਸਾਹਿਬ ਕੋਟਾਂ), ਹੈੱਡ ਗ੍ਰੰਥੀ ਸ੍ਰ. ਸਤਨਾਮ ਸਿੰਘ ਕਥਾਵਾਚਕ, ਸ੍ਰ. ਨਿਰਭਉ ਸਿੰਘ (ਮੈਂਬਰ ਪੰਚਾਇਤ ਸੁਲਤਾਨਪੁਰ) ਤੇ ਸ੍ਰ. ਰਜਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਸਮਾਗਮ ਦੇ ਸਮਾਪਨ 'ਤੇ ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਭਾਈ ਰਵਿੰਦਰ ਸਿੰਘ ਖ਼ਾਲਸਾ ਨੂੰ ਅੰਤ੍ਰਿੰਗ ਕਮੇਟੀ ਮੈਂਬਰ ਬਣਨ 'ਤੇ ਮੁਬਾਰਕਬਾਦ ਦਿੱਤੀ।



## ਤਪੋਬਣ ਢੱਕੀ ਸਾਹਿਬ 'ਚ ਸੀਨੀਅਰ ਪੰਜਾਬ ਸਟੇਟ ਰੈਸਲਿੰਗ ਚੈਂਪੀਅਨਸ਼ਿਪ ਸੰਪੰਨ

**ਦੋਰਾਹਾ (ਹਰਮਿੰਦਰ ਸੇਠ)**

ਗੁਰਦੁਆਰਾ ਤਪੋਬਣ ਢੱਕੀ ਸਾਹਿਬ ਮਕਸੂਦੜਾ ਦੇ ਮੁਖੀ ਸੰਤ ਬਾਬਾ ਦਰਸ਼ਨ ਸਿੰਘ ਜੀ ਖ਼ਾਲਸਾ ਦੀ ਰਹਿਨੁਮਾਈ ਹੇਠ ਦਾਤਾ ਬੰਦੀਛੋੜ ਦਿਵਸ ਨੂੰ ਸਮਰਪਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮੀਰੀ ਪੀਰੀ ਮੱਲ ਅਖਾੜਾ ਤਪੋਬਣ ਢੱਕੀ ਸਾਹਿਬ ਵੱਲੋਂ ਤੇ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਸਹਿਯੋਗ ਨਾਲ ਜ਼ਿਲ੍ਹਾ ਕੁਸ਼ਤੀ ਸੰਸਥਾ ਦੇ ਬੈਨਰ ਹੇਠ ਤਪੋਬਣ ਢੱਕੀ ਸਾਹਿਬ ਵਿਖੇ 56ਵੀਂ ਸੀਨੀਅਰ ਪੰਜਾਬ ਸਟੇਟ ਫ੍ਰੀ ਸਟਾਈਲ ਲੜਕੇ ਤੇ ਲੜਕੀਆਂ ਦੀ ਸਟੇਟ ਚੈਂਪੀਅਨਸ਼ਿਪ ਕਰਾਈ ਗਈ।

ਸੰਤ ਬਾਬਾ ਦਰਸ਼ਨ ਸਿੰਘ ਜੀ ਨੇ ਅਰਦਾਸ ਕਰਕੇ ਫ੍ਰੀ ਸਟਾਈਲ ਚੈਂਪੀਅਨਸ਼ਿਪ ਦਾ ਉਦਘਾਟਨ ਆਪਣੇ ਕਰ ਕਮਲਾਂ ਨਾਲ ਕੀਤਾ, ਜਿੱਥੇ ਕੁਸ਼ਤੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਸਮੂਹ ਪਹਿਲਵਾਨਾਂ ਨੂੰ ਮਹਾਂਪੁਰਸ਼ਾਂ ਵੱਲੋਂ ਨਕਦ ਇਨਾਮ ਦਿੱਤੇ ਗਏ, ਉਥੇ ਵੱਖ-ਵੱਖ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਜੇਤੂ ਪਹਿਲਵਾਨਾਂ ਨੂੰ ਸਰਟੀਫਿਕੇਟ ਅਤੇ ਚੈਂਪੀਅਨਸ਼ਿਪ ਲਈ ਚੁਣੇ ਗਏ ਪਹਿਲਵਾਨਾਂ ਨੂੰ ਗੋਲਡ ਮੈਡਲ ਦਿੱਤੇ ਗਏ।ਇਸ ਮੌਕੇ ਅਰਜਨ ਐਵਾਰਡੀ ਪਹਿਲਵਾਨ ਆਈ.ਜੀ. ਕਰਤਾਰ ਸਿੰਘ ਦਾ ਮਹਾਂਪੁਰਸ਼ਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਮੁੱਖ ਮਹਿਮਾਨ ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਮਨ ਕੁਮਾਰ, ਐਸ.ਪੀ ਸ੍ਰੀ ਮੁਕੇਸ਼ ਕੁਮਾਰ ਸੀ.ਐਮ.ਸਕਿਓਰਿਟੀ, ਲਖਵੀਰ ਸਿੰਘ ਲੱਖਾ ਸਾਬਕਾ ਐਮ.ਐਲ ਏ, ਨਵਜੋਤ ਤਿਵਾੜੀ ਸਬ ਤਹਿਸੀਲਦਾਰ ਪਾਇਲ, ਦੀਪਕ ਰਾਏ ਡੀ ਐਸ ਪੀ ਪਾਇਲ, ਸੰਦੀਪ ਕੁਮਾਰ ਐਸ ਐਚ ਓ ਪਾਇਲ, ਜਗਜੀਵਨ ਸਿੰਘ ਮੁੰਡੀ ਡੀ ਐਸ ਪੀ ਖੰਨਾ ਨੂੰ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ ਤੇ ਬਾਬਾ ਇੰਦਰ ਨਾਥ ਅਖਾੜਾ ਹੱਲ੍ਹਾ, ਬਾਬਾ ਗਿਆਨ ਸਿੰਘ ਗੜ੍ਹੀ ਫ਼ਾਜ਼ਿਲ, ਮਹੰਤ ਪ੍ਰੀਤਮ ਦਾਸ ਮਕਸੂਦੜਾ, ਮਹੰਤ ਜਸਵਿੰਦਰਪਾਲ ਸਿੰਘ ਮਕਸੂਦੜਾ, ਪਹਿਲਵਾਨ ਇੰਸਪੈਕਟਰ ਕੇਵਲ ਸਿੰਘ ਅਖਾੜਾ ਮਸਤੂਆਣਾ ਸਾਹਿਬ, ਪਹਿਲਵਾਨ ਸੁਖਦੇਵ ਸਿੰਘ ਸੁੱਖਾ ਅਖਾੜਾ ਨਦਾਮਪੁਰ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।ਖੇਡ ਮੈਦਾਨ ਵਿੱਚ ਪ੍ਰਧਾਨ ਵੀਰਦਵਿੰਦਰ ਸਿੰਘ ਬਰਮਾਲੀਪੁਰ, ਮੀਤ ਪ੍ਰਧਾਨ ਮਨਪ੍ਰੀਤ ਵਰਮਾ, ਜਨਰਲ ਸਕੱਤਰ ਪਵਿੱਤਰ ਸਿੰਘ, ਸਤਿੰਦਜੀਤ ਸਿੰਘ ਬਰਾੜ ਨੇ ਅਣਥੱਕ ਸੇਵਾਵਾਂ ਨਿਭਾਈਆਂ। ਖੇਡ ਮੈਦਾਨ 'ਚ ਸੁਨਹਿਰੀ ਕਾਠੀਆਂ ਨਾਲ ਸ਼ਿੰਗਾਰੇ ਢੱਕੀ ਸਾਹਿਬ ਦੇ ਮੋਤੀ ਤੇ ਗਰੁੜ ਨਾਂਅ ਦੇ ਸ਼ਾਨਦਾਰ ਘੋੜੇ ਖਿੱਚ ਦਾ ਕੇਂਦਰ ਬਣੇ ਰਹੇ।



## ਸੂਬਾ ਸਰਕਾਰ ਨੇ ਕੇਂਦਰ ਨਾਲ ਮਿਲ ਕੇ ਪੰਜਾਬ ਨੂੰ ਬਰਬਾਦੀ ਵੱਲ ਧੱਕਿਆ : ਚੰਨੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਮੋਦੀ ਸਰਕਾਰ ਨਾਲ ਮਿਲ ਕੇ ਪੰਜਾਬ ਨੂੰ ਬਰਬਾਦੀ ਵੱਲ ਧੱਕਿਆ ਜਾ ਰਿਹਾ ਹੈ। ਇਹ ਪ੍ਰਗਟਾਵਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਐਮ ਪੀ ਨੇ ਬਲਾਕ ਮਹਿਲ ਕਲਾਂ ਦੇ ਪਿੰਡ ਅਮਲਾ ਸਿੰਘ ਵਾਲਾ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਹੱਕ ਵਿੱਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਝੋਨੇ ਦੇ ਸੀਜ਼ਨ ਦੌਰਾਨ ਮੰਡੀਆਂ ਵਿੱਚੋਂ ਝੋਨੇ ਦਾ ਦਾਣਾ-ਦਾਣਾ ਖਰੀਦ ਕੀਤੇ ਜਾਣ ਦਾਅਵੇ ਝੂਠੇ ਸਾਬਤ ਹੋਏ ਹਨ, ਕਿਉਂਕਿ ਮੰਡੀਆਂ ਵਿੱਚ ਕਿਸਾਨਾਂ ਦੇ ਝੋਨੇ ਦੀ ਫ਼ਸਲ ਇੱਕ ਮਹੀਨੇ ਤੋਂ ਲਗਾਤਾਰ ਰੁੱਲ ਰਹੀ ਹੈ, ਪਰ ਰਾਜ ਸਰਕਾਰ ਕਿਸਾਨਾਂ, ਮਜ਼ਦੂਰਾਂ, ਆੜਤੀਆਂ ਅਤੇ ਸ਼ੈਲਰ ਮਾਲਕਾਂ ਦੀ ਗੱਲ ਸੁਣਨ ਨੂੰ ਤਿਆਰ ਨਹੀਂ।ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਚਾਰੇ ਜ਼ਿਮਨੀ ਚੋਣਾਂ 'ਚ 'ਆਪ' ਦੀ ਬੁਰੀ ਤਰਾਂ ਹਾਰ ਤੋਂ ਬਾਅਦ ਪੰਜਾਬ ਸਰਕਾਰ ਛੇਤੀ ਹੀ ਡਿੱਗ ਜਾਵੇਗੀ।ਉਨ੍ਹਾਂ ਉਮੀਦਵਾਰ ਕਾਲਾ ਢਿੱਲੋਂ ਨੂੰ ਜਿਤਾ ਕੇ ਇਹ ਸੀਟ ਕਾਂਗਰਸ ਦੀ ਝੋਲੀ 'ਚ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਵੱਖ-ਵੱਖ ਪਾਰਟੀਆਂ ਨਾਲ ਸੰਬੰਧਤ ਵਰਕਰਾਂ ਨੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।

## ਆਪ ਤੇ ਭਾਜਪਾ ਉਮੀਦਵਾਰ ਖਿਲਾਫ ਝੰਡਾ ਮਾਰਚ 'ਚ ਪੈਨਸ਼ਨਰਾਂ ਵੱਲੋਂ ਵੱਡੀ ਗਿਣਤੀ 'ਚ ਸ਼ਾਮਲ ਹੋਣ ਦਾ ਫ਼ੈਸਲਾ

**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਪੌਣੇ ਤਿੰਨ ਸਾਲ ਦੇ ਰਾਜ ਭਾਗ ਦੌਰਾਨ ਅਪਣਾਈਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਤੋਂ ਪ੍ਰੇਸ਼ਾਨ ਤੇ ਕਾਂਗਰਸ ਪਾਰਟੀ ਦੇ ਰਾਜ ਭਾਗ ਦੌਰਾਨ ਸਾਬਕਾ ਵਿੱਤ ਮੰਤਰੀ ਪੰਜਾਬ ਮਨਪ੍ਰੀਤ ਸਿੰਘ ਬਾਦਲ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਤੋਂ ਅੱਕੇ ਹੋਏ ਮਾਲਵੇ ਦੇ ਜ਼ਿਲ੍ਹਿਆਂ ਦੇ ਮੁਲਾਜ਼ਮ ਤੇ ਪੈਨਸ਼ਨਰ ਇਨ੍ਹਾਂ ਦੋਵਾਂ ਨੂੰ ਸਬਕ ਸਿਖਾਉਣ ਦੇ ਮੰਤਵ ਨਾਲ 17 ਨਵੰਬਰ ਨੂੰ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰ ਦੀਆਂ ਗਲੀਆਂ ਅਤੇ ਬਜ਼ਾਰਾਂ ਵਿੱਚ ਝੰਡਾ ਮਾਰਚ ਕਰਨ ਲਈ ਵਹੀਰਾਂ ਘੱਤ ਕੇ ਪਹੁੰਚਣ ਲਈ ਤਿਆਰੀਆਂ ਕਰ ਰਹੇ ਹਨ।ਇਸ ਐਕਸ਼ਨ ਦੀ ਤਿਆਰੀ ਲਈ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫ਼ਰੀਦਕੋਟ ਦੀ ਜ਼ਰੂਰੀ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਵਿਖੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਿਛਲੇ ਸਮੇਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਜਰਨੈਲ ਸਿੰਘ ਚਹਿਲ ਸੇਵਾ ਮੁਕਤ ਮੁੱਖ ਅਧਿਆਪਕ ਅਤੇ ਹੋਰ ਵੱਖ-ਵੱਖ ਵਿਅਕਤੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ, ਜ਼ਿਲ੍ਹਾ ਫ਼ਰੀਦਕੋਟ ਦੇ ਸਰਪ੍ਰਸਤ ਅਸ਼ੋਕ ਕੌਸ਼ਲ, ਜਨਰਲ ਸਕੱਤਰ ਇਕਬਾਲ ਸਿੰਘ ਮੰਘੇੜਾ, ਵਿੱਤ ਸਕੱਤਰ ਸੋਮ ਨਾਥ ਅਰੋੜਾ, ਗੁਰਚਰਨ ਸਿੰਘ ਮਾਨ ਤੇ ਤਰਸੇਮ ਨਰੂਲਾ ਨੇ ਦੱਸਿਆ ਕਿ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਨਾਲ ਸਬੰਧਤ ਸਮੂਹ ਜਥੇਬੰਦੀਆਂ ਦੇ ਮੁਲਾਜ਼ਮ, ਪੈਨਸ਼ਨਰ ਤੇ ਆਸ਼ਾ ਵਰਕਰਾਂ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਰਾਮੇਆਣਾ ਵਿਖੇ ਸਵੇਰੇ ਠੀਕ 9-30 ਵਜੇ ਇਕੱਠੇ ਹੋ ਕੇ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੇ ਪਿੰਡ ਮੱਲਣ, ਦੋਦਾ, ਕੋਟਭਾਈ, ਛੱਤੇਆਣਾ, ਭਾਰੂ ਵਿੱਚੋਂ ਦੀ ਝੰਡਾ ਮਾਰਚ ਕਰਦੇ ਹੋਏ ਭਗਵੰਤ ਮਾਨ ਸਰਕਾਰ ਤੇ ਮਨਪ੍ਰੀਤ ਸਿੰਘ ਬਾਦਲ ਦਾ ਲੋਕ ਵਿਰੋਧੀ ਚਿਹਰਾ ਲੋਕਾਂ ਵਿੱਚ ਨੰਗਾ ਕਰਦੇ ਹੋਏ ਕਪਾਹ ਮੰਡੀ ਗਿੱਦੜਬਾਹਾ ਵਿਖੇ ਪਹੁੰਚਣਗੇ।ਆਗੂਆਂ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੇ ਪਿਛਲੇ ਪੌਣੇ ਤਿੰਨ ਸਾਲਾਂ ਦੇ ਰਾਜ ਭਾਗ ਦੌਰਾਨ ਅਪਣਾਈਆਂ ਨੀਤੀਆਂ ਕਾਰਨ, ਝੂਠੀ ਇਸ਼ਤਿਹਾਰਬਾਜ਼ੀ ਦੇ ਨਾਂਅ 'ਤੇ ਕਰੋੜਾਂ ਰੁਪਏ ਖਰਚ ਕਰਨ ਕਾਰਨ ਤੇ ਹੋਰਨਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਕੀਤੇ ਜਾ ਰਹੇ ਨਜਾਇਜ਼ ਖਰਚਿਆਂ ਕਾਰਨ ਪੰਜਾਬ ਸਿਰ ਹਜ਼ਾਰਾਂ ਕਰੋੜ ਰੁਪਏ ਦੇ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ ਤੇ ਖਜ਼ਾਨੇ ਦੀ ਹਾਲਤ ਦਿਨੋ ਦਿਨ ਨਿੱਘਰਦੀ ਜਾ ਰਹੀ ਹੈ।



## ਕਿਸਾਨ ਲੀਡਰਾਂ ਦੇ ਨਾਲ ਭਾਜਪਾ ਆਪਣੇ ਲੀਡਰਾਂ ਦੀ ਜਾਇਦਾਦ ਦੀ ਵੀ ਕਰਾਵੇ ਜਾਂਚ : ਲੌਂਗੋਵਾਲ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਿਸਾਨ ਆਗੂਆਂ ਦੀ ਜਾਇਦਾਦ ਦੀ ਜਦੋਂ ਮਰਜ਼ੀ ਜਾਂਚ ਕਰਵਾ ਲਓ, ਕੋਈ ਪ੍ਰਵਾਹ ਨਹੀਂ ਕਿਉਂਕਿ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚੋਂ ਕਰਜ਼ੇ ਦੇ ਬੋਝ ਹੀ ਮਿਲਣੇ ਹਨ, ਪਰ ਨਾਲ ਹੀ ਰੇਲ ਰਾਜ ਮੰਤਰੀ ਨੂੰ ਚਾਹੀਦਾ ਹੈ ਕਿ ਉਹ ਭਾਜਪਾ ਦੇ ਲੀਡਰਾਂ ਤੇ ਆਪਣੀ ਵੀ ਜਾਂਚ ਕਰਾਉਣ ਕਿਉਂਕਿ 20 ਸਾਲ ਪਹਿਲਾਂ ਤੁਹਾਡੇ ਕੋਲੇ ਕੀ ਸੀ ਤੇ ਹੁਣ ਕੀ ਹੈ ਇਹ ਵੀ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਕਿਹਾ ਕਿ ਇਹ ਉਹੀ ਬਿੱਟੂ ਜਦੋਂ ਕਾਂਗਰਸ ਵਿੱਚ ਸੀ ਤਾਂ ਕਿਸਾਨੀ ਬਿੱਲਾਂ ਦੇ ਵਿਰੋਧ ਵਿੱਚ ਜੰਤਰ-ਮੰਤਰ 'ਤੇ ਧਰਨਾ ਲਾ ਕੇ ਬੈਠਾ ਸੀ, ਹੁਣ ਜਦੋਂ ਭਾਜਪਾ ਵਿੱਚ ਸ਼ਾਮਲ ਹੋ ਗਿਆ ਤਾਂ ਹੁਣ ਭਾਜਪਾ ਦੀ ਬੋਲੀ ਬੋਲਦਾ ਹੈ, ਜਿਸ ਕਰਕੇ ਕਿਸਾਨਾਂ ਨੂੰ ਨਿਸ਼ਾਨੇ 'ਤੇ ਲੈ ਕੇ ਕਿਸਾਨ ਆਗੂਆਂ ਦੀ ਜ਼ਮੀਨ ਜਾਇਦਾਦ ਦੀ ਜਾਂਚ ਕਰਾਉਣ ਦੀਆਂ ਗੱਲਾਂ ਕਰਦਾ ਹੈ, ਪਰ ਕਿਸਾਨਾਂ ਨੂੰ ਕੋਈ ਪ੍ਰਵਾਹ ਨਹੀਂ। ਜਦੋਂ ਮਰਜ਼ੀ ਜਾਂਚ ਕਰਾ ਲਵੋ। ਜੇਕਰ ਉਸ ਜਾਂਚ ਵਿੱਚ ਕਿਸਾਨਾਂ ਦੇ ਖਿਲਾਫ ਕੁਝ ਵੀ ਨਾ ਮਿਲਿਆ ਤਾਂ ਫਿਰ ਰਵਨੀਤ ਬਿੱਟੂ ਜਨਤਕ ਤੌਰ 'ਤੇ ਮਾਫੀ ਮੰਗਣ।ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਭਾਜਪਾ ਨੂੰ ਨਿਸ਼ਾਨੇ 'ਤੇ ਲੈਂਦੇ ਹੋਏ ਕਿਹਾ ਕਿ ਰਵਨੀਤ ਬਿੱਟੂ ਦੇ ਬਿਆਨ ਨਾਲ ਇੱਕ ਵਾਰ ਫਿਰ ਭਾਜਪਾ ਦਾ ਕਿਸਾਨ ਵਿਰੋਧੀ ਮਖੌਟਾ ਸਾਹਮਣੇ ਆਉਂਦਾ ਹੈ, ਕਿਉਂਕਿ ਕਾਲੇ ਬਿੱਲ ਲਿਆਉਣ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਨੂੰ ਖੱਜਲ ਖੁਆਰ ਕਰਨ ਤੋਂ ਸਿਵਾਏ ਭਾਜਪਾ ਲੀਡਰਾਂ ਨੇ ਕੁਝ ਵੀ ਨਹੀਂ ਕੀਤਾ, ਜਿਸ ਕਰਕੇ ਕਿਸਾਨਾਂ ਨੂੰ ਮਜਬੂਰਨ ਇਨ੍ਹਾਂ ਲੀਡਰਾਂ ਦੇ ਘਿਰਾਓ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ।



## ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਮਹੀਨਾਵਾਰ ਇਕੱਤਰਤਾ ਹੋਈ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬੀ ਲਿਖਾਰੀ ਸਭਾ ਮਕਸੂਦੜਾ ਦੀ ਮਹੀਨਾਵਾਰ ਇਕੱਤਰਤਾ ਸਭਾ ਦੇ ਪ੍ਰਧਾਨ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਇਲਾਕੇ ਦੇ ਪ੍ਰਸਿੱਧ ਸਾਹਿਤਕਾਰ ਹਾਜ਼ਰ ਹੋਏ।ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਪ੍ਰਸਿੱਧ ਤਰਕਸ਼ੀਲ ਲੇਖਕ ਜਗਦੇਵ ਮਕਸੂਦੜਾ ਨੇ ਦੋਹੇ ਸੁਣਾ ਕੇ ਕੀਤੀ।ਫਿਰ ਰਾਮ ਸਿੰਘ ਭੀਖੀ ਨੇ ਦੋਹੇ, ਮੁਕੰਦ ਸਿੰਘ ਨਿਗਾਹੀ ਦਧਾਲ ਨੇ ਗੀਤ 'ਰਾਜ ਕਰਨਗੇ ਪੂਰਬੀਏ', ਭੋਲੂ ਧੌਲਮਾਜਰਾ ਨੇ ਗੀਤ 'ਧੱਕੇ ਨਾਲ ਖੜਾਉਂਦੇ ਨੇ', ਹਰਮਨ ਕੌਲ ਨੇ ਕਵਿਤਾ, 'ਜੀਭ ਦਾ ਮਾਨਵੀਕਰਨ', ਦਵਿੰਦਰ ਸਿੰਘ ਧੌਲਮਾਜਰਾ ਨੇ ਗੀਤ 'ਨਾ ਫੁੱਲ ਬਣੀ, ਨਾ ਕਲੀ ਰਹੀ', ਜਗਦੇਵ ਸਿੰਘ ਘੁੰਗਰਾਲੀ ਨੇ ਗੀਤ 'ਸਾਨੂੰ ਰੋਕ ਨਾ ਨੀ ਮਾਏ', ਦਲਵਿੰਦਰ ਸੋਨੀ ਗਿਦੜੀ ਨੇ ਗੀਤ 'ਗੱਲ ਸਾਰੇ ਸੰਸਾਰ ਦੀ ਏ', ਪ੍ਰੀਤ ਸਿੰਘ ਸੰਦਲ ਨੇ ਗੀਤ 'ਕਰਾਂਗੇ ਇਜ਼ਹਾਰ' ਤੇ ਬਲਿਹਾਰ ਸਿੰਘ ਗੋਬਿੰਦਗੜ੍ਹੀਆ ਨੇ ਗੀਤ 'ਗੁਰੂ ਨਾਨਕ ਨੂੰ ਕੌੜਾ ਕਹਿੰਦਾ' ਸੁਣਾਇਆ।ਸਾਰੀਆਂ ਰਚਨਾਵਾਂ ਹੀ ਗੰਭੀਰ ਸਨ।ਇਨ੍ਹਾਂ ਰਚਨਾਵਾਂ ਉੱਪਰ ਉਸਾਰੂ ਤੇ ਸਾਰਥਿਕ ਵਿਚਾਰ ਚਰਚਾ ਕੀਤੀ ਗਈ।ਮੰਚ ਸੰਚਾਲਨ ਕਰਦਿਆਂ ਪ੍ਰੀਤ ਸਿੰਘ ਸੰਦਲ ਨੇ ਦੱਸਿਆ ਕਿ ਸਭਾ ਵੱਲੋਂ ਪਹਿਲਾਂ ਦੀ ਤਰ੍ਹਾਂ ਹੀ ਪ੍ਰੋਗਰਾਮ 'ਮੇਰੀ ਗੱਲ' ਦੁਬਾਰਾ ਸ਼ੁਰੂ ਕੀਤਾ ਜਾਵੇਗਾ।

## ਬਰਨਾਲਾ ਮਾਰਚ ਲਈ ਪੈਨਸ਼ਨਰਾਂ ਦਾ ਜਥਾ ਰਵਾਨਾ



**ਧੂਰੀ (ਸੁਖਦੇਵ ਧੂਰੀ)**-ਬਰਨਾਲਾ ਜ਼ਿਮਨੀ ਚੋਣ ਮੌਕੇ ਸਰਕਾਰ ਦਾ ਡਟਵਾਂ ਵਿਰੋਧ ਕਰਨ ਲਈ ਸੂਬਾ ਪੱਧਰੀ ਪ੍ਰੋਗਰਾਮ ਦੀ ਲੜੀ ਵਜੋਂ ਧੂਰੀ ਤੋਂ ਪੈਨਸ਼ਨਰਾਂ ਦਾ ਇੱਕ ਜੱਥਾ ਰਵਾਨਾ ਹੋਇਆ।ਜੱਥੇ ਨੂੰ ਰਵਾਨਾ ਕਰਦੇ ਹੋਏ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਰਜਿ: ਦੇ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ ਨੇ ਕਿਹਾ ਕਿ ਸਰਕਾਰ ਬਨਣ ਤੋਂ ਹੀ ਭਗਵੰਤ ਮਾਨ ਸਰਕਾਰ ਪੈਨਸ਼ਨਰਾਂ ਦੀ ਕੋਈ ਵੀ ਮੰਗ ਪੂਰੀ ਨਹੀਂ ਕਰ ਰਹੀ ਹੈ।ਇਸ ਦੇ ਰੋਸ ਵਜੋਂ ਸਮੁੱਚੇ ਪੈਨਸ਼ਨਰ ਜ਼ਿਮਨੀ ਚੋਣਾਂ ਮੌਕੇ ਸਰਕਾਰ ਨੂੰ ਘੇਰਨ ਦੇ ਰੌਂਅ ਵਿੱਚ ਦਿਖਾਈ ਦੇ ਰਹੇ ਹਨ।ਪੈਨਸ਼ਨਰਾਂ ਵਿੱਚ ਇਸ ਗੱਲ ਦਾ ਵੀ ਭਾਰੀ ਰੋਸ ਹੈ ਕਿ ਸਰਕਾਰ ਮੀਟਿੰਗਾਂ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ ਤੇ ਪੈਨਸ਼ਨਰਜ਼ ਦੇ ਜਾਇਜ਼ ਮਸਲੇ ਵੀ ਹੱਲ ਨਹੀਂ ਕਰ ਰਹੀ, ਸਗੋਂ ਟਾਲ ਮਟੋਲ ਦੀ ਨੀਤੀ ਅਪਨਾ ਕੇ ਮਸਲਿਆਂ ਦਾ ਕੋਈ ਢੁੱਕਵਾਂ ਹੱਲ ਨਹੀਂ ਕਰ ਰਹੀ ਹੈ।

## ਪ੍ਰਧਾਨ ਮੰਤਰੀ ਵੱਲੋਂ ਗਰੀਬ ਤੇ ਪੱਛੜੇ ਵਰਗਾਂ ਲਈ ਬਣਾਈਆਂ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਲੋਕਾਂ ਨੂੰ ਮਿਲ ਰਿਹੈ : ਡਾ. ਸੀਮਾਂਤ ਗਰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਗਰੀਬ ਤੇ ਪੱਛੜੇ ਵਰਗਾਂ ਲਈ ਬਣਾਈਆਂ ਜਾ ਰਹੀਆਂ ਸਕੀਮਾਂ ਦਾ ਲਾਭ ਲੈ ਕੇ ਲੋਕ ਹੇਠਲੇ ਪੱਧਰ 'ਤੇ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ, ਜਿਸ ਕਾਰਨ ਪੰਜਾਬ ਵਿੱਚ ਭਾਜਪਾ ਮਜ਼ਬੂਤ ਹੁੰਦੀ ਜਾ ਰਹੀ ਹੈ। ਉਪਰੋਕਤ ਵਿਚਾਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ: ਸੀਮਾਂਤ ਗਰਗ ਸਾਬਕਾ ਐੱਸ. ਸੀ. ਮੋਰਚੇ ਦੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ, ਮੋਗਾ ਤੇ ਮੀਹਣਾ ਦੇ ਪਿੰਡਾਂ ਤੋਂ ਪਾਰਟੀ ਵਿੱਚ ਸ਼ਾਮਲ ਹੋਏ ਲੋਕਾਂ ਨੂੰ ਧਰਮਪਾਲ ਸਿੰਘ ਮੋਗਾ, ਨਛੱਤਰ ਸਿੰਘ ਧਾਲੀਵਾਲ ਪਿੰਡ ਮੀਹਣਾ, ਗੁਰਪ੍ਰਕਾਸ਼ ਗਿੱਲ ਮੀਹਣਾ, ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਜੀਤ ਸਿੰਘ, ਰਾਮ ਪ੍ਰਕਾਸ਼, ਵਿਨੋਦ ਸ਼ਰਮਾ ਨੇ ਸਿਰੋਪਾਓ ਦੇ ਕੇ ਜੀ ਆਇਆਂ ਆਖਿਆ। ਇਸ ਮੌਕੇ ਭਾਜਪਾ ਦੇ ਜਨਰਲ ਸਕੱਤਰ ਤੇ ਸਾਬਕਾ ਐੱਸ.ਪੀ. ਮੁਖਤਿਆਰ ਸਿੰਘ, ਭਾਜਪਾ ਪ੍ਰਵਾਸੀ ਸੈੱਲ ਦੇ ਇੰਚਾਰਜ ਵਿਜੇ ਮਿਸ਼ਰਾ, ਜਤਿੰਦਰ ਚੱਢਾ, ਕੇਵਲ ਸਿੰਘ ਢਿੱਲੋਂ ਸਾਬਕਾ ਸੰਸਦ ਮੈਂਬਰ, ਰਜਿੰਦਰ ਗਾਬਾ, ਕਮਲ ਘਾਰੂ, ਹੇਮੰਤ ਸੂਦ ਆਦਿ ਹਾਜ਼ਰ ਸਨ।

ਡਾ. ਸੀਮੰਤ ਗਰਗ ਨੇ ਭਾਜਪਾ ਵਿੱਚ ਆਏ ਲੋਕਾਂ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 2014 ਵਿੱਚ ਸੱਤਾ ਸੰਭਾਲਣ ਤੋਂ ਲੈ ਕੇ ਅੱਜ ਤੱਕ ਦੇਸ਼ ਦੇ ਗ਼ਰੀਬ, ਪੱਛੜੇ ਤੇ ਸਾਰੇ ਵਰਗਾਂ ਲਈ ਸਕੀਮਾਂ ਬਣਾਈਆਂ ਹਨ ਅਤੇ ਉਨ੍ਹਾਂ ਦਾ ਲਾਭ ਲੋਕਾਂ ਤੱਕ ਜ਼ਮੀਨੀ ਪੱਧਰ 'ਤੇ ਪਹੁੰਚਾਇਆ ਜਾ ਰਿਹਾ ਹੈ। ਅੱਜ ਦੇਸ਼ ਭਰ ਦੇ ਜ਼ਿਆਦਾਤਰ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਭਾਜਪਾ ਨੂੰ ਮਜ਼ਬੂਤ ਕਰ ਰਹੇ ਹਨ, ਜਿਸ ਕਾਰਨ ਭਾਜਪਾ ਅੱਜ ਭਾਰਤ ਦੀ ਹੀ ਨਹੀਂ, ਸਗੋਂ ਪੂਰੀ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਬਣ ਗਈ ਹੈ। ਉਨ੍ਹਾਂ ਕਿਹਾ ਕਿ ਅੱਜ ਕੇਂਦਰ ਸਰਕਾਰ ਦੀਆਂ ਕਈ ਸਕੀਮਾਂ ਦਾ ਲਾਭ ਵਿਰੋਧੀ ਪਾਰਟੀ ਸੱਤਾ ਵਿੱਚ ਹੋਣ ਕਾਰਨ ਪੰਜਾਬ ਨੂੰ ਨਹੀਂ ਮਿਲ ਰਿਹਾ, ਜਿਸ ਕਾਰਨ ਲੋਕ ਕੇਂਦਰ ਸਰਕਾਰ ਦੀਆਂ ਕਈ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਯੂਸ਼ਮਾਨ ਸਕੀਮ, ਜਿਸ ਤਹਿਤ ਕੇਂਦਰ ਸਰਕਾਰ ਦੀ ਮਦਦ ਨਾਲ ਗਰੀਬ ਲੋਕਾਂ ਨੂੰ ਹਰ ਸਾਲ 5 ਲੱਖ ਰੁਪਏ ਦਾ ਮੁਫ਼ਤ ਇਲਾਜ ਮਿਲਦਾ ਸੀ, ਉਹ ਵੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਬੰਦ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੱਚੇ ਪੱਕੇ ਮਕਾਨ ਬਣਾਉਣ ਲਈ ਆਰਥਿਕ ਸਹਾਇਤਾ ਦਾ ਲਾਭ ਗਰੀਬ ਲੋਕਾਂ ਨੂੰ ਪੂਰੀ ਤਰ੍ਹਾਂ ਨਹੀਂ ਮਿਲ ਰਿਹਾ।

ਇਸ ਤੋਂ ਇਲਾਵਾ ਸਵੈ-ਸਹਾਇਤਾ ਗਰੁੱਪਾਂ ਵੱਲੋਂ ਔਰਤਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਤੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਲਈ ਕਈ ਤਰ੍ਹਾਂ ਦੇ ਲਾਭ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਰਕਰਾਂ ਨੂੰ ਵੱਧ ਤੋਂ ਵੱਧ ਲੋਕਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਕੀਮਾਂ ਤੋਂ ਜਾਣੂ ਕਰਵਾ ਕੇ ਭਾਜਪਾ ਨਾਲ ਜੋੜਨਾ ਚਾਹੀਦਾ ਹੈ।



## ਸ੍ਰੀ ਬਾਲਾਜੀ ਤੇ ਸ੍ਰੀ ਸ਼ਿਆਮ ਮਹਾਂਉਤਸਵ ਦੇ ਸੰਬੰਧ 'ਚ ਸ਼ੋਭਾ ਯਾਤਰਾ ਅੱਜ

**ਨਾਭਾ (ਵਰਿੰਦਰ ਵਰਮਾ)**-12 ਨਵੰਬਰ ਨੂੰ ਪੁਰਾਣਾ ਹਾਈ ਕੋਰਟ ਗਰਾਊਂਡ ਵਿਖੇ ਹੋਣ ਵਾਲੇ ਸ੍ਰੀ ਬਾਲਾਜੀ ਤੇ ਸ੍ਰੀ ਸ਼ਿਆਮ ਮਹਾਂਉਤਸਵ ਦੇ ਸੰਬੰਧ ਵਿੱਚ ਸ੍ਰੀ ਸ਼ਿਆਮ ਪਰਿਵਾਰ ਸੰਘ ਵੱਲੋਂ ਸ਼ਹਿਰ ਵਿੱਚ 11 ਨਵੰਬਰ ਨੂੰ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ, ਜੋ ਸ੍ਰੀ ਸ਼ਿਵ ਮੰਦਿਰ ਡੇਰਾ ਮੋਤੀਪੁਰਾ ਤੋਂ ਸ੍ਰੀ ਬਾਲਾਜੀ ਤੇ ਸ੍ਰੀ ਸ਼ਿਆਮ ਬਾਬਾ ਜੀ ਦੇ ਰੱਥ ਦੇ ਨਾਲ ਠੀਕ 3 ਵਜੇ ਸ਼ੁਰੂ ਹੋ ਕੇ ਦੇਵੀ ਦੀਵਾਲਾ ਚੌਕ, ਸਦਰ ਬਾਜ਼ਾਰ, ਭੀਖੀ ਮੋੜ, ਪਾਂਡੂਸਰ ਮੁਹੱਲਾ ਹੁੰਦੇ ਹੋਏ ਪੁਰਾਣਾ ਹਾਈ ਕੋਰਟ ਗਰਾਊਂਡ ਵਿਖੇ ਸੰਪੰਨ ਹੋਵੇਗੀ।ਸ਼ੋਭਾ ਯਾਤਰਾ ਵਿੱਚ ਆਤਿਸ਼ਬਾਜ਼ੀ, ਰੰਗੋਲੀ, ਟਿੱਪਰੀ, ਸੰਕੀਰਤਨ ਮੰਡਲ ਤੇ ਮੁੰਬਈ ਦੇ ਕਲਾਕਾਰਾਂ ਵੱਲੋਂ ਸੁੰਦਰ ਝਾਂਕੀਆਂ ਵਿਸ਼ੇਸ਼ ਆਕਰਸ਼ਣ ਰਹਿਣਗੀਆਂ। ਇਸ ਯਾਤਰਾ ਵਿੱਚ ਲਗਭਗ 3100 ਭਗਤ ਬਾਲਾਜੀ ਤੇ ਸ਼ਿਆਮ ਬਾਬਾ ਜੀ ਦੇ ਨਿਸ਼ਾਨਾਂ ਨਾਲ ਸ਼ਾਮਲ ਹੋਣਗੇ।

ਯਾਤਰਾ ਵਿੱਚ ਸ੍ਰੀ ਅਰੁਨਾਏ ਧਾਮ ਤੋਂ ਸਵਾਮੀ ਵਿਸ਼ਵਨਾਥ ਗਿਰੀ ਜੀ ਤੋਂ ਇਲਾਵਾ ਹੋਰ ਸੰਤ ਸਮਾਜ ਵੀ ਆਪਣਾ ਅਸ਼ੀਰਵਾਦ ਦੇਣ ਲਈ ਪੁੱਜਣਗੇ।ਸ਼ੋਭਾ ਯਾਤਰਾ ਵਿੱਚ ਸ਼ਾਮਲ ਸਾਰੀ ਸੰਗਤ ਲਈ ਸ਼ੁਰੂਆਤ ਵਿੱਚ ਸ੍ਰੀ ਸ਼ਿਵ ਮੰਦਿਰ ਡੇਰਾ ਮੋਤੀ ਪੁਰਾ ਵੱਲੋਂ ਭੰਡਾਰੇ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਯਾਤਰਾ ਦੇ ਸਮਾਪਨ ਤੇ ਸ੍ਰੀ ਨੈਣਾ ਦੇਵੀ ਮੰਦਿਰ ਕਮੇਟੀ ਵੱਲੋਂ ਭੋਜਾ ਰਾਮ ਧਰਮਸ਼ਾਲਾ ਵਿਖੇ ਭੰਡਾਰੇ ਦਾ ਪ੍ਰਬੰਧ ਕੀਤਾ ਜਾਵੇਗਾ।ਯਾਤਰਾ ਦੇ ਰੂਟ ਨੂੰ ਰੰਗ-ਬਿਰੰਗੀਆਂ ਲਾਈਟਾਂ ਤੇ ਝੰਡਿਆਂ ਨਾਲ ਸਜਾਇਆ ਜਾ ਰਿਹਾ ਹੈ।ਯਾਤਰਾ ਵਿੱਚ ਨਾਭਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ ਅਤੇ ਪੰਜਾਬ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਨਗਰ ਕੌਂਸਲ ਪ੍ਰਧਾਨ ਸੁਜਾਤਾ ਚਾਵਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਨ੍ਹਾਂ ਤੋਂ ਇਲਾਵਾ ਅਮਨ ਗੁਪਤਾ ਪ੍ਰਧਾਨ ਗਊਸ਼ਾਲਾ ਕਮੇਟੀ, ਅਸ਼ੋਕ ਕੁਮਾਰ ਬਾਂਸਲ ਚੇਅਰਮੈਨ ਅਗਰਵਾਲ ਸਭਾ, ਰਾਜੇਸ਼ ਬਾਂਸਲ ਬੱਬੂ ਮੀਤ ਪ੍ਰਧਾਨ ਪੰਜਾਬ ਵਪਾਰ ਮੰਡਲ, ਰਾਜੇਸ਼ ਕੁਮਾਰ ਨੀਟੂ ਪ੍ਰਧਾਨ ਸਨਾਤਨ ਧਰਮ ਸਭਾ, ਰਾਹੁਲ ਗਰਗ, ਰਾਹੁਲ ਸਿੰਗਲਾ, ਰਾਜ ਕੁਮਾਰ ਗਰਗ, ਦੀਪਾਂਸ਼ੂ ਗਰਗ ਮੁੱਖ ਯਜਮਾਨ ਰਹਿਣਗੇ।ਸ਼ੋਭਾ ਯਾਤਰਾ ਤੇ ਮਹਾਉਤਸਵ ਲਈ ਸ਼ਹਿਰ ਦੀਆਂ ਸਾਰੀਆਂ ਧਾਰਮਿਕ, ਰਾਜਨੀਤਕ, ਵਪਾਰਕ ਤੇ ਸਮਾਜਿਕ ਸੰਸਥਾਵਾਂ ਵੱਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਯਾਤਰਾ ਦੇ ਰੂਟ ਤੇ ਦੁਕਾਨਦਾਰਾਂ ਵੱਲੋਂ ਸਟਾਲਾਂ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ।



11-Nov-PAGE-8.qxd 11/10/2024 8:30 PM Page 1



# ਲਾਇਲਪੁਰ ਖ਼ਾਲਸਾ ਕਾਲਜ 'ਚ ਸਾਲਾਨਾ ਡਿਗਰੀ ਵੰਡ ਸਮਾਗਮ ਕਰਵਾਇਆ




**ਜਲੰਧਰ (ਸ਼ੈਲੀ ਐਲਬਰਟ)** ਅਕਾਦਮਿਕ, ਖੋਜ, ਸਾਹਿਤਕ, ਖੇਡਾਂ ਅਤੇ ਕਲਚਰਲ ਖੇਤਰ ਵਿੱਚ ਇੱਕ ਵੱਖਰੀ ਪਛਾਣ ਬਣਾ ਚੁੱਕੇ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਖੇ ਸਾਲਾਨਾ ਡਿਗਰੀ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿਚ ਸੈਸ਼ਨ 2020-21, 2021-22 ਅਤੇ 2022-23 ਦੇ 650 ਗਰੈਜੂਏਟ ਅਤੇ ਪੋਸਟ ਗਰੈਜੂਏਟ ਵਿਦਿਆਰਥੀਆਂ ਨੇ ਡਿਗਰੀ ਪ੍ਰਾਪਤ ਕੀਤੀ। ਇਸ ਡਿਗਰੀ ਵੰਡ ਸਮਾਗਮ ਵਿੱਚ ਪ੍ਰੋਫੈਸਰ (ਡਾ.) ਹਰਪ੍ਰੀਤ ਸਿੰਘ, ਮਕੈਨੀਕਲ ਇੰਜੀਨੀਅਰਿੰਗ ਵਿਭਾਗ, ਇੰਡੀਅਨ ਇਸਟੀਟਿਊਟ ਆਫ ਟੈਕਨੋਲੋਜੀ, ਰੋਪੜ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਗਵਰਨਿੰਗ ਕੌਂਸਲ ਦੇ ਪ੍ਰਧਾਨ ਸਰਦਾਰਨੀ ਬਲਬੀਰ ਕੌਰ, ਸੰਯੁਕਤ ਸਕੱਤਰ ਜਸਪਾਲ ਸਿੰਘ ਵੜੈਚ, ਮੈਂਬਰ ਕਮੇਟੀ ਸ੍ਰੀਮਤੀ ਸੁਖਰਾਜ ਕੌਰ ਸੰਧੂ ਅਤੇ ਪ੍ਰਭਪਾਲ ਸਿੰਘ ਪੰਨੂ ਅਤੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਮੁੱਖ ਮਹਿਮਾਨ ਨੂੰ ਗੁਲਦਸਤੇ ਦੇ ਕੇ ਸਵਾਗਤ ਕੀਤਾ। ਉਹਨਾਂ ਲਈ ਸੁਆਗਤੀ ਸ਼ਬਦ ਬੋਲਦਿਆਂ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਕਿਹਾ ਕਿ ਅੱਜ ਦੇ ਵਿਗਿਆਨ ਤੇ ਟੈਕਨੋਲੋਜੀ ਦੇ ਮੁਕਾਬਲੇ ਦੇ ਯੁੱਗ ਵਿਚ ਪ੍ਰਤਿਭਾਵਾਨ ਵਿਦਿਆਰਥੀਆਂ ਦਾ ਮੁੱਲ ਪੈਂਦਾ ਹੈ।ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਇੰਨੇ ਪ੍ਰਤਿਭਾਵਾਨ ਹਨ ਕਿ ਉਹ ਹਰ ਖੇਤਰ ਵਿਚ ਆਪਣੀ ਵਿਸ਼ੇਸ਼ ਪਛਾਣ ਬਣਾ ਰਹੇ ਹਨ। ਉਨ੍ਹਾਂ ਕਾਲਜ ਦੇ ਗੌਰਵਸ਼ਾਲੀ ਇਤਿਹਾਸ 'ਤੇ ਸੰਖੇਪ ਝਾਤ ਪੁਆਈ ਤੇ ਇਹ ਦੱਸਿਆ ਕਿ ਸਾਡੇ ਕਾਲਜ ਦੇ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਕਾਦਮਿਕ, ਕਲਚਰਲ ਅਤੇ ਖੇਡਾਂ ਦੇ ਖੇਤਰ ਵਿਚ ਉੱਚ ਪ੍ਰਾਪਤੀਆਂ ਕਰਦੇ ਹਨ। ਮੁੱਖ ਮਹਿਮਾਨ ਨੇ ਆਪਣੇ ਭਾਸ਼ਨ ਵਿਚ ਬੋਲਦਿਆਂ ਕਿਹਾ ਕਿ ਅੱਜ ਦੇ ਮੁਕਾਬਲੇ ਵਾਲੇ ਯੁੱਗ ਵਿਚ ਵਿਦਿਆਰਥੀਆਂ ਨੂੰ ਸਖਤ ਮਿਹਨਤ ਦੇ ਨਾਲ-ਨਾਲ ਗੁਣਾਤਮਿਕ ਗਿਆਨ 'ਤੇ ਵੀ ਧਿਆਨ ਦੇਣ ਦੀ ਜ਼ਰੂਰਤ ਹੈ।ਸਿੱਖਿਆ ਦੇ ਖੇਤਰ ਅੰਦਰ ਨਵੀਆਂ ਵੰਗਾਰਾਂ ਦਾ ਵਰਨਣ ਕਰਦਿਆਂ ਵਿਦਿਆਰਥੀਆਂ ਨੂੰ ਇਸ ਦੇ ਮੁਤਾਬਕ ਆਪਣੇ ਆਪ ਨੂੰ ਤਿਆਰ ਕਰਨ ਲਈ ਸਲਾਹ ਦਿੱਤੀ। ਉਨ੍ਹਾਂ ਗਲੋਬਲ ਵਾਰਮਿੰਗ ਬਾਰੇ ਚਿੰਤਾ ਜ਼ਾਹਰ ਕੀਤੀ ਅਤੇ ਹੋਰ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਨੌਜਵਾਨਾਂ ਨੂੰ ਇਨ੍ਹਾਂ ਸਮੱਸਿਆਵਾਂ ਲਈ ਸੁਚੇਤ ਹੋਣ ਅਤੇ ਇਨ੍ਹਾਂ 'ਤੇ ਕੰਟਰੋਲ ਕਰਨ ਲਈ ਸਵੈ ਪਹਿਲ ਕਰਨ ਦਾ ਸੰਦੇਸ਼ ਦਿੱਤਾ। ਅੰਤ ਵਿਚ ਪ੍ਰੋ. ਜਸਰੀਨ ਕੌਰ, ਵਾਈਸ-ਪ੍ਰਿੰਸੀਪਲ ਨੇ ਆਏ ਹੋਏ ਮਹਿਮਾਨਾਂ, ਸਮੁੱਚੀ ਗਵਰਨਿੰਗ ਕੌਂਸਲ, ਪ੍ਰਿੰਸੀਪਲ, ਪ੍ਰੋ. ਨਵਦੀਪ ਕੌਰ, ਰਜਿਸਟਰਾਰ, ਡਾ. ਹਰਜੀਤ ਸਿੰਘ, ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਮੰਚ ਸੰਚਾਲਨ ਡਾ. ਉਪਮਾ ਅਰੋੜਾ ਅਤੇ ਡਾ. ਦਲਜੀਤ ਕੌਰ ਨੇ ਬਾਖ਼ੂਬੀ ਕੀਤਾ।ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਸਾਹਿਬਾਨ ਤੋਂ ਇਲਾਵਾ ਸਮੂਹ ਅਧਿਆਪਕ ਸਾਹਿਬਾਨ ਮੌਜੂਦ ਸਨ।

# ਵਿਧਾਨ ਸਭਾ ਹਲਕੇ 'ਚ ਵਿਰੋਧੀ ਪਾਰਟੀਆਂ ਦਾ ਕੋਈ ਜਨ ਆਧਾਰ ਨਹੀਂ : ਮੈਡਮ ਸੋਨੀਆ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਬੀਰ ਸੈਣੀ)**-ਸੀਨੀਅਰ ਆਗੂ ਮੈਡਮ ਸੋਨੀਆ ਨੇ ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਹੋਣ ਵਾਲੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ.ਇਸ਼ਾਂਕ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ। ਉਨ੍ਹਾਂ ਸਥਾਨਕ ਲੋਕਾਂ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਇਸ ਦੇ ਵਿਕਾਸ ਏਜੰਡੇ ਨੂੰ ਅੱਗੇ ਰੱਖਿਆ। ਇਸ ਦੌਰਾਨ ਲੋਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ, ਜੋ ਕਿ ਆਮ ਆਦਮੀ ਪਾਰਟੀ ਪ੍ਰਤੀ ਵਧ ਰਹੇ ਸਮਰਥਨ ਦਾ ਸੰਕੇਤ ਹੈ।ਮੈਡਮ ਸੋਨੀਆ ਨੇ ਆਪਣੇ ਸੰਬੋਧਨ 'ਚ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਵਿਧਾਨ ਸਭਾ ਹਲਕੇ 'ਚ ਉਨ੍ਹਾਂ ਦਾ ਕੋਈ ਜਨ ਆਧਾਰ ਨਹੀਂ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਚੱਬੇਵਾਲ ਦੇ ਲੋਕਾਂ ਨੂੰ ਅਜਿਹੀ ਪਾਰਟੀ ਦੀ ਲੋੜ ਹੈ ਜੋ ਉਨ੍ਹਾਂ ਦੇ ਹੱਕਾਂ ਅਤੇ ਵਿਕਾਸ ਲਈ ਦੁੱਗਣੀ ਰਫ਼ਤਾਰ ਨਾਲ ਕੰਮ ਕਰੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਵਿਕਾਸ ਦੇ ਕੰਮ ਕਰਕੇ ਸਾਬਤ ਕਰ ਦਿੱਤਾ ਹੈ ਕਿ ਕਿਵੇਂ ਜਨਤਾ ਦੀ ਸੇਵਾ ਕਰਨੀ ਹੈ ਅਤੇ ਚੱਬੇਵਾਲ ਵਿੱਚ ਵੀ ਇਹੀ ਨੀਤੀ ਅਪਣਾਈ ਜਾਵੇਗੀ।ਡਾ.ਇਸ਼ਾਂਕ ਨੇ ਵੀ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਉਦੇਸ਼ ਇਲਾਕੇ ਵਿੱਚ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨਾ ਹੈ। ਉਨ੍ਹਾਂ ਨੇ ਚੱਬੇਵਾਲ ਦੇ ਵਿਕਾਸ ਲਈ ਜਨਤਾ ਨੂੰ ਆਮ ਆਦਮੀ ਪਾਰਟੀ ਨੂੰ ਇੱਕ ਮੌਕਾ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਚੋਣ ਚੱਬੇਵਾਲ ਦੀ ਤਸਵੀਰ ਬਦਲ ਸਕਦੀ ਹੈ। ਆਮ ਆਦਮੀ ਪਾਰਟੀ ਦੇ ਹੱਕ ਵਿਚ ਚੱਲ ਰਹੀ ਇਸ ਮੁਹਿੰਮ ਨੇ ਹੁਣ ਜ਼ੋਰ ਫੜ ਲਿਆ ਹੈ ਅਤੇ ਇਸ ਦਾ ਅਸਰ ਉਪ ਚੋਣਾਂ ਦੇ ਨਤੀਜਿਆਂ 'ਤੇ ਵੀ ਸਾਫ਼ ਨਜ਼ਰ ਆ ਰਿਹਾ ਹੈ।

# ਪਰਾਲੀ ਨੂੰ ਅੱਗ ਲਾਏ ਬਿਨਾਂ ਖੇਤੀ ਕਰ ਰਿਹੈ ਤੇਹੰਗ ਦਾ ਬਲਪ੍ਰੀਤ ਸਿੰਘ

**ਜਲੰਧਰ (ਸੁਰਿੰਦਰ ਕੁਮਾਰ)**- ਬਲਾਕ ਫਿਲੌਰ ਦੇ ਪਿੰਡ ਤੇਹੰਗ ਦਾ ਅਗਾਂਹਵਧੂ ਕਿਸਾਨ ਬਲਪ੍ਰੀਤ ਸਿੰਘ, ਜੋ ਝੋਨੇ ਦੀ ਪਰਾਲੀ ਨੂੰ ਅੱਗ ਲਾਏ ਬਿਨਾਂ ਇਸ ਨੂੰ ਖੇਤਾਂ ਵਿੱਚ ਵਾਹ ਕੇ ਖੇਤੀ ਕਰ ਰਿਹਾ ਹੈ, ਹੋਰਨਾਂ ਕਿਸਾਨਾਂ ਲਈ ਮਿਸਾਲ ਸਾਬਤ ਹੋ ਰਿਹਾ ਹੈ।ਕਿਸਾਨ ਬਲਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਕੁਝ ਸਾਲਾਂ ਤੋਂ ਝੋਨੇ ਦੀ ਪਰਾਲੀ ਨੂੰ ਸਾੜੇ ਬਿਨਾਂ ਹੀ ਖੇਤੀ ਕਰ ਰਿਹਾ ਹੈ। ਉਸ ਨੇ ਦੱਸਿਆ ਕਿ 150 ਏਕੜ ਜ਼ਮੀਨ ਵਿੱਚ ਸੁਪਰ ਸੀਡਰ ਦੀ ਮਦਦ ਨਾਲ ਪਰਾਲੀ ਖੇਤ ਵਿੱਚ ਹੀ ਰਲਾ ਰਿਹਾ ਹੈ, ਜਿਸ ਨਾਲ ਨਾ ਸਿਰਫ਼ ਕਣਕ ਦੀ ਫ਼ਸਲ ਦੇ ਝਾੜ ਵਿੱਚ ਵਾਧਾ ਹੋਇਆ ਸਗੋਂ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵੀ ਸੁਧਾਰ ਹੋਇਆ ਹੈ।ਕਿਸਾਨ ਨੇ ਦੱਸਿਆ ਕਿ ਸੁਪਰ ਐਸ.ਐਮ.ਐਸ. ਲੱਗੀ ਕੰਬਾਈਨ ਨਾਲ ਝੋਨੇ ਦੀ ਵਾਢੀ ਉਪਰੰਤ ਸੁਪਰ ਸੀਡਰ ਨਾਲ ਕਣਕ ਦੀ ਬਿਜਾਈ ਆਸਾਨੀ ਨਾਲ ਹੋ ਜਾਂਦੀ ਹੈ। ਬਲਪ੍ਰੀਤ ਸਿੰਘ ਨੇ ਹੋਰਨਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਅੱਗ ਲਾਉਣ ਦੀ ਗਲਤੀ ਨਾ ਕਰਨ ਅਤੇ ਇਸ ਨੂੰ ਖੇਤ ਵਿੱਚ ਹੀ ਵਾਹੁਣ ਤਾਂ ਜੋ ਖੇਤੀ ਖ਼ਰਚੇ ਘਟ ਸਕਣ ਅਤੇ ਖੇਤ ਦੀ ਉਪਜਾਊ ਸ਼ਕਤੀ ਵੀ ਵਧ ਸਕੇ।ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਰਾਹੀਂ ਵਾਤਾਵਰਣ ਦੀ ਸੰਭਾਲ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਫ਼ਸਲ ਦੀ ਰਹਿੰਦ-ਖੂੰਹਦ ਸਾੜਨ ਨਾਲ ਜਿਥੇ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਬੁਰਾ ਅਸਰ ਪੈਂਦਾ ਹੈ ਉਥੇ ਵਾਤਾਵਰਣ ਪਲੀਤ ਹੋਣ ਨਾਲ ਮਨੁੱਖੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ। ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਕਈ ਵਾਰ ਹਾਦਸਿਆਂ ਦਾ ਵੀ ਕਾਰਨ ਬਣਦਾ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਪਰਾਲੀ ਪ੍ਰਬੰਧਨ ਵਿੱਚ ਕਿਸਾਨਾਂ ਦੀ ਮਦਦ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੈਲਪਲਾਈਨ ਨੰਬਰ 0181-2225005 ਵੀ ਜਾਰੀ ਕੀਤਾ ਗਿਆ ਹੈ, ਜਿਸ 'ਤੇ ਕਿਸਾਨ ਫ਼ਸਲ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਵਿੱਚ ਤਕਨੀਕੀ ਸਹਾਇਤਾ ਲਈ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਕਿਸਾਨਾਂ ਨੂੰ ਹਰ ਸੰਭਵ ਸਹਿਯੋਗ ਦੇਣ ਲਈ ਵਚਨਬੱਧ ਹੈ

# ਕਿਸਾਨਾਂ ਨੇ ਮੰਡੀਆਂ 'ਚ ਕੀਤਾ ਅਰਥੀ ਫੂਕ ਮੁਜ਼ਾਹਰਾ



**ਨੰਗਲ :** ਅੱਜ ਸਥਾਨਕ ਅਨਾਜ ਮੰਡੀ ਵਿੱਚ ਕਿਸਾਨਾਂ ਨੇ ਕੇਂਦਰ ਤੇ ਸੂਬਾ ਸਰਕਾਰ ਦੀ ਅਰਥੀ ਫੂਕੀ। ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਅੱਜ ਝੋਨੇ ਦੀ ਚੁਕਾਈ, ਖਰੀਦ, ਕਾਟ ਅਤੇ ਹੋਰ ਕਿਸਾਨੀ ਮੰਗਾਂ ਨੂੰ ਲੈ ਕੇ ਮੰਡੀਆਂ ਵਿੱਚ ਅੱਜ ਅਰਥੀ ਫੂਕ ਮੁਜ਼ਾਹਰੇ ਕਰਨ ਦੇ ਦਿੱਤੇ ਸੱਦੇ ਤਹਿਤ ਨੰਗਲ ਮੰਡੀ ਅਤੇ ਸਹਿਜੋਵਾਲ ਮੰਡੀ ਵਿੱਚ ਅਰਥੀ ਫੂਕੀ ਅਤੇ ਇਸ ਮੌਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਕਾਮਰੇਡ ਸੁਰਜੀਤ ਸਿੰਘ ਢੇਰ, ਗੁਰਨਾਮ ਸਿੰਘ ਔਲਖ, ਹਰੀ ਚੰਦ ਗੋਹਲਨੀ, ਦਵਿੰਦਰ ਨੰਗਲੀ, ਮਹਿੰਦਰ ਸਿੰਘ ਸੰਗਤਪੁਰ ਨੇ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣਾ ਪੈ ਰਿਹਾ ਹੈ। ਨੰਗਲ ਮੰਡੀ ਵਿੱਚ ਬਾਰਦਾਨੇ ਦੀ ਥੁੜ ਪਾਈ ਜਾ ਰਹੀ ਹੈ। ਜਿਸ ਦੇ ਕਾਰਨ ਮਜ਼ਦੂਰਾਂ ਨੂੰ ਭਾਰੀ ਆਰਥਿਕ ਮੰਦਹਾਲੀ ਵਿਚੋਂ ਗੁਜ਼ਰਨਾ ਪੈ ਰਿਹਾ ਹੈ। ਆੜ੍ਹਤੀ ਵੀ ਵਿਹਲੇ ਬੈਠੇ ਹਨ। ਚੁਕਾਈ ਵੀ ਨਹੀਂ ਹੋ ਰਹੀ ਹੈ। ਕਿਸਾਨਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿਸਾਨਾਂ ਦੀ ਸਾਰ ਲਈ ਜਾਵੇ। ਬਾਰਦਾਨਾ ਫੌਰੀ ਤੌਰ 'ਤੇ ਭੇਜਿਆ ਜਾਵੇ। ਇਸ ਮੌਕੇ ਬਖ਼ਤਾਵਰ ਸਿੰਘ ਰਾਣਾ, ਕੇਵਲ ਕ੍ਰਿਸ਼ਨ ਦਬੇਟਾ, ਗੁਲਜਾਰ ਸਿੰਘ, ਗੁਰਦਿਆਲ ਸਿੰਘ ਦਬਕੇਹੜਾ ਸਮੇਤ ਹੋਰ ਕਿਸਾਨ ਮਜ਼ਦੂਰ ਹਾਜ਼ਰ ਸਨ।

# ਇਨੋਸੈਂਟ ਹਾਰਟਸ 'ਚ 'ਦਿ ਬਿਗ ਬਾਰਨਯਾਰਡ ਐਡਵੈਂਚਰ'



**ਜਲੰਧਰ ( ਸ਼ੈਲੀ ਐਲਬਰਟ)** -ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੁਆਰਾ ਚਲਾਏ ਗਏ ਅਤੇ ਪ੍ਰਬੰਧਿਤ ਕੀਤੇ ਗਏ ਐਨ ਇਨੀਸ਼ੀਏਟਿਵ ਨੇਟਿਕਾਊ ਵਿਕਾਸ ਟੀਚਾ 13 (ਜਲਵਾਯੂ ਕਾਰਵਾਈ) ਜਲੰਧਰ ਦੇ ਪਹਿਲੇ ਹੈਂਡਸ-ਆਨ 'ਦਿ ਬਿਗ ਬਾਰਨਯਾਰਡ-ਦ ਫੀਲਡ ਐਡਵੈਂਚਰ' ਥੀਮ-ਅਧਾਰਿਤ ਈਵੈਂਟ ਦੀ ਮੇਜ਼ਬਾਨੀ ਕਰਕੇ ਅਨੁਭਵੀ ਸਿੱਖਿਆ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ, ਜੋ ਸੰਯੁਕਤ ਰਾਸ਼ਟਰ ਦੇ ਨਾਲ ਇਕਸਾਰ ਹੈ।ਇਨੋਸੈਂਟ ਹਾਰਟਸ ਗ੍ਰੀਨ ਫੀਲਡਜ਼ ਲੋਹਾਰਾ ਵਿਖੇ ਆਯੋਜਿਤ ਇਸ ਇਤਿਹਾਸਕ ਈਵੈਂਟ ਨੇ ਗ੍ਰੇਡ ਕੇਜੀ ਤੋਂ 5 ਤੱਕ ਦੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਜੁੜਨ ਅਤੇ ਬਾਗ ਦੇ ਪੇਂਡੂ ਸੁਹਜ ਦਾ ਅਨੁਭਵ ਕਰਨ ਅਤੇ ਟਿਕਾਊ ਖੇਤੀ ਦੇ ਮਹੱਤਵ ਨੂੰ ਸਮਝਾਉਣ ਦਾ ਅਵਸਰ ਪ੍ਰਦਾਨ ਕੀਤਾ।ਇਹ ਸਮਾਗਮ ਇਨੋਸੈਂਟ ਹਾਰਟਸ ਦੀਆਂ ਸਾਰੀਆਂ ਸ਼ਾਖਾਵਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਬਾਹਰਲੇ ਲੋਕਾਂ ਲਈ ਵੀ ਖੁੱਲ੍ਹਾ ਸੀ।ਮਾਪੇ ਆਪਣੇ ਬੱਚਿਆਂ ਦੇ ਨਾਲ ਐਡਵੈਂਚਰ ਲਈ ਆਏ।ਨੈਸ਼ਨਲ ਐਜੂਕੇਸ਼ਨਲ ਪਾਲਿਸੀ 2020 ਦੇ ਅਨੁਸਾਰ, ਐਨ ਈ ਪੀ ਦੇ ਮਾਤਾ-ਪਿਤਾ ਦੀ ਸ਼ਮੂਲੀਅਤ ਦੇ ਨਿਰਦੇਸ਼ਾਂ ਨੇ ਦਿਸ਼ਾ ਐਨ ਇਨੀਸ਼ੀਏਟਿਵ ਨੂੰ ਪਰਿਵਾਰਕ ਬੰਧਨ ਅਤੇ ਅਨੁਭਵੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਇੱਕ ਸ਼ਾਨਦਾਰ ਅਨੁਭਵ ਬਣਾਉਣ ਲਈ ਪ੍ਰੇਰਿਤ ਕੀਤਾ।ਮਿੰਨੀ-ਫਾਰਮ, ਮੁੜ ਤੋਂ ਤਿਆਰ ਕੀਤੇ ਗਏ ਰਹਿੰਦ-ਖੂੰਹਦ ਤੋਂ ਤਿਆਰ ਕੀਤਾ ਗਿਆ, ਰਚਨਾਤਮਕ ਰਹਿੰਦ-ਖੂੰਹਦ ਪ੍ਰਬੰਧਨ ਅਤੇ ਟਿਕਾਊ ਅਭਿਆਸਾਂ, ਪ੍ਰੇਰਨਾਦਾਇਕ ਵਾਤਾਵਰਣ ਸੰਭਾਲ ਅਤੇ ਜ਼ਿੰਮੇਵਾਰ ਨਾਗਰਿਕਤਾ ਦਾ ਪ੍ਰਦਰਸ਼ਨ ਕੀਤਾ ਗਿਆ।ਇਸ ਈਵੈਂਟ ਵਿੱਚ ਪਰਾਗ ਦੀਆਂ ਗੰਢਾਂ, ਟਰੈਕਟਰਾਂ ਅਤੇ ਖੇਤ ਦੇ ਜਾਨਵਰਾਂ ਆਦਿ ਨਾਲ ਮਿੰਨੀ-ਫਾਰਮ ਵਿੱਚ ਬਦਲ ਦਿੱਤਾ ਗਿਆ ਸੀ।ਮਹਿਮਾਨਾਂ ਨੇ ਚਿੜੀਆਘਰਾਂ, ਪੋਨੀ ਰਾਈਡਾਂ ਅਤੇ ਫਾਰਮ-ਥੀਮ ਵਾਲੀਆਂ ਖੇਡਾਂ ਆਦਿ ਗਤੀਵਿਧੀਆਂ ਦਾ ਆਨੰਦ ਲਿਆ। ਡਾ. ਪਲਕ ਗੁਪਤਾ ਬੌਰੀ, ਡਾਇਰੈਕਟਰ ਸੀ ਐਸ ਆਰ ਨੇ ਕਿਹਾ ਕਿ ਇਹ ਵਿਲੱਖਣ ਸਮਾਗਮ ਬੱਚਿਆਂ ਨੂੰ ਪੇਂਡੂ ਸੁਹਜ ਨਾਲ ਜੋੜਦਾ ਹੈ, ਹੱਥੀਂ ਸਿੱਖਣ ਨੂੰ ਉਤਸ਼ਾਹਿਤ ਕਰਦਾ ਹੈ, ਕੁਦਰਤ ਲਈ ਡੂੰਘੀ ਕਦਰ ਕਰਦਾ ਹੈ ਅਤੇ ਜਲਵਾਯੂ ਜਾਗਰੂਕਤਾ।ਟਿਕਾਊ ਖੇਤੀਬਾੜੀ ਅਤੇ ਵਾਤਾਵਰਣ ਸੰਭਾਲ ਨੂੰ ਉਤਸ਼ਾਹਿਤ ਕਰਕੇ, ਅਸੀਂ ਅਗਲੀ ਪੀੜ੍ਹੀ ਨੂੰ ਸਸ਼ਕਤ ਬਣਾ ਰਹੇ ਹਾਂ।ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਨੇ ਦੱਸਿਆ ਸਾਡਾ ਉਦੇਸ਼ ਇੱਕ ਅਜਿਹਾ ਇਵੈਂਟ ਬਣਾਉਣਾ ਸੀ ਜੋ ਬੱਚਿਆਂ ਨੂੰ ਕੁਦਰਤ ਨਾਲ ਜੁੜਨ ਅਤੇ ਖੇਤੀ ਜੀਵਨ ਦੀਆਂ ਖੁਸ਼ੀਆਂ ਦਾ ਅਨੁਭਵ ਕਰਵਾਏ।

# ਵਿਸ਼ੇਸ਼ ਸਰਸਰੀ ਸੁਧਾਈ ਸੰਬੰਧੀ ਲਗਾਏ ਵਿਸ਼ੇਸ਼ ਕੈਂਪ 'ਚ ਪ੍ਰਾਪਤ ਕੀਤੇ ਦਾਅਵੇ ਤੇ ਇਤਰਾਜ਼

**ਜਲੰਧਰ, (ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ ਦੇ ਜ਼ਿਲ੍ਹਾ ਚੋਣ ਅਧਿਕਾਰੀ ਵੱਲੋਂ ਭਾਰਤ ਚੋਣ ਕਮਿਸ਼ਨ ਵੱਲੋਂ ਯੋਗਤਾ ਮਿਤੀ 1-1-2025 ਦੇ ਆਧਾਰ 'ਤੇ ਵੋਟਰ ਸੂਚੀਆਂ ਦੀ ਵਿਸ਼ੇਸ਼ ਸਰਸਰੀ ਸੁਧਾਈ-2025 ਸਬੰਧੀ ਜਾਰੀ ਪ੍ਰੋਗਰਾਮ ਤਹਿਤ ਸ਼ਨੀਵਾਰ ਨੂੰ ਜ਼ਿਲ੍ਹੇ ਦੇ ਸਮੁੱਚੇ 1926 ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ, ਜਿਥੇ ਬੀ.ਐਲ.ਓਜ਼ ਵੱਲੋਂ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਮੌਜੂਦ ਰਹਿ ਕੇ ਲੋਕਾਂ ਪਾਸੋਂ ਦਾਅਵੇ ਤੇ ਇਤਰਾਜ਼ ਪ੍ਰਾਪਤ ਕੀਤੇ ਗਏ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀ ਦੀ ਮੁਢਲੀ ਪ੍ਰਕਾਸ਼ਨਾ 29 ਅਕਤੂਬਰ ਨੂੰ ਕੀਤੀ ਜਾ ਚੁੱਕੀ ਹੈ ਅਤੇ 28 ਨਵੰਬਰ ਤੱਕ ਵੋਟਰ ਸੂਚੀ ਵਿੱਚ ਦਰਜ ਇੰਦਰਾਜਾਂ ਪ੍ਰਤੀ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਵਿਸ਼ੇਸ਼ ਸਰਸਰੀ ਸੁਧਾਈ ਸਬੰਧੀ ਜਾਰੀ ਪ੍ਰੋਗਰਾਮ ਤਹਿਤ ਅੱਜ ਜ਼ਿਲ੍ਹੇ ਦੇ ਸਾਰੇ ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾ ਕੇ ਬੀ.ਐਲ.ਓਜ਼ ਵੱਲੋਂ ਦਾਅਵੇ ਅਤੇ ਇਤਰਾਜ਼ਾਂ ਦੇ ਫਾਰਮ ਪ੍ਰਾਪਤ ਕੀਤੇ ਗਏ ਹਨ।ਡਾ. ਅਗਰਵਾਲ ਨੇ ਦੱਸਿਆ ਕਿ 10 ਨਵੰਬਰ ਦਿਨ ਐਤਵਾਰ ਅਤੇ 23 ਨਵੰਬਰ ਸ਼ਨੀਵਾਰ ਅਤੇ 24 ਨਵੰਬਰ ਐਤਵਾਰ ਨੂੰ ਵੀ ਜ਼ਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ 'ਤੇ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਅਜਿਹੇ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਸੂਚੀ ਵਿੱਚ ਨਾਮ ਦਰਜ ਕਰਵਾਉਣ ਲਈ ਫਾਰਮ ਨੰਬਰ 6, ਵੋਟਰ ਸੂਚੀ ਵਿੱਚ ਨਾਮ ਤੇ ਇਤਰਾਜ਼ ਜਾਂ ਪਹਿਲਾਂ ਤੋਂ ਦਰਜ ਇੰਦਰਾਜ ਦੀ ਕਟੌਤੀ ਲਈ ਫਾਰਮ 7, ਵੋਟਰ ਸੂਚੀ ਵਿੱਚ ਦਰਜ ਇੰਦਰਾਜਾਂ ਦੀ ਦਰੁਸਤੀ ਅਤੇ ਇੰਦਰਾਜਾਂ ਦੀ ਅਦਲਾ-ਬਦਲੀ, ਪੀ.ਡਬਲਯੂ.ਡੀ. ਮਾਰਕਿੰਗ ਲਈ, ਡੁਪਲੀਕੇਟ ਵੋਟਰ ਕਾਰਡ ਲੈਣ ਲਈ ਫਾਰਮ ਨੰਬਰ 8 ਭਰਿਆ ਜਾ ਸਕਦਾ ਹੈ।

# 14ਵਾਂ ਵਿਸ਼ਾਲ ਜਾਗਰਣ 19 ਨੂੰ

**ਬਸਤੀਸ਼ੇਖ (ਲਖਵਿੰਦਰ ਸਿੰਘ)**-ਸ਼ਿਵ ਸ਼ਕਤੀ ਮੰਦਰ ਧਰਮਸ਼ਾਲਾ ਵੈਲਫੇਅਰ ਸੁਸਾਇਟੀ ਵੱਲੋਂ ਅਨੂਪ ਨਗਰ ਬਸਤੀ ਦਾਨਿਸ਼ਮੰਦਾਂ (ਜਲੰਧਰ) ਵਿਖੇ 14ਵਾਂ ਵਿਸ਼ਾਲ ਜਾਗਰਣ 19 ਨਵੰਬਰ ਨੂੰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮੰਦਰ ਕਮੇਟੀ ਦੇ ਪ੍ਰਧਾਨ ਬੰਸੀ ਲਾਲ ਅਤੇ ਪੰਡਿਤ ਜੈ ਪ੍ਰਕਾਸ਼ ਨੇ ਦੱਸਿਆ ਕਿ ਜਾਗਰਣ ਦੇ ਗੁਣਗਾਣ ਕਰਨ ਲਈ ਮਹੰਤ ਜਿੰਦਰ ਐਂਡ ਪਾਰਟੀ ਪਹੁੰਚ ਰਹੇ ਹਨ।

# ਕੰਧਾਲੀ ਨੌਰੰਗਪੁਰ 'ਚ ਭਗਵਤੀ ਜਾਗਰਣ ਸ਼ਰਧਾਪੂਰਵਕ ਸੰਪੰਨ



**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲੀ ਨੌਰੰਗਪੁਰ ਵਿਖੇ ਬਾਬਾ ਸਿੱਧ ਚਰਨੋਂ ਕਲੱਬ ਵੱਲੋਂ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਲਾਨਾ 15 ਵਾਂ ਮਾਤਾ ਚਿੰਤਪੁਰਨੀ ਦਾ ਭਗਵਤੀ ਜਾਗਰਣ ਕਰਵਾਇਆ ਗਿਆ।

ਇਸ ਮੌਕੇ ਮਾਤਾ ਚਿੰਤਪੁਰਨੀ ਦਾ ਬਹੁਤ ਸੁੰਦਰ ਭਵਨ ਬਣਾਇਆ ਗਿਆ। ਪੰਜਾਬ ਦੀ ਮਸ਼ਹੂਰ ਜਰਨੈਲ ਸੋਨੀ ਜਾਗਰਣ ਪਾਰਟੀ ਵੱਲੋਂ ਮਾਤਾ ਜੀ ਦੀ ਆਰਤੀ ਅਤੇ ਸ੍ਰੀ ਗਣੇਸ਼ ਜੀ ਦੀ ਆਰਤੀ ਉਪਰੰਤ ਸਾਰੀ ਰਾਤ ਮਾਤਾ ਜੀ ਦੀਆਂ ਭੇਟਾਂ ਦਾ ਗੁਣਗਾਨ ਕੀਤਾ। ਇਸ ਮੌਕੇ ਨਗਰ ਅਤੇ ਇਲਾਕੇ ਦੀਆਂ ਸੰਗਤਾਂ ਨੇ ਵੱਧ ਚੜ੍ਹ ਕੇ ਹਾਜ਼ਰੀ ਭਰੀ ਅਤੇ ਸੰਗਤਾਂ ਵਾਸਤੇ ਚਾਹ ਪਕੌੜੇ ਅਤੇ ਫਲਾਂ ਆਦਿ ਦੇ ਲੰਗਰ ਲਗਾਏ ਗਏ। ਇਸ ਮੌਕੇ ਸੰਤ ਮਹਾਂਪੁਰਸ਼ ਨਰੇਸ਼ ਗਿਰ ਨੰਗਲ ਖੂੰਗਾ, ਬਲਬੰਤ ਸ਼ਾਹ ਦਾਰਾਪੁਰ, ਰੇਸ਼ਮ ਦਾਸ, ਬਾਬਾ ਸ਼ੀਤਲ ਦਾਸ ਤੋਂ ਇਲਾਵਾ ਪ੍ਰਧਾਨ ਕਮਲਜੀਤ ਸਿੰਘ, ਸੁਰਿੰਦਰ ਸਿੰਘ, ਬੂਟਾ ਸਿੰਘ ਕਾਜਲ, ਮਲਕੀਤ ਸਿੰਘ, ਭਗਵਾਨ ਦਾਸ, ਅਵਤਾਰ ਸਿੰਘ, ਏ ਐਸ ਆਈ ਸਰਬਜੀਤ ਸਿੰਘ, ਜਸਵੀਰ ਕਾਜਲ, ਰਾਮ ਬਲੀ ਸਿੰਘ, ਉਂਕਾਰ ਸਿੰਘ, ਹਰਦੀਪ ਸਿੰਘ, ਬਹਾਦਰ ਸਿੰਘ, ਪਰਗਟ ਸਿੰਘ, ਵਿਨੋਦ ਸਿੰਘ, ਆਦਿ ਨਗਰ ਦੀਆਂ ਅਤੇ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ। ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਸਰਪੰਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦਾ ਵਿਕਾਸ ਕਰਨ : ਕੇਜਰੀਵਾਲ



**ਫਗਵਾੜਾ (ਜਸਵਿੰਦਰ ਢੱਡਾ)**- ਨਵੇਂ ਚੁਣੇ ਸਰਪੰਚ ਸਾਹਿਬਾਨਾਂ ਦੇ ਸਹੁੰ ਚੁੱਕ ਸਮਾਗਮ ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਵੇਂ ਚੁਣੇ ਗਏ ਸਰਪੰਚ ਸਾਹਿਬਾਨ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦਾ ਵਿਕਾਸ ਕਰਨ ਤਾਂ ਜੋ ਪਿੰਡਾਂ ਵਿਚ ਖੁਸ਼ਹਾਲੀ ਹੋ ਸਕੇ ਪਿੰਡਾਂ ਦੇ ਲੋਕਾਂ ਨੂੰ ਸ਼ਹਿਰ ਵਰਗੀਆਂ ਸਹੂਲਤਾਂ ਮਿਲ ਸਕਣ। ਇਸ ਮੌਕੇ ਜ਼ਿਲ੍ਹਾ ਕਪੂਰਥਲਾ ਦੇ ਬਲਾਕ ਫਗਵਾੜਾ ਦੇ ਪਿੰਡ ਸਰਪੰਚ ਬਲਵਿੰਦਰ ਸਿੰਘ ਬਘਾਣਾ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਡਾ. ਸਤਵਿੰਦਰ ਜੀਤ ਸਿੰਘ ਪਿੰਕੀ, ਰਮਨਦੀਪ ਸਿੰਘ ਕਾਲਾ, ਬਲਦੇਵ ਸਿੰਘ ਫੌਜੀ ਵੀ ਸ਼ਾਮਲ ਸਨ।

# 10 ਗ੍ਰਾਮ ਹੈਰੋਇਨ ਤੇ 25 ਹਜ਼ਾਰ ਡਰੱਗਜ਼ ਮਨੀ ਬਰਾਮਦ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**-ਐਸ.ਐਸ.ਪੀ ਸ਼ਹੀਦ ਭਗਤ ਸਿੰਘ ਨਗਰ ਡਾਕਟਰ ਮਹਿਤਾਬ ਸਿੰਘ ਦੀ ਦਿਸ਼ਾ ਨਿਰਦੇਸ਼ਾਂ ਹੇਠ ਮਾੜੇ ਅਨਸਰਾਂ ਨੂੰ ਠੱਲ੍ਹ ਪਾਉਣ ਵਾਸਤੇ ਥਾਣਾ ਔੜ ਦੇ ਐਸ.ਐਚ.ਓ ਮੈਡਮ ਨਰੇਸ਼ ਕੁਮਾਰੀ ਦੇ ਕਹਿਣ ਤੇ ਏ.ਐਸ.ਆਈ ਨਿਰਮਲ ਸਿੰਘ ਨੇ ਆਪਣੇ ਸਾਥੀਆਂ ਸਮੇਤ ਗੜ੍ਹੀ ਅਜੀਤ ਸਿੰਘ ਗੇਟ ਕੋਲ ਨਾਕਾ ਲਾਇਆ ਹੋਇਆ ਸੀ। ਚੈਕਿੰਗ ਦੌਰਾਨ ਕਾਰ ਰੰਗ ਚਿੱਟਾ ਜਿਸ ਨੂੰ ਸਤਵਿੰਦਰ ਸਿੰਘ ਉਰਫ ਕਾਕਾ ਪੁੱਤਰ ਸੁਖਬੀਰ ਸਿੰਘ ਵਾਸੀ ਮਜਾਰੀ ਥਾਣਾ ਸਦਰ ਬੰਗਾ ਚਲਾ ਰਿਹਾ ਸੀ, ਪੁਲਸ ਨੂੰ ਦੇਖ ਕੇ ਘਬਰਾ ਗਿਆ ਅਤੇ ਮੌਕੇ 'ਤੇ ਕੋਈ ਠੋਸ ਜਵਾਬ ਨਹੀਂ ਦੇ ਸਕਿਆ। ਜਦੋਂ ਸਖਤੀ ਨਾਲ ਉਸ ਦੀ ਪੁੱਛ-ਗਿੱਛ ਕੀਤੀ ਗਈ ਤੇ ਕਾਰ ਦੀ ਤਲਾਸ਼ੀ ਲਈ ਗਈ ਤਾਂ ਸੀਟ ਹੇਠੋਂ 25 ਹਜ਼ਾਰ ਰੁਪਏ ਡਰੱਗ ਮਨੀ ਅਤੇ ਇੱਕ ਹੋਰ ਲਿਫਾਫੀ ਜਿਸ ਵਿੱਚ 10 ਗ੍ਰਾਮ ਹੀਰੋਇਨ ਹੱਥ ਲੱਗੀ। ਏ.ਐਸ.ਆਈ ਨਿਰਮਲ ਸਿੰਘ ਨੇ ਦੋਸ਼ੀ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਅਦਾਲਤ ਵਿੱਚ ਪੇਸ਼ ਕਰਕੇ ਇੱਕ ਦਿਨ ਦਾ ਰਿਮਾਂਡ ਲੈ ਲਿਆ ਹੈ।



# ਹਰਦੀਪ ਸਿੰਘ ਲੌਂਗੀਆਂ ਦੀ ਭਾਜਪਾ 'ਚ ਮੁੜ ਵਾਪਸੀ



**ਮਹੇਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਜ਼ਿਲ੍ਹਾ ਸਕੱਤਰ ਰਹਿ ਚੁੱਕੇ ਹਰਦੀਪ ਸਿੰਘ ਲੌਂਗੀਆਂ ਕਰੀਬ ਇੱਕ ਸਾਲ ਪਹਿਲਾਂ ਭਾਜਪਾ ਛੱਡ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ। ਹਰਦੀਪ ਸਿੰਘ ਲੌਂਗੀਆਂ ਨੇ ਕਿਹਾ ਕਿ ਭਾਜਪਾ ਨੂੰ ਛੱਡਣਾ ਮੇਰੀ ਸਭ ਤੋਂ ਵੱਡੀ ਗਲਤੀ ਸੀ, ਇਸ ਫ਼ੈਸਲੇ ਨਾਲ ਮੇਰੇ ਅਕਸ ਨੂੰ ਢਾਅ ਲੱਗੀ ਹੈ।

ਬਾਕੀ ਆਪਣੀ ਗਲਤੀ ਮੰਨ ਕੇ ਗਲਤੀ ਦਾ ਪਛਤਾਵਾ ਕਰਕੇ ਗਲਤੀ ਨੂੰ ਸੁਧਾਰ ਕੇ ਸਹੀ ਫੈਸਲਾ ਲੈਣਾ ਹੀ ਸਮਝਦਾਰੀ ਤੇ ਸਿਆਣਪ ਹੈ। ਇਸ ਲਈ ਭਾਜਪਾ ਵਿੱਚ ਮੁੜ ਸ਼ਾਮਿਲ ਹੋਣਾ ਮੇਰਾ ਸਹੀ ਫੈਸਲਾ ਹੈ। ਲੋਕਾਂ ਨੂੰ ਗੁੰਮਰਾਹ ਕਰਕੇ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੈਂ ਵੀ ਸ਼ਿਕਾਰ ਹੋ ਗਿਆ ਸੀ। ਜਿਸ ਘੁਟਣ ਨੂੰ ਮੈਂ ਹਰ ਦਿਨ ਮਹਿਸੂਸ ਕਰ ਰਿਹਾ ਸੀ। ਮੇਰਾ ਆਪ ਵਿਚ ਜਾਣ ਦਾ ਫ਼ੈਸਲਾ ਗਲਤ ਸੀ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬ ਦੇ ਇੰਚਾਰਜ ਵਿਜੇ ਰੂਪਾਨੀ ਨੇ ਹਰਦੀਪ ਸਿੰਘ ਲੌਂਗੀਆਂ ਨੂੰ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਭਾਜਪਾ 'ਚ ਮੁੜ ਸ਼ਾਮਿਲ ਕਰਵਾਇਆ। ਉਨ੍ਹਾਂ ਦੀ ਘਰ ਵਾਪਸੀ ਸਮੇਂ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸਾਬਕਾ ਮੰਤਰੀ ਤੀਕਸ਼ਨ ਸੂਦ, ਸਾਬਕਾ ਪੰਜਾਬ ਪ੍ਰਧਾਨ ਸ਼ਵਾਇਤ ਮਲਿਕ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਪੰਜਾਬ ਵਿਧਾਨ ਸਭਾ ਮੈਂਬਰ ਕੇ ਡੀ ਭੰਡਾਰੀ, ਜ਼ਿਲ੍ਹਾ ਪ੍ਰਧਾਨ ਨਿਪੁੰਨ ਸ਼ਰਮਾ ਤੇ ਹੋਰ ਹਾਜ਼ਰ ਸਨ।

# ਭੁੰਗਰਨੀ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਗਰ ਕੀਰਤਨ 14 ਨੂੰ



**ਮਹੇਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਇਤਿਹਾਸਕ ਪਿੰਡ ਭੁੰਗਰਨੀ ਵਿਖੇ ਗੁਰਦੁਆਰਾ ਪਾਤਸ਼ਾਹੀ ਸੱਤਵੀਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ 15 ਨਵੰਬਰ ਨੂੰ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 14 ਨਵੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਜਾ ਰਹੇ ਹਨ। ਇਸ ਵਿਸ਼ਾਲ ਨਗਰ ਕੀਰਤਨ ਦੌਰਾਨ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ, ਭਾਈ ਲਖਵਿੰਦਰ ਸਿੰਘ ਨਿਮਾਣਾ ਇੰਟਰਨੈਸ਼ਨਲ ਢਾਡੀ ਜਥਾ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 13 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ। ਜਿਨ੍ਹਾਂ ਦੇ ਭੋਗ 15 ਨਵੰਬਰ ਨੂੰ ਪਾਏ ਜਾਣਗੇ, ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਹੈਡ ਗ੍ਰੰਥੀ, ਭਾਈ ਕਮਲਜੀਤ ਸਿੰਘ ਪਟਿਆਲਾ ਆਦਿ ਕਥਾ ਕੀਰਤਨ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਗ਼ਦਰੀ ਬਾਬਿਆਂ ਦੇ ਮੇਲੇ 'ਚ ਖਾਲਸਾ ਕਾਲਜ ਦੀ ਹਰਪ੍ਰੀਤ ਪਹਿਲੇ ਸਥਾਨ 'ਤੇ



**ਸੁਲਤਾਨਪੁਰ ਲੋਧੀ, ( ਹਨੀ )**-ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ 'ਚ ਗੁਰੂ ਨਾਨਕ ਖਾਲਸਾ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਜਸਵੀਰ ਕੌਰ ਨੇ ਦੱਸਿਆ ਕਿ ਪ੍ਰੋ. ਰਾਜਦੀਪ ਕੌਰ ਜੋਸਨ ਅਤੇ ਪ੍ਰੋ. ਸੰਦੀਪ ਕੌਰ ਦੀ ਅਗਵਾਈ ਵਿਚ ਕਾਲਜ ਦੀਆਂ ਵਿਦਿਆਰਥਣਾਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ।ਜਿਨਾਂ ਵਿੱਚੋਂ ਕਾਲਜ ਦੀ ਵਿਦਿਆਰਥਣ ਹਰਪ੍ਰੀਤ ਕੌਰ ਪੁੱਤਰੀ ਕਾਮਰੇਡ ਜਸਕਰਨਜੀਤ ਸਿੰਘ ਨੇ ਭਾਸ਼ਣ ਪ੍ਰਤੀਯੋਗਤਾ ਵਿਚ ਪਹਿਲਾ ਸਥਾਨ ਹਾਸਲ ਕੀਤਾ। ਜ਼ਿਕਰਯੋਗ ਹੈ ਕਿ ਭਾਸ਼ਣ ਮੁਕਾਬਲੇ ਵਿਚ 22 ਪ੍ਰਤੀਯੋਗੀਆਂ ਨੇ ਹਿੱਸਾ ਲਿਆ। ਜੇਤੂ ਵਿਦਿਆਰਥਣ ਹਰਪ੍ਰੀਤ ਕੌਰ ਨੂੰ 1000 ਰੁਪਏ ਨਕਦ, ਸਰਟੀਫਿਕੇਟ, ਅਤੇ ਕਿਤਾਬਾਂ ਦਾ ਬੰਡਲ ਦਿੱਤਾ ਗਿਆ। ਇਸੇ ਤਰ੍ਹਾਂ ਕਾਲਜ ਦੀ ਵਿਦਿਆਰਥਣ ਕਰੁਣਾ ਠਾਕੁਰ ਪੁੱਤਰੀ ਰਾਕੇਸ਼ ਕੁਮਾਰ ਨੇ ਪੇਂਟਿੰਗ ਮੁਕਾਬਲੇ ਜਿਸ ਵਿੱਚ 24 ਪ੍ਰਤੀਯੋਗੀਆਂ ਨੇ ਹਿੱਸਾ ਲਿਆ, ਵਿੱਚੋਂ ਏ ਵਰਗ 'ਚ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਜੇਤੂ ਵਿਦਿਆਰਥਣ ਕਰੁਨਾ ਠਾਕੁਰ ਨੂੰ 700 ਰੁਪਏ ਨਕਦ, ਕਿਤਾਬਾਂ ਦਾ ਬੰਡਲ, ਸਰਟੀਫਿਕੇਟ ਅਤੇ ਇੱਕ ਤਸਵੀਰ ਦਿੱਤੀ ਗਈ। ਵਿਦਿਆਰਥਣਾਂ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਕਾਲਜ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਤੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਇੰਜੀਨੀਅਰ ਹਰਨਿਆਮਤ ਕੌਰ ਨੇ ਜੇਤੂ ਵਿਦਿਆਰਥਣਾਂ ਨੂੰ ਅਤੇ ਉਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਸੀ ਟੀ ਗਰੁੱਪ 'ਚ ਕਲਰਸ-2024 ਬਾਰਾਂ ਸੌ ਤੋਂ ਵੱਧ ਵਿਦਿਆਰਥੀਆਂ ਨਾਲ ਮਨਾਇਆ



**ਜਲੰਧਰ (ਸ਼ੈਲੀ ਐਲਬਰਟ)**-ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਨੌਰਥ ਕੈਂਪਸ, ਮਕਸੂਦਨ ਨੇ 70 ਤੋਂ ਵੱਧ ਸਕੂਲਾਂ ਅਤੇ 1,500 ਉਤਸ਼ਾਹੀ ਵਿਦਿਆਰਥੀਆਂ ਨੂੰ ਇਕੱਠਾ ਕਰਦੇ ਹੋਏ, ਇੱਕ ਜੀਵੰਤ ਅੰਤਰ-ਸਕੂਲ ਤਿਉਹਾਰ, ਕਲਰ 2024 ਦੀ ਮੇਜ਼ਬਾਨੀ ਕੀਤੀ।

ਐਮ ਜੀ ਐਨ ਪਬਲਿਕ ਸਕੂਲ, ਸਰਕਾਰੀ ਸਕੂਲਾਂ ਦੇ ਵਿਦਿਆਰਥੀ, ਸੀਨੀਅਰ ਸੈਕੰਡਰੀ ਸਕੂਲ ਕਰਤਾਰਪੁਰ, ਸ਼ਿਵ ਜਯੋਤੀ ਸਕੂਲ, ਨਹਿਰੂ ਗਾਰਡਨ ਸਕੂਲ, ਸ਼ਿਵ ਦੇਵੀ ਗਰਲਜ਼ ਸਕੂਲ, ਸਵਾਮੀ ਸੰਤ ਦਾਸ ਸਕੂਲ, ਕੈਂਬਰਿਜ ਸਕੂਲ, ਐਪੀਜੇ ਸਕੂਲ, ਲਾਰੈਂਸ ਇੰਟ. ਸਕੂਲ ਅਤੇ ਹੋਰ ਬਹੁਤ ਸਾਰੇ ਇਕੱਠੇ ਹੋਏ।ਸੀਟੀ ਗਰੁੱਪ ਦੀ ਜੁਆਇੰਟ ਮੈਨੇਜਿੰਗ ਡਾਇਰੈਕਟਰ ਤਨਿਕਾ ਚੰਨੀ ਸਮੇਤ ਸਨਮਾਨਿਤ ਮਹਿਮਾਨ; ਆਈ ਪੀ ਐਸ ਰਿਸ਼ਭ ਭੋਲਾ, ਏ ਸੀ ਪੀ ਉੱਤਰੀ ਜਲੰਧਰ; ਕਿੰਗਸਲੇ, ਬੁਏ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਅਤੇ ਫਿਲਮ ਸੈਕਟਰ 17 ਦੀ ਸਟਾਰ ਕਾਸਟ, ਪ੍ਰਿੰਸ ਕਵਲਜੀਤ ਸਿੰਘ ਅਤੇ ਭੂਮਿਕਾ ਸ਼ਰਮਾ ਨੇ ਆਪਣੀ ਹਾਜ਼ਰੀ ਨਾਲ ਇਸ ਸਮਾਗਮ ਦੀ ਸ਼ੋਭਾ ਵਧਾਈ।ਈਵੈਂਟ ਨੇ ਇੱਕ ਰਚਨਾਤਮਕ ਪਲੇਟਫਾਰਮ ਦੀ ਪੇਸ਼ਕਸ਼ ਕੀਤੀ ਜਿੱਥੇ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿਵੇਂ ਪ੍ਰਸ਼ੋਤਮ-ਕੁਇਜ਼, ਟ੍ਰੇਜ਼ਰ ਟ੍ਰੋਵ, ਵਾਰ ਆਫ਼ ਵਰਡਜ਼ (ਡਿਬੇਟ), ਡਰੋਨ ਮੁਕਾਬਲਾ, ਅਲਪਨਾ (ਰੰਗੋਲੀ), ਮੇਡੀਕਾ (ਮਹਿੰਦੀ), ਕਲਾ ਕ੍ਰਿਤੀ (ਪੋਸਟਰ)। ਮੇਕਿੰਗ), ਫੂਡ ਪੋਕਰ (ਸਲਾਦ ਮੇਕਿੰਗ), ਫੇਸ ਪੇਂਟਿੰਗ, ਸੋਲੋ ਸਿੰਗਿੰਗ, ਭੰਗੜਾ/ਗਿੱਧਾ, ਸੋਲੋ ਡਾਂਸ, ਗਰੁੱਪ ਡਾਂਸ, ਫੈਸ਼ਨ ਸ਼ੋਅ, ਅਤੇ ਹੋਰ ਬਹੁਤ ਕੁਝ।ਐਵਾਰਡ ਸਮਾਰੋਹ 'ਚ ਕੈਂਪਸ ਡਾਇਰੈਕਟਰ ਡਾ. ਰਮਨਦੀਪ ਗੌਤਮ, ਡਾ. ਅੰਜੂ, ਸੀਟੀਸੀਈ ਦੇ ਪ੍ਰਿੰਸੀਪਲ ਅਤੇ ਐਡਮਿਸ਼ਨ ਦੇ ਮੁਖੀ, ਦਿਨੇਸ਼ ਕੁਮਾਰ ਨੇ ਸ਼ਾਨਦਾਰ ਪ੍ਰਤੀਭਾਗੀਆਂ ਨੂੰ ਟਰਾਫੀਆਂ ਦਿੱਤੀਆਂ। ਸਵਾਮੀ ਸੰਤ ਦਾਸ ਸਕੂਲ, ਜਲੰਧਰ ਨੇ ਨਾਲ ਓਵਰਆਲ ਟਰਾਫੀ 'ਤੇ ਦਾਅਵਾ ਕੀਤਾ ਅਤੇ ਕੈਂਬ੍ਰਿਜ ਇੰਟਰਨੈਸ਼ਨਲ ਸਕੂਲ, ਜਲੰਧਰ ਨੇ ਰਨਰਅੱਪ ਟਰਾਫੀ ਹਾਸਲ ਕੀਤੀ।ਡਾ. ਰਮਨਦੀਪ ਗੌਤਮ, ਕੈਂਪਸ ਡਾਇਰੈਕਟਰ ਨੇ ਕਲਰਜ਼ 2024 ਦੀ ਸ਼ਲਾਘਾ ਕਰਦਿਆਂ ਇਸ ਨੂੰ ਇੱਕ ਸ਼ਾਨਦਾਰ ਸੱਭਿਆਚਾਰਕ ਸਮਾਗਮ ਦੱਸਿਆ, ਜਿਸ ਨੇ ਵਿਦਿਆਰਥੀਆਂ ਨੂੰ ਪ੍ਰਤਿਭਾ ਅਤੇ ਦੋਸਤੀ ਦੇ ਇੱਕ ਜੀਵੰਤ ਪ੍ਰਦਰਸ਼ਨ ਵਿੱਚ ਇੱਕਜੁੱਟ ਕੀਤਾ।

# ਕੌਰਨੀਆ ਟਰਾਂਸਪਲਾਂਟ ਜਾਗਰੂਕਤਾ ਲਈ ਸੈਮੀਨਾਰ ਕਰਵਾਏ ਜਾਣਗੇ : ਰੋਟੇਰੀਅਨ ਅਵਤਾਰ ਸਿੰਘ



**ਹੁਸ਼ਿਆਰਪੁਰ. (ਓ ਪੀ ਰਾਣਾ, ਬਲਬੀਰ ਸੈਣੀ)**-ਰੋਟਰੀ ਕਲੱਬ ਮਿਡ ਟਾਊਨ ਦੀ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਪ੍ਰਧਾਨ ਰੋਟੇਰੀਅਨ ਅਵਤਾਰ ਸਿੰਘ ਨੇ ਕਲੱਬ ਦੀਆਂ ਸਮਾਜ ਸੇਵੀ ਸੇਵਾਵਾਂ ਬਾਰੇ ਵਿਸਥਾਰਪੂਰਵਕ ਰਿਪੋਰਟ ਪੇਸ਼ ਕੀਤੀ। ਮੀਟਿੰਗ ਵਿੱਚ ਕਲੱਬ ਦੇ ਸਮਾਜ ਸੇਵਾ ਦੇ ਕੰਮਾਂ ਅਤੇ ਆਉਣ ਵਾਲੀਆਂ ਯੋਜਨਾਵਾਂ ਬਾਰੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਅਵਤਾਰ ਸਿੰਘ ਨੇ ਕੋਰਨੀਆ ਟਰਾਂਸਪਲਾਂਟ ਜਾਗਰੂਕਤਾ ਮੁਹਿੰਮ ਦੀ ਯੋਜਨਾ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ, ਜਿਸ ਤਹਿਤ ਪੇਂਡੂ ਖੇਤਰਾਂ 'ਚ ਸੈਮੀਨਾਰ ਕਰਵਾਏ ਜਾਣਗੇ।ਇਨ੍ਹਾਂ ਸੈਮੀਨਾਰਾਂ ਦਾ ਉਦੇਸ਼ ਪੇਂਡੂ ਭਾਈਚਾਰਿਆਂ ਨੂੰ ਕੋਰਨੀਆ ਟ੍ਰਾਂਸਪਲਾਂਟ ਦੀ ਮਹੱਤਤਾ ਅਤੇ ਇਸ ਦੇ ਲਾਭਾਂ ਬਾਰੇ ਜਾਗਰੂਕ ਕਰਨਾ ਹੈ। ਅਵਤਾਰ ਸਿੰਘ ਨੇ ਕਿਹਾ ਕਿ ਜਾਗਰੂਕਤਾ ਵਧਾ ਕੇ ਅੱਖਾਂ ਦਾਨ ਕਰਨ ਅਤੇ ਨੇਤਰਹੀਣਤਾ ਵਰਗੀਆਂ ਸਮੱਸਿਆਵਾਂ ਨੂੰ ਕਾਬੂ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਲੋਕਾਂ ਦਾ ਜੀਵਨ ਸੁਧਾਰਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮੀਟਿੰਗ ਨੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਲਈ ਸਰਕਾਰੀ ਸਕੂਲਾਂ ਵਿੱਚ ਚਲਾਏ ਜਾ ਰਹੇ 'ਰੈਕਟਿਸ' ਬਾਰੇ ਵੀ ਚਾਨਣਾ ਪਾਇਆ ਤੇ 'ਵਿਜ਼ਨ' ਪ੍ਰੋਜੈਕਟ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦਾ ਫੈਸਲਾ ਕੀਤਾ ਗਿਆ। ਇਸ ਪ੍ਰੋਜੈਕਟ ਦਾ ਉਦੇਸ਼ ਸਕੂਲਾਂ ਵਿੱਚ ਸਮੇਂ ਸਿਰ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਕਰਵਾ ਕੇ ਅੱਖਾਂ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਅਤੇ ਇਲਾਜ ਨੂੰ ਯਕੀਨੀ ਬਣਾਉਣਾ ਹੈ, ਤਾਂ ਜੋ ਬੱਚਿਆਂ ਦੀ ਵਿੱਦਿਅਕ ਕਾਰਗੁਜ਼ਾਰੀ ਪ੍ਰਭਾਵਿਤ ਨਾ ਹੋਵੇ। ਰੋਟਰੀ ਕਲੱਬ ਦੇ ਇਸ ਸਮਾਜਿਕ ਉਪਰਾਲੇ ਨਾਲ ਜਿੱਥੇ ਵਿਦਿਆਰਥੀਆਂ ਨੂੰ ਅੱਖਾਂ ਨਾਲ ਸਬੰਧਤ ਸਹੂਲਤਾਂ ਸਮੇਂ ਸਿਰ ਮਿਲਣਗੀਆਂ, ਉੱਥੇ ਹੀ ਉਨ੍ਹਾਂ ਦੀ ਦ੍ਰਿਸ਼ਟੀ ਵੀ ਸਿਹਤਮੰਦ ਢੰਗ ਨਾਲ ਵਿਕਸਿਤ ਹੋ ਸਕੇਗੀ। ਅਵਤਾਰ ਸਿੰਘ ਨੇ ਕਿਹਾ ਕਿ ਇਸ ਪ੍ਰੋਜੈਕਟ ਦਾ ਵਿਸ਼ੇਸ਼ ਤੌਰ 'ਤੇ ਉਨ੍ਹਾਂ ਬੱਚਿਆਂ ਨੂੰ ਫਾਇਦਾ ਹੋਵੇਗਾ ਜੋ ਨਿਯਮਤ ਸਿਹਤ ਸੇਵਾਵਾਂ ਤੋਂ ਵਾਂਝੇ ਹਨ। ਪੇਂਡੂ ਖੇਤਰਾਂ ਵਿੱਚ ਅੱਖਾਂ ਦਾਨ ਪ੍ਰਤੀ ਜਾਗਰੂਕਤਾ ਵਧਾਉਣ ਦੇ ਮੰਤਵ ਨਾਲ ਕੀਤੇ ਜਾ ਰਹੇ ਇਹ ਉਪਰਾਲੇ ਸਮਾਜ ਵਿੱਚ ਅੱਖਾਂ ਦੀ ਸਿਹਤ ਵਿੱਚ ਸੁਧਾਰ ਕਰਨ ਦਾ ਸਕਾਰਾਤਮਕ ਸੰਦੇਸ਼ ਦੇਣਗੇ। ਕਲੱਬ ਮੈਂਬਰਾਂ ਨੇ ਆਸ ਪ੍ਰਗਟਾਈ ਕਿ ਇਹ ਮੁਹਿੰਮ ਲੋਕਾਂ ਵਿੱਚ ਜਾਗਰੂਕਤਾ ਵਧਾਉਣ ਵਿੱਚ ਸਹਾਈ ਸਿੱਧ ਹੋਵੇਗੀ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ, ਤਾਂ ਜੋ ਨੇਤਰਹੀਣਾਂ ਨੂੰ ਜ਼ਿੰਦਗੀ ਵਿੱਚ ਨਵੀਂ ਦ੍ਰਿਸ਼ਟੀ ਮਿਲ ਸਕੇ। ਡੀ ਪੀ ਕਥੂਰੀਆ, ਇੰਦਰਪਾਲ ਸਚਦੇਵਾ, ਜਸਵੰਤ ਸਿੰਘ ਭੋਗਲ, ਕੁਲਜੀਤ ਸੈਣੀ, ਜੋਗਿੰਦਰ ਸਿੰਘ, , ਸੰਜੀਵ ਸ਼ਰਮਾ, ਐਲ.ਐਨ.ਵਰਮਾ, ਸੰਦੀਪ ਸ਼ਰਮਾ, ਐਚ.ਐਸ.ਓਬਰਾਏ ਅਤੇ ਰਜਨੀਸ਼ ਕੁਮਾਰ ਗੁਲਿਆਨੀ ਸਮੇਤ ਕਈ ਪ੍ਰਮੁੱਖ ਮੈਂਬਰ ਹਾਜ਼ਰ ਸਨ। ਸਾਰਿਆਂ ਨੇ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਕੋਰਨੀਆ ਟਰਾਂਸਪਲਾਂਟ ਜਾਗਰੂਕਤਾ ਅਤੇ 'ਰਿਸਾਈਟ ਵਿਜ਼ਨ' ਪ੍ਰੋਜੈਕਟ ਨੂੰ ਸਮਰਥਨ ਦੇਣ ਦਾ ਵਾਅਦਾ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਕੂੜੇ ਦੀ ਸਮੱਸਿਆ ਦਾ ਢੁਕਵਾਂ ਹੱਲ ਕਰਨ ਦੇ ਦਿੱਤੇ ਨਿਰਦੇਸ਼

**ਜਲੰਧਰ (ਸੁਰਿੰਦਰ ਕੁਮਾਰ)**- ਆਦਮਪੁਰ ਰੋਡ 'ਤੇ ਕੂੜੇ ਦੀ ਸਮੱਸਿਆ ਦੇ ਢੁੱਕਵੇਂ ਹੱਲ ਲਈ ਵਿਧਾਇਕ ਰਮਨ ਅਰੋੜਾ ਅਤੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜਲੰਧਰ ਨਗਰ ਨਿਗਮ ਦੇ ਕਮਿਸ਼ਨਰ ਗੌਤਮ ਜੈਨ ਸਮੇਤ ਮੌਕੇ ਦਾ ਦੌਰਾ ਕਰਕੇ ਹਾਲਾਤ ਦਾ ਜਾਇਜ਼ਾ ਲਿਆ। ਦੌਰੇ ਉਪਰੰਤ ਉਨ੍ਹਾਂ ਵੱਲੋਂ ਸਬੰਧਤ ਅਧਿਕਾਰੀਆਂ ਅਤੇ ਮਾਰਕੀਟ ਐਸੋਸੀਏਸ਼ਨ, ਰੇਹੜੀ ਐਸੋਸੀਏਸ਼ਨ ਅਤੇ ਰੈਜ਼ੀਡੈਂਸ਼ੀਅਲ ਕਲੋਨੀਆਂ ਦੇ ਨੁਮਾਇੰਦਿਆਂ ਨਾਲ ਇਸ ਮੁੱਦੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਸ਼ਹਿਰ ਨੂੰ ਸਾਫ-ਸੁਥਰਾ ਰੱਖਣ ਲਈ ਵਚਨਬੱਧ ਹੈ।

ਉਨ੍ਹਾਂ ਇਸ ਮੌਕੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਇਸ ਇਲਾਕੇ ਵਿੱਚ ਸਾਫ-ਸਫਾਈ ਲਈ ਢੁੱਕਵੇਂ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ।ਵਿਧਾਇਕ ਅਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਦਮਪੁਰ ਰੋਡ ਅਤੇ ਨਾਲ ਲਗਦੇ ਇਲਾਕੇ ਦੀ ਸਾਫ-ਸਫਾਈ ਲਈ ਵੱਖ-ਵੱਖ ਗਤੀਵਿਧੀਆਂ ਆਰੰਭੀਆਂ ਜਾਣਗੀਆਂ ਅਤੇ ਕੂੜੇ ਦੀ ਢੁੱਕਵੀਂ ਪ੍ਰੋਸੈਸਿੰਗ ਯਕੀਨੀ ਬਣਾਈ ਜਾਵੇਗੀ।ਉਨ੍ਹਾਂ ਇਸ ਮੌਕੇ ਮੀਟਿੰਗ ਵਿੱਚ ਸ਼ਾਮਲ ਮਾਰਕੀਟ ਐਸੋਸੀਏਸ਼ਨ, ਰੇਹੜੀ ਐਸੋਸੀਏਸ਼ਨ ਅਤੇ ਰੈਜ਼ੀਡੈਂਸ਼ੀਅਲ ਕਲੋਨੀਆਂ ਦੇ ਨੁਮਾਇੰਦਿਆਂ ਨੂੰ ਇਸ ਸੜਕ ਸਮੇਤ ਇਲਾਕੇ ਨੂੰ ਸਾਫ-ਸੁਥਰਾ ਬਣਾਉਣ ਵਿੱਚ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਬੰਧਤ ਵਿਭਾਗਾਂ ਦੇ ਅਧਿਕਾਰੀ ਅਤੇ ਮਾਰਕੀਟ ਐਸੋਸੀਏਸ਼ਨ, ਰੇਹੜੀ ਐਸੋਸੀਏਸ਼ਨ ਅਤੇ ਰੈਜ਼ੀਡੈਂਸ਼ੀਅਲ ਕਲੋਨੀਆਂ ਦੇ ਨੁਮਾਇੰਦੇ ਵੀ ਮੌਜੂਦ ਸਨ।

# ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਸਾਬਕਾ ਸੈਨਿਕਾਂ ਦੀ ਮੈਰਾਥਨ ਦਾ ਸਵਾਗਤ



**ਬਲਾਚੌਰ, (ਜਸਵਿੰਦਰ ਬੈਂਸ)**-ਮਿਲਟਰੀ ਸਕੂਲ ਚੈਲ ਹਿਮਾਚਲ ਪ੍ਰਦੇਸ਼ ਦੇ 100 ਸਾਲ ਪੂਰੇ ਹੋਣ ਸੰਬੰਧੀ ਹੋਣ ਵਾਲੇ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਲੈਫਟੀਨੈਂਟ ਜਨਰਲ ਇਕਬਾਲ ਸਿੰਘ ਦੀ ਅਗਵਾਈ ਹੇਠ ਵਜਰਾ ਕੋਰ ਜਲੰਧਰ ਤੋਂ ਚੈਲ ਲਈ ਰਵਾਨਾ ਸਾਬਕਾ ਫੌਜੀਆਂ ਦੇ ਮੈਰਾਥਨ ਕਾਫਲੇ ਦਾ ਪਿੰਡ ਸੁਧਾ ਮਾਜਰਾ ਵਿਖੇ ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਆਪਣੇ ਫਾਰਮ 'ਤੇ ਫਲੈਗ ਇਨ ਕਰਦਿਆਂ ਗਰਮਜੋਸ਼ੀ ਨਾਲ ਜੀ ਆਇਆਂ ਨੂੰ ਆਖਿਆ। ਲੈਫ: ਜਨ ਇਕਬਾਲ ਸਿੰਘ ਸਿੰਗਾਂ ਨੇ ਆਖਿਆ ਇਹ ਮੈਰਾਥਨ ਕਾਫਲਾ ਜਲੰਧਰ ਦੇ ਵਜਰਾ ਕੋਰ ਤੋਂ ਚੈਲ ਲਈ ਰਵਾਨਾ ਹੋਇਆ ਅਤੇ ਪਹਿਲੇ ਪੜਾਅ ਤਹਿਤ ਬ੍ਰਿਗੇਡੀਅਰ ਰਾਜ ਕੁਮਾਰ ਜਿਹੜੇ ਭਾਰਤੀ ਫੌਜ ਦੇ ਇਕ ਨਗੀਨੇ ਇਮਾਨਦਾਰ ਦੇਸ਼ ਨੂੰ ਸਮਰਪਤ ਅਧਿਕਾਰੀ ਹਨ, ਵੱਲੋਂ ਫਲੈਗ ਇਨ ਕਰਦਿਆਂ ਜਿਹੜਾ ਗਰਮਜੋਸ਼ੀ ਨਾਲ ਕਾਫਲੇ ਦਾ ਸਵਾਗਤ ਕੀਤਾ ਗਿਆ, ਉਸ ਲਈ ਅਸੀਂ ਧੰਨਵਾਦੀ ਹਾਂ। ਉਨ੍ਹਾਂ ਦੱਸਿਆ ਕਿ ਅਗਲੇ ਸਾਲ ਰਾਸ਼ਟਰੀਆ ਮਿਲਟਰੀ ਸਕੂਲ ਚੈਲ ਦੀ ਸਥਾਪਨਾ ਦੇ 100 ਸਾਲ ਪੂਰੇ ਹੋਣ ਜਾ ਰਹੇ ਹ। ਸਿੰਗਾਂ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਵਿੱਚੋਂ ਪੜ੍ਹੇ ਵਿਦਿਆਰਥੀ ਵੱਡੇ ਵੱਡੇ ਅਹੁਦਿਆਂ 'ਤੇ ਹਨ, ਦੇਸ਼ ਦੀ ਸੇਵਾ ਕਰ ਰਹੇ ਹਨ। ਉਨ੍ਹਾਂ ਸਾਬਕਾ ਫੌਜੀ ਅਫਸਰ, ਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਮ ਲੋਕਾਂ ਨੂੰ ਮਿਲਟਰੀ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਦੱਸਿਆ ਕਿ ਸਾਬਕਾ ਫੌਜੀਆਂ ਦੇ ਮੈਰਾਥਨ ਕਾਫਲੇ ਜਿਸ ਵਿੱਚ ਚਰਨ ਸਿੰਘ, ਰਾਜਨ, ਸੌਰਭ ਮੇਹਿਤੀ, ਸੰਦੀਪ, ਰਮਨਜੀਤ ਅੰਬਰਾਏ, ਸੁਰਜੀਤ ਸਿੰਘ, ਚਰਨ ਬੁਧਰਰ ਸ਼ਾਮਿਲ ਹਨ।ਇਸ ਮੌਕੇ ਬ੍ਰਿਗੇਡੀਅਰ ਰਾਜ ਕੁਮਾਰ ਬਜਾੜ ਨੇ ਲੈਫ. ਜਨ. ਆਈ ਐਸ ਸਿੰਗਾਂ ਤੇ ਸਮੁੱਚੀ ਟੀਮ ਦਾ ਧਨਵਾਦ ਕੀਤਾ। ਇਸ ਮੌਕੇ ਬ੍ਰਿਗੇਡੀਅਰ ਰਾਜ ਕੁਮਾਰ ਨੇ ਆਖਿਆ ਕਿ ਮਿਲਟਰੀ ਸਕੂਲ ਚੈਲ ਦਾ ਵਾਤਾਵਰਣ ਬਹੁਤ ਸੁਹਾਵਨਾ ਹੈ, ਇਸ ਸੰਸਥਾ ਵਿੱਚ ਵਿਦਿਆਰਥੀਆਂ ਨੂੰ ਸਿਖਲਾਈ ਦੇ ਨਾਲ ਨਾਲ ਫੌਜ ਨਾਲ ਸੰਬਧਤ ਗਤੀਵਿਧੀਆਂ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਅੱਜ ਬੜੀ ਖੁਸ਼ੀ ਦਾ ਦਿਹਾੜਾ ਹੈ ਕਿ ਪੁਰਾਣੇ ਸਾਥੀ ਅਫਸਰਾਂ ਤੇ ਜਵਾਨਾਂ ਨਾਲ ਮੁੜ ਤੋਂ ਮਿਲਣ ਦਾ ਮੌਕਾ ਨਸੀਬ ਹੋਇਆ। ਇਸ ਮੌਕੇ ਕੈਪਟਨ ਭਗਤ ਰਾਮ, ਕੈਪਟਨ ਬਿਕਰਮ ਸਿੰਘ, ਸੂਬੇਦਾਰ ਫਤਿਹ ਸਿੰਘ ਗਹੂੰਣ, ਕਾਬਲ ਸਿੰਘ ਚੇਚੀ, ਜਸਪਾਲ ਸਿੰਘ ਚੇਚੀ ਸੇਵਾ ਮੁਕਤ ਰੇਂਜ ਅਫਸਰ ਅਤੇ ਹੋਰ ਹਾਜ਼ਰ ਸਨ।

11-Nov-PAGE-9.qxd 11/10/2024 8:28 PM Page 1



# ਮੋਰਾਂਵਾਲੀ ਦੇ ਨੌਜਵਾਨਾਂ ਵਿਚਕਾਰ ਹੋਈ ਖ਼ੂਨੀ ਝੜਪ, ਤਿੰਨ ਦੀ ਮੌਤ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਅਤੇ ਸਰਬਜੀਤ ਸਿੰਘ ਬਾਹੀਆ ਐਸ.ਪੀ. ਵਲੋਂ 9 ਨਵੰਬਰ ਨੂੰ ਪਿੰਡ ਮੋਰਾਂਵਾਲੀ ਦੇ ਨੌਜਵਾਨਾਂ ਵਿਚਕਾਰ ਹੋਈ ਖ਼ੂਨੀ ਝੜਪ ਦੌਰਾਨ ਤਿੰਨ ਨੌਜਵਾਨਾਂ ਦੀ ਹੋਈ ਮੌਤ ਦੇ ਸਬੰਧ ਵਿੱਚ ਪ੍ਰੈਸ ਕਾਨਫਰੰਸ ਕੀਤੀ ਗਈ। ਪ੍ਰੈਸ ਕਾਨਫਰੰਸ ਦੌਰਾਨ ਐਸ.ਐਸ.ਪੀ ਲਾਂਬਾ ਨੇ ਦੱਸਿਆ ਕਿ ਪੁਲਸ ਨੂੰ ਬਾਅਦ ਦੁਪਹਿਰ ਕਰੀਬ 2 ਵਜੇ ਸੂਚਨਾ ਮਿਲੀ ਕਿ ਪਿੰਡ ਮੋਰਾਂਵਾਲੀ ਵਿਖੇ ਪਿੰਡ ਦੇ ਨੌਜਵਾਨ ਲੜਕਿਆਂ ਦੇ ਦੋ ਗਰੁੱਪਾਂ ਵਿੱਚ ਪਿਛਲੀ ਰੰਜਿਸ਼ ਦੇ ਚਲਦਿਆਂ ਤਕਰਾਰ ਹੋਇਆ। ਜਿਸ 'ਤੇ ਦੋਵਾਂ ਧਿਰਾਂ ਵਲੋਂ ਹੋਰ ਨੌਜਵਾਨਾਂ ਨੂੰ ਮੌਕੇ 'ਤੇ ਸੱਦ ਲਿਆ ਗਿਆ। ਜਿਸ 'ਤੇ ਇਹ ਝਗੜਾ ਵੱਧ ਗਿਆ ਅਤੇ ਇਹ ਝਗੜਾ ਤਿੰਨ ਨੌਜਵਾਨਾਂ ਦੀ ਮੌਤ ਦਾ ਕਾਰਨ ਬਣ ਗਿਆ। ਉਨ੍ਹਾਂ ਦੱਸਿਆ ਕਿ ਮੁਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਕੁਝ ਦਿਨ ਪਹਿਲਾਂ ਵੀ ਇਨ੍ਹਾਂ ਦੋਵਾਂ ਗਰੁੱਪਾਂ ਵਿੱਚ ਤਕਰਾਰ ਹੋਇਆ ਸੀ। ਮਨਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨਸ਼ਾ-ਛਡਾਊ ਕੇਂਦਰ ਚਲਾਉਂਦੇ ਸਨ।ਜਿਨ੍ਹਾਂ ਦੀ ਪਹਿਲਾਂ ਵੀ ਤਕਰਾਰ ਹੋ ਚੁੱਕੀ ਸੀ।ਇੱਕ ਗਰੁੱਪ ਦਾ ਮੋਹਰੀ ਮਨਪ੍ਰੀਤ ਸਿੰਘ ਉਰਫ ਮਨੀ ਅਤੇ ਦੂਸਰੇ ਗਰੁੱਪ ਦਾ ਮੋਹਰੀ ਗੁਰਪ੍ਰੀਤ ਸਿੰਘ ਗੋਪੀ ਸੀ। ਇਨ੍ਹਾਂ ਦੋਵਾਂ ਗਰੁੱਪਾਂ ਦਾ ਅੱਜ ਆਪਸੀ ਟਕਰਾਉ ਹੋਇਆ। ਇਸ ਦੌਰਾਨ ਗੁਰਪ੍ਰੀਤ ਸਿੰਘ ਗੋਪੀ ਨੇ ਨਸ਼ਾ ਛਡਾਊ ਕੇਂਦਰ ਤੋਂ ਫੋਨ ਕਰਕੇ ਹੋਰ ਨੌਜਵਾਨ ਸੱਦ ਲਏ ਜਿਨ੍ਹਾਂ ਕੋਲ ਕੁਹਾੜਾ, ਦਾਤਰ ਅਤੇ ਹੋਰ ਤੇਜ਼ਧਾਰ ਹਥਿਆਰ ਸਨ। ਉਨ੍ਹਾਂ ਵਲੋਂ ਇਨ੍ਹਾਂ ਹਥਿਆਰਾਂ ਨਾਲ ਦੂਸਰੀ ਧਿਰ 'ਤੇ ਹਮਲਾ ਕੀਤਾ ਜਿਸ ਕਰਕੇ ਮਨਪ੍ਰੀਤ ਉਰਫ ਮਨੀ ਪਿੰਡ ਮੋਰਾਂਵਾਲੀ, ਸੁੱਖਪਿਆਰ ਸਿੰਘ ਉਰਫ ਸੁੱਖਾ ਪਿੰਡ ਮੋਰਾਂਵਾਲੀ ਅਤੇ ਸਰਨਪ੍ਰੀਤ ਸਿੰਘ ਪਿੰਡ ਬੰਗਾ ਦੇ ਜ਼ਿਆਦਾ ਡੂੰਘੇ ਟੱਕ ਲੱਗ ਗਏ। ਹਸਪਤਾਲ ਪਹੁੰਚਣ 'ਤੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਜ਼ਖਮੀ ਨੌਜਵਾਨ ਹਸਪਤਾਲ ਵਿੱਚ ਪੁਲਿਸ ਦੀ ਨਿਗਰਾਨੀ ਹੇਠ ਜ਼ੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਜ਼ਖਮੀਆਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਨੂੰ ਅਰੈਸਟ ਕੀਤਾ ਜਾਵੇਗਾ। ਉਨ੍ਹਾਂ ਦਸਿਆ ਕਿ ਪੁਲਸ ਨੇ ਕਾਰਵਾਈ ਕਰਦਿਆ ਹਮਲੇ ਵਿੱਚ ਸ਼ਾਮਲ ਸ਼ੱਕੀ 5 ਨੌਜਵਾਨਾਂ ਨੂੰ ਵੀ ਅਰੈਸਟ ਕੀਤਾ ਹੈ ਅਤੇ ਇਸ ਝਗੜੇ ਵਿੱਚ ਸ਼ਾਮਲ ਹੋਰ ਨੌਜਵਾਨਾਂ ਨੂੰ ਅਰੈਸਟ ਕਰਨ ਲਈ ਪੁਲਸ ਬਣਦੀ ਕਾਰਵਾਈ ਕਰ ਰਹੀ ਹੈ। ਫਿਲਹਾਲ ਮਰਨ ਵਾਲੇ ਨੌਜਵਾਨਾਂ ਦੇ ਮਾਪਿਆਂ ਦੇ ਬਿਆਨਾਂ ਦੇ ਅਧਾਰ 'ਤੇ ਪਰਚਾ ਦਰਜ ਕਰ ਲਿਆ ਗਿਆ ਹੈ।

# ਡੀ ਏ ਪੀ ਖਾਦ ਦੀ ਜਮ੍ਹਾਂਖੋਰੀ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ



**ਕਪੂਰਥਲਾ/ਫਗਵਾੜਾ (ਜਸਵਿੰਦਰ ਢੱਡਾ)**-ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਕਿਹਾ ਹੈ ਕਿ ਜ਼ਿਲ੍ਹੇ ਭਰ ਵਿਚ ਲੋੜੀਂਦੀ ਮਾਤਰਾ ਵਿਚ ਡੀ.ਏ.ਪੀ. ਤੇ ਹੋਰ ਖਾਦਾਂ ਦੀ ਉਪਲਬਧਤਾ ਹੈ ਅਤੇ ਕਿਸੇ ਵੀ ਡੀਲਰ ਵਲੋਂ ਖਾਦ ਦੀ ਜਮ੍ਹਾਂਖੋਰੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਹਿਕਾਰੀ ਸੁਸਾਇਟੀਆਂ ਤੇ ਡੀਲਰਾਂ ਰਾਹੀਂ ਕਿਸਾਨਾਂ ਨੂੰ ਖਾਦ ਮੁਹੱਈਆ ਕਰਵਾਈ ਜਾ ਰਹੀ ਹੈ ਤੇ ਜੇਕਰ ਕਿਸੇ ਡੀਲਰ ਵਲੋਂ ਜਮ੍ਹਾਂਖੋਰੀ ਕੀਤੀ ਪਾਈ ਗਈ ਤਾਂ ਉਸ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਤੇ ਉਪ ਮੰਡਲ ਪੱਧਰੀ ਟੀਮਾਂ ਵਲੋਂ ਖਾਦ ਵਿਕਰੇਤਾਵਾਂ ਦੀ ਲਗਾਤਾਰ ਜਾਂਚ ਕੀਤੀ ਜਾ ਰਹੀ ਹੈ, ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਪੰਚਾਲ ਨੇ ਇਹ ਵੀ ਹਦਾਇਤ ਕੀਤੀ ਕਿ ਜੇਕਰ ਕੋਈ ਖਾਦ ਵਿਕਰੇਤਾ ਸਰਕਾਰ ਵਲੋਂ ਨਿਰਧਾਰਤ ਰੇਟ ਤੋਂ ਵੱਧ ਵਸੂਲਦਾ ਹੈ ਜਾਂ ਕੋਈ ਟੈਗਿੰਗ ਕਰਦਾ ਹੈ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਸਖਤ ਕਾਰਵਾਈ ਕੀਤੀ ਜਾਵੇਗੀ।ਇਸੇ ਦੌਰਾਨ ਅੱਜ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਟੀਮਾਂ ਵਲੋਂ ਜ਼ਿਲ੍ਹੇ ਭਰ ਵਿਚ ਖਾਦ ਵਿਕਰੇਤਾਵਾਂ ਦੀ ਜਾਂਚ ਕੀਤੀ ਗਈ।ਮੁੱਖ ਖੇਤੀਬਾੜੀ ਅਫਸਰ ਡਾ. ਬਲਬੀਰ ਚੰਦ ਦੀ ਅਗਵਾਈ ਵਿਚ ਟੀਮਾਂ ਵਲੋਂ ਮੈਸਰਜ਼ ਕਸਤੂਰੀ ਲਾਲ ਤੇ ਸੁਭਾਸ਼ ਚੰਦਰ, ਮੈਸਰਜ਼ ਅਮੀ ਚੰਦ ਸ਼ਾਦੀ ਰਾਮ, ਮੈਸਰਜ਼ ਬ੍ਰਿਜ ਮੋਹਣ ਐਂਡ ਬ੍ਰਦਰਜ਼, ਮੈਸਰਜ਼ ਮਨੋਹਰ ਲਾਲ ਪਾਠਕ ਐਂਡ ਸੰਨਜ਼ ਤੇ ਮੈਸਰਜ਼ ਦੀਨਾ ਨਾਥ ਰਾਮ ਸਰੂਪ ਆਦਿ ਡੀਲਰਾਂ ਦੀ ਜਾਂਚ ਕੀਤੀ ਗਈ।ਇਸ ਤੋਂ ਇਲਾਵਾ ਸੁਲਤਾਨਪੁਰ ਲੋਧੀ ਵਿਖੇ ਖੇਤੀਬਾੜੀ ਅਫਸਰ ਗੁਰਪ੍ਰੀਤ ਸਿੰਘ ਤੇ ਡਾ. ਜਸਪਾਲ ਸਿੰਘ ਧੰਜੂ ਖੇਤੀਬਾੜੀ ਵਿਕਾਸ ਅਫਸਰ ਦੀ ਅਗਵਾਈ ਵਿਚ ਟੀਮਾਂ ਵਲੋਂ ਵਿਆਪਕ ਪੱਧਰ 'ਤੇ ਡੀਲਰਾਂ ਦੀ ਜਾਂਚ ਕੀਤੀ ਗਈ।

ਟੀਮਾਂ ਨੇ ਰਾਜ ਪੈਸਟੀਸਾਇਡ ਡਡਵਿੰਡੀ, ਕਿਸਾਨ ਖੇਤੀ ਸਟੋਰ ਡਡਵਿੰਡੀ, ਖਿੰਡਾ ਖੇਤੀ ਸੈਂਟਰ ਸੁਲਤਾਨਪੁਰ ਲੋਧੀ, ਪੰਜਾਬ ਖੇਤੀ ਸਟੋਰ ਸੁਲਤਾਨਪੁਰ ਲੋਧੀ, ਜਨਤਾ ਫਰਟੀਲਾਈਜ਼ਰ ਸੈਂਟਰ ਸੁਲਤਾਨਪੁਰ ਲੋਧੀ, ਜਿੰਮੀਂਦਾਰਾ ਖਾਦ ਸਟੋਰ ਤਲਵੰਡੀ ਚੌਧਰੀਆਂ, ਚੰਦੀ ਪੈਸਟੀਸਾਇਡ ਤਲਵੰਡੀ ਚੌਧਰੀਆਂ, ਦਸ਼ਮੇਸ਼ ਖਾਦ ਸਟੋਰ ਤਲਵੰਡੀ ਚੌਧਰੀਆਂ, ਯੂਨਾਇਟਡ ਸੇਲਜ਼ ਕਾਰਪੋਰੇਸ਼ਨ ਸੁਲਤਾਨਪੁਰ ਲੋਧੀ ਤੇ ਗੁਰੂ ਅਮਰਦਾਸ ਖਾਦ ਸਟੋਰ ਤਲਵੰਡੀ ਚੌਧਰੀਆਂ ਦੀ ਜਾਂਚ ਕੀਤੀ ਗਈ।

ਟੀਮਾਂ ਵਲੋਂ ਜਿੱਥੇ ਕਿਸਾਨਾਂ ਨਾਲ ਲਗਾਤਾਰ ਰਾਬਤਾ ਰੱਖਿਆ ਜਾ ਰਿਹਾ ਹੈ, ਉਥੇ ਹੀ ਡੀਲਰਾਂ ਦੇ ਸਟਾਕ ਰਜਿਸਟਰਾਂ ਵਿਚ ਦਰਜ ਖਾਦ ਦਾ ਸਟੋਰ ਵਿਚ ਪਈ ਖਾਦ ਨਾਲ ਮਿਲਾਣ ਕੀਤਾ ਗਿਆ।

# ਕੇਂਦਰੀ ਮੰਤਰੀ ਨੇ ਸਥਾਨਕ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਕੇਂਦਰੀ ਊਰਜਾ ਅਤੇ ਆਵਾਸ ਅਤੇ ਸ਼ਹਿਰੀ ਕਾਰਜ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਹਰਿਆਣਾ ਦੀ ਊਰਜਾ ਨੀਤੀ ਦੀ ਪੂਰੇ ਦੇਸ਼ ਵਿਚ ਸ਼ਲਾਘਾ ਹੋ ਰਹੀ ਹੈ। ਲਾਈਨ ਲਾਸ ਨੂੰ ਘੱਟ ਕਰਨ ਲਈ ਸੂਬਾ ਸਰਕਾਰ ਵੱਲੋਂ ਜੋ ਕਦਮ ਚੁੱਕੇ ਗਏ ਹਨ, ਉਨ੍ਹਾਂ ਦਾ ਨਤੀਜਾ ਹੈ ਕਿ ਸਾਲ 2014 ਵਿਚ ਹਰਿਆਣਾ ਵਿਚ ਲਾਈਨ ਲਾਸ 34 ਫੀਸਦੀ ਸੀ, ਜੋ ਅੱਜ ਘਟ ਕੇ 10 ਫੀਸਦੀ ਰਹਿ ਗਿਆ ਹੈ। ਹਰਿਆਣਾ ਦੇ ਸਾਰੇ ਬਿਜਲੀ ਨਿਗਮ ਏ+ ਰੇਟਿੰਗ ਵਿਚ ਹਨ। ਮਨੋਹਰ ਲਾਲ ਹਰਿਆਣਾ ਸਿਵਲ ਸਕੱਤਰੇਤ, ਚੰਡੀਗੜ੍ਹ ਵਿਚ ਊਰਜਾ ਅਤੇ ਸ਼ਹਿਰੀ ਸਥਾਨਕ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਮੀਟਿੰਗ ਕਰਨ ਬਾਅਦ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਹਰਿਆਣਾ ਦੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਵੀ ਮੌਜੂਦ ਸਨ।ਕੇਂਦਰੀ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਸਾਰੇ ਸੂਬਿਆਂ ਦੇ ਨਾਲ ਦੋਵਾਂ ਵਿਭਾਗਾਂ ਦੀਆਂ ਯੋਜਨਾਵਾਂ ਦੇ ਸਬੰਧ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਲੜੀ ਵਿਚ ਅੱਜ ਹਰਿਆਣਾ ਦੇ ਨਾਲ ਮੀਟਿੰਗਾਂ ਹੋਈਆਂ ਹਨ। ਦੋਵਾਂ ਵਿਭਾਗਾਂ ਦੀਆਂ ਚਾਲੂ ਪਰਿਯੋਜਨਾਵਾਂ ਅਤੇ ਨਵੀਂਆਂ ਯੋਜਨਾਵਾਂ ਦੇ ਸਬੰਧ ਵਿਚ ਚਰਚਾ ਕੀਤੀ ਗਈ।ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਬਿਜਲੀ ਦੀ ਮੌਜੂਦਾ ਤੇ ਭਵਿੱਖ ਦੀ ਜ਼ਰੂਰਤ, ਟ੍ਰਾਂਸਮਿਸ਼ਨ ਲਾਈਨਾਂ ਦੀ ਮਜ਼ਬੂਤੀ ਲਈ ਆਰ ਆਰ ਡੀ ਐਸ ਵਰਗੇ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਅੱਜ ਦੀ ਮੀਟਿੰਗ ਦੌਰਾਨ ਇਸ ਵਿਸ਼ਾ 'ਤੇ ਵੀ ਚਰਚਾ ਕੀਤੀ ਗਈ ਹੈ ਕਿ ਹਰਿਆਣਾ ਦੀ ਬਿਜਲੀ ਕੰਪਨੀਆਂ ਨੂੰ ਪਬਲਿਕ ਲਿਸਟਿੰਗ ਵਿਚ ਲਿਆਇਆ ਜਾ ਸਕਦਾ ਹੈ। ਸਵੱਛ ਭਾਰਤ 2.0 ਪ੍ਰੋਜੈਕਟ ਤਹਿਤ ਸੋਲਿਡ ਵੇਸਟ ਮੈਨੇਜਮੈਂਟ ਅਤੇ ਕੂੜਾ ਨਿਸਤਾਰਣ ਦੀ ਸਮੀਖਿਆ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਸਵੱਛਤਾ ਨੂੰ ਲੈ ਕੇ ਲਗਾਤਾਰ ਵਿਵਸਥਾਵਾਂ ਬਣਾਈ ਜਾ ਰਹੀਆਂ ਇਨ। ਡੋਰ ਟੂ ਡੋਰ ਕੂੜਾ ਇਕੱਠਾ ਕੀਤਾ ਜਾ ਰਿਹਾ ਹੈ। ਹੁਣ ਲੋਕ ਗਿੱਲਾ ਅਤੇ ਸੁੱਖਾ ਕੂੜਾ ਦੇ ਵੱਖ-ਵੱਖ ਰੱਖ ਰਹੇ ਹਨ। ਕੂੜੇ ਦੇ ਨਿਸਤਾਰਣ ਦੇ ਪਲਾਂਟ ਲਗਾਏ ਜਾ ਰਹੇ ਹਨ। ਫਰੀਦਾਬਾਦ ਵਿਚ ਕੂੜੇ ਨਾਲ ਚਾਰਕੋਲ ਬਣਾਉਣ ਲਈ ਐਨ ਟੀ ਪੀ ਸੀ ਦੇ ਨਾਲ ਐਮ ਓ ਯੂ ਕੀਤਾ ਹੈ।

# ਜੀ ਡੀ ਗੋਇਨਕਾ ਸਕੂਲ ਨੇ ਐਥਲੈਟਿਕ ਮੀਟ 'ਚ ਮਾਰੀ ਬਾਜ਼ੀ




**ਕਪੂਰਥਲਾ (ਹਨੀ)** ਸਾਹੋਦਿਆ ਕਪੂਰਥਲਾ ਵਲੋਂ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਖੇ ਕਰਵਾਈ ਗਈ ਇੰਟਰ ਐਥਲੈਟਿਕ ਮੀਟ ਵਿੱਚ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਕਰਦਿਆਂ ਵੱਡੀਆਂ ਮੱਲਾਂ ਮਾਰੀਆਂ।

ਪ੍ਰਿੰਸੀਪਲ ਊਸ਼ਾ ਪਰਮਾਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 10ਵੀਂ ਜਮਾਤ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੇ ਅੰਡਰ 17 ਸ਼ਾਟ ਪੁੱਟ 'ਚ ਦੂਜਾ ਸਥਾਨ ਹਾਸਲ ਕਰਨ ਵਿੱਚ ਸਫਲ ਰਹੀ।ਜਦਕਿ ਰਿਲੇਅ ਦੌੜ 4 ਗੁਣਾ 100 'ਚ ਮੁਰਲੀਧਰ, ਵੰਸ਼ਦੀਪ, ਦਿਲਰਾਜ ਅਤੇ ਸੁਖਬੀਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਨੇ ਵਿਦਿਆਰਥੀਆਂ ਦੀਆਂ ਕੋਸ਼ਿਸ਼ਾਂ 'ਤੇ ਮਾਣ ਪ੍ਰਗਟ ਕੀਤਾ ਅਤੇ ਕਿਹਾ ਕਿ ਸਕੂਲ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।ਉਨ੍ਹਾਂ ਨੇ ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਮਿਹਨਤ ਅਤੇ ਖੇਡ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਗੋਪਾਸ਼ਟਮੀ ਭਗਵਾਨ ਕ੍ਰਿਸ਼ਨ ਤੇ ਗਊ ਮਾਤਾ ਦੀ ਪੂਜਾ ਨੂੰ ਸਮਰਪਤ : ਸੰਜੀਵ ਅਰੋੜਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਭਾਰਤ ਵਿਕਾਸ ਪਰਿਸ਼ਦ ਦੁਆਰਾ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਦੇਖ-ਰੇਖ ਵਿੱਚ ਗੋਪਾਸ਼ਟਮੀ ਦੇ ਮੌਕੇ ਸ੍ਰੀ ਰਾਧਾ ਕ੍ਰਿਸ਼ਨ ਮੰਦਰ ਗਊਸ਼ਾਲਾ, ਆਦਮਵਾਲ ਰੋਡ ਵਿੱਚ ਗਊ ਮਾਤਾ ਦੀ ਪੂਜਾ ਅਰਚਨਾ ਕਰਕੇ ਗੋਪਾਸ਼ਟਮੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਲਲਿਤਾ ਅਰੋੜਾ ਅਤੇ ਰਿਟਾਇਰਡ ਪ੍ਰਿੰਸੀਪਲ ਤਜਿੰਦਰ ਅਰੋੜਾ ਵਿਸ਼ੇਸ਼ ਤੌਰ ਤੇ ਮੌਜੂਦ ਹੋਏ। ਇਸ ਮੌਕੇ ਪਰਿਸ਼ਦ ਮੈਂਬਰਾਂ ਦੁਆਰਾ ਗਊ ਮਾਤਾ ਦੀ ਪੂਜਾ ਅਤੇ ਗਊਆਂ ਨੂੰ ਪੇੜਾ, ਚਾਰਾ ਅਤੇ ਗੁੜ ਖਵਾਇਆ ਗਿਆ। ਆਪਣੇ ਸੰਬੋਧਨ ਵਿੱਚ ਸੰਜੀਵ ਅਰੋੜਾ ਨੇ ਕਿਹਾ ਕਿ ਗੋਪਾਸ਼ਟਮੀ ਦੇ ਤਿਉਹਾਰ ਤੇ ਸਾਰੇ ਆਪਣੇ ਆਲੇ-ਦੁਆਲੇ ਦੀਆਂ ਗਊਸ਼ਾਲਾਂ ਵਿੱਚ ਜਾਣ ਅਤੇ ਜਿੱਥੇ ਵੀ ਗਊ ਮਾਤਾ ਰਹਿੰਦੀ ਹੈ, ਉਸ ਸਥਾਨਾਂ 'ਤੇ ਜ਼ਰੂਰ ਜਾਣ ਅਤੇ ਗਊ ਮਾਤਾ ਦਾ ਦਰਸ਼ਨ ਪੂਜਨ ਕਰਕੇ ਉਨ੍ਹਾਂ ਨੂੰ ਚਾਰਾ, ਗੁੜ ਜ਼ਰੂਰ ਖਵਾਉਣ ਤਾਂ ਜੋ ਗਊ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਹੋ ਸਕੇ ਅਤੇ ਗਰੀਬ ਗਊ ਪਾਲਕਾਂ ਦੀ ਜਿੰਨੀ ਹੋ ਸਕੇ ਸੰਭਵ ਆਰਥਿਕ ਸਹਾਇਤਾ ਕੀਤੀ ਜਾਣੀ ਚਾਹੀਦੀ ਹੈ। ਡੀ.ਈ.ਓ. ਲਲਿਤਾ ਅਰੋੜਾ ਨੇ ਕਿਹਾ ਕਿ ਜੇਕਰ ਆਪਣਾ ਕਲਿਆਣ ਚਾਹੁੰਦੇ ਹੋ ਤਾਂ ਗਊਆਂ ਨੂੰ ਬਚਾਉ। ਇਸ ਨਾਲ ਤੁਹਾਡੀ ਉਮਰ ਲੰਬੀ ਹੋਵੇਗੀ, ਤੁਹਾਡਾ ਇੱਜ਼ਤ ਮਾਣ ਸਮਾਜ ਵਿੱਚ ਵਧੇਗਾ । ਸਕੱਤਰ ਰਾਜਿੰਦਰ ਮੋਦਗਿੱਲ ਨੇ ਕਿਹਾ ਕਿ ਸਨਾਤਨ ਧਰਮ ਦੇ ਨਿਯਮਾਂ ਅਨੁਸਾਰ ਗਊ ਮਾਤਾ ਦੀ ਪੂਜਾ ਕਰਨਾ ਸਭ ਤੋਂ ਉਤਮ ਪੂਜਾ ਮੰਨਿਆ ਗਿਆ ਹੈ ਅਤੇ ਇਹ ਪੂਜਾ ਕਰਨ ਦੇ ਨਾਲ ਭਗਵਾਨ ਕ੍ਰਿਸ਼ਨ ਜੀ ਦਾ ਆਸ਼ੀਰਵਾਦ ਮਿਲਦਾ ਹੈ। ਇਸ ਮੌਕੇ ਸਕੱਤਰ ਰਾਜਿੰਦਰ ਮੋਦਗਿੱਲ, ਨਿਸ਼ਠਾ ਅਰੋੜਾ, ਐਚ.ਕੇ. ਨੱਕੜਾ, ਰਮੇਸ਼ ਭਾਟੀਆ, ਅਮਰਜੀਤ ਸ਼ਰਮਾ ਅਤੇ ਹੋਰ ਮੌਜੂਦ ਸਨ।

## ਹਰਿਆਣਾ 'ਚ ਜਲਦੀ ਹੀ ਪਿੰਡਾਂ 'ਚ 2 ਲੱਖ ਲੋਕਾਂ ਨੂੰ 100-100 ਗਜ਼ ਦੇ ਪਲਾਟ ਵੰਡੇ ਜਾਣਗੇ : ਸੈਨੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਜਲਦੀ ਹੀ ਪਿੰਡਾਂ ਅੰਦਰ 2 ਲੱਖ ਲੋਕਾਂ ਨੂੰ 100-100 ਗਜ਼ ਦੇ ਪਲਾਟ ਵੰਡੇ ਜਾਣਗੇ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਆਵਾਸ ਯੋਜਨਾ (ਗ੍ਰਾਮੀਣ) ਤਹਿਤ ਇਨ੍ਹਾਂ ਲਾਭਕਾਰਾਂ ਨੂੰ ਮਕਾਨ ਬਣਾਉਣ ਤਹਿਤ ਮਾਲੀ ਸਹਾਇਤਾ ਵੀ ਉਪਲਬਧ ਕਰਵਾਈ ਜਾਵੇਗੀ।ਮੁੱਖ ਮੰਤਰੀ ਇੱਥੇ ਹਾਊਸਿੰਗ ਫਾਰ ਆਲ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਸ਼ਣ ਲਾਲ ਪੰਵਾਰ ਅਤੇ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਵਿਪੁਲ ਗੋਇਲ ਵੀ ਮੌਜੂਦ ਰਹੇ।ਉਨ੍ਹਾਂ ਕਿਹਾ ਕਿ 100-100 ਗਜ਼ ਦੇ ਪਲਾਟ ਸ਼ਹਿਰਾਂ ਦੀ ਤਰਜ਼ 'ਤੇ ਸਾਰੇ ਬੁਨਿਆਦੀ ਸਹੂਲਤਾਂ ਨਾਲ ਲੈਸ ਵਿਕਸਿਤ ਕਲੋਨੀਆਂ ਵਿਚ ਦਿੱਤੇ ਜਾਣਗੇ, ਜਿਨ੍ਹਾਂ ਵਿਚ ਪੱਕੀਆਂ ਸੜਕਾਂ, ਬਿਜਲੀ, ਸਾਫ ਪੀਣ ਦੇ ਪਾਣੀ, ਸਟ੍ਰੀਟ ਲਾਈਟ, ਸੌਰ ਊਰਜਾ, ਪਾਰਕ ਅਤੇ ਓਪਨ ਗ੍ਰੀਨ ਸਪੇਸ ਵਰਗੀਆਂ ਸਾਰੀਆਂ ਮੁਢਲੀਆਂ ਸਹੂਲਤਾਂ ਉਪਲਬਧ ਹੋਣਗੀਆਂ।ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਤਹਿਤ ਫੈਲਟ ਹੋਣ ਤਹਿਤ ਰਜਿਸਟਰਡ ਬਿਨੈਕਾਰਾਂ ਨੂੰ ਪਹਿਲੇ ਪੜਾਅ ਵਿਚ 8 ਜ਼ਿਲ੍ਹਿਆਂ ਵਿਚ ਨਿੱਜੀ ਡਿਵੈਲਪਰਸ ਵੱਲੋਂ ਈ ਡਬਲਯੂ ਐਸ ਸ਼੍ਰੇਣੀ ਲਈ ਬਣਾਏ ਗਏ 6618 ਫਲੈਟਸ ਦੀ ਅਲਾਟਮੈਂਟ ਵੀ ਜਲਦੀ ਕੀਤੀ ਜਾਵੇਗੀ।

## ਫੌਜ ਦੇ ਪੈਨਸ਼ਨਰਾਂ ਲਈ ਵਿਸ਼ੇਸ਼ ਕੈਂਪ 11 ਤੋਂ 22 ਤੱਕ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸਥਾਨਕ ਜਲੰਧਰ ਦੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਇਰੈਕਟਰ ਰੱਖਿਆ ਸੇਵਾਵਾਂ ਭਲਾਈ, ਪੰਜਾਬ ਦੀਆਂ ਹਦਾਇਤਾਂ 'ਤੇ 11 ਤੋਂ 22 ਨਵੰਬਰ ਤੱਕ ਜੀਵਨ ਪ੍ਰਮਾਣ ਪੱਤਰ ਪੰਦਰਵਾੜਾ ਮਨਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਫੌਜ ਦੇ ਪੈਨਸ਼ਨਰਾਂ ਨੂੰ ਪੈਨਸ਼ਨ ਸਪਰਸ਼ ਪ੍ਰਣਾਲੀ ਰਾਹੀਂ ਮਿਲਦੀ ਹੈ ਅਤੇ ਸਾਰੇ ਪੈਨਸ਼ਨਰਾਂ ਨੂੰ ਮਹੀਨਾ ਨਵੰਬਰ ਵਿੱਚ ਆਪਣੇ ਜੀਵਤ ਸਰਟੀਫਿਕੇਟ ਸਪਰਸ਼ ਉਪਰ ਅਪਲੋਡ ਕਰਨੇ ਜ਼ਰੂਰੀ ਹੁੰਦੇ ਹਨ ਤਾਂ ਜੋ ਉਨ੍ਹਾਂ ਦੀ ਪੈਨਸ਼ਨ ਜਾਰੀ ਰਹੇ।ਉਨ੍ਹਾਂ ਅੱਗੇ ਦੱਸਿਆ ਕਿ ਸਾਬਕਾ ਫੌਜੀਆਂ, ਉਨ੍ਹਾਂ ਦੀਆਂ ਵਿਧਵਾਵਾਂ ਅਤੇ ਆਸ਼ਰਿਤ ਪੈਨਸ਼ਨਰਾਂ ਦੀ ਮਹੀਨਾ ਨਵੰਬਰ 2024 ਵਿੱਚ ਹਾਜ਼ਰੀ ਲੱਗਣਯੋਗ ਹੈ ਅਤੇ ਸਪਰਸ਼ 'ਤੇ ਜੀਵਨ ਪ੍ਰਮਾਣ ਪੱਤਰ ਅਪਲੋਡ ਕਰਨ ਵਿੱਚ ਉਨ੍ਹਾਂ ਦੀ ਸਹੂਲਤ ਲਈ ਸਥਾਨਕ ਸ਼ਾਸਤਰੀ ਮਾਰਕੀਟ ਸਥਿਤ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਵਿਖੇ 11 ਤੋਂ 22 ਨਵੰਬਰ 2024 (ਸਰਕਾਰੀ ਛੁੱਟੀਆਂ ਨੂੰ ਛੱਡ ਕੇ) ਤੱਕ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ।ਉਨ੍ਹਾਂ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਫੌਜ ਦੀ ਪੈਨਸ਼ਨ ਦਾ ਪੀ.ਓ., ਆਧਾਰ ਕਾਰਡ, ਬੈਂਕ ਦੀ ਪਾਸ ਬੁੱਕ, ਜਿਸ ਵਿੱਚ ਪੈਨਸ਼ਨ ਆ ਰਹੀ ਹੈ, ਸਮੇਤ ਆਪਣਾ ਮੋਬਾਇਲ, ਜਿਸ ਵਿੱਚ ਪੈਨਸ਼ਨ ਦਾ ਮੈਸੇਜ ਆਉਂਦਾ ਹੈ, ਆਦਿ ਦਸਤਾਵੇਜ਼ ਕੈਂਪ ਵਿੱਚ ਨਾਲ ਲੈ ਕੇ ਆਉਣ ਦੀ ਅਪੀਲ ਕੀਤੀ।

## ਸ਼ਨੀਵਾਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੇ ਸੰਭਾਵੀ ਟੀਚੇ ਦੀ 88 ਫੀਸਦੀ ਆਮਦ ਹੋਈ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੀਆਂ 18 ਮੰਡੀਆਂ ਵਿੱਚ ਚੱਲ ਰਹੇ ਝੋਨੇ ਦੇ ਖਰੀਦ ਕਾਰਜ ਮੁਕੰਮਲ ਹੋਣ ਵੱਲ ਵਧ ਰਹੇ ਹਨ। ਸ਼ਨੀਵਾਰ ਸ਼ਾਮ ਤੱਕ ਜ਼ਿਲੇ ਦੀਆਂ ਮੰਡੀਆਂ ਵਿੱਚ ਇਸ ਸਾਲ ਦੇ ਸੰਭਾਵੀ ਆਮਦ ਟੀਚੇ ਦਾ 88 ਫੀਸਦੀ ਝੋਨਾ ਖਰੀਦਿਆ ਜਾ ਚੁੱਕਾ ਹੈ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਨੁਸਾਰ ਝੋਨੇ ਦਾ ਖਰੀਦ ਸੀਜ਼ਨ ਆਪਣੀ ਸੰਪੂਰਨਤਾ ਵੱਲ ਵਧਣ ਦੇ ਮੱਦੇਨਜ਼ਰ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਦੀ ਰਫਤਾਰ ਵੀ ਮੱਠੀ ਹੁੰਦੀ ਜਾ ਰਹੀ ਹੈ। ਸ਼ਨੀਵਾਰ ਨੂੰ ਝੋਨੇ ਦੀ ਆਮਦ 2941 ਮੀਟਰਿਕ ਟਨ ਹੀ ਦਰਜ ਕੀਤੀ ਗਈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਨੁਸਾਰ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 1,88,017 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਖਰੀਦ ਕੀਤੇ ਗਏ ਝੋਨੇ ਵਿੱਚੋਂ 96,910 ਮੀਟਰਿਕ ਟਨ ਝੋਨੇ ਦੀ ਲਿਫਟਿੰਗ ਹੋ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਖਰੀਦ ਕਾਰਜ ਨਿਰਵਿਘਨ ਚੱਲ ਰਹੇ ਹਨ ਅਤੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ।ਡਿਪਟੀ ਕਮਿਸ਼ਨਰ ਅਨੁਸਾਰ ਜ਼ਿਲ੍ਹੇ ਵਿੱਚ ਹੁਣ ਤੱਕ ਕਿਸਾਨਾਂ ਨੂੰ 418.99 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।ਇਸ ਸਾਲ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਸੰਭਾਵੀ ਉਪਜ ਦੀ ਆਮਦ 2,14,776 ਮੀਟਰਿਕ ਟਨ ਕਿਆਸ ਕੀਤੀ ਗਈ ਹੈ, ਜਿਸ ਵਿੱਚੋਂ 88 ਫੀਸਦੀ ਦੀ ਆਮਦ ਹੋਣ ਉਪਰੰਤ 12 ਫੀਸਦੀ ਦੀ ਆਮਦ ਹੀ ਬਾਕੀ ਬਚੀ ਹੈ। ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਏਜੰਸੀ ਵਾਰ ਖਰੀਦ ਅੰਕੜਿਆਂ ਦਾ ਵੇਰਵਾ ਦਿੰਦਿਆਂ ਉਹਨਾਂ ਦੱਸਿਆ ਕਿ ਪਨਗਰੇਨ ਵੱਲੋਂ 64, 241 ਮੀਟਰਿਕ ਟਨ, ਮਾਰਕਫੈਡ ਵੱਲੋਂ 42,724 ਮੀਟਰਿਕ ਟਨ, ਪਨਸਪ ਵੱਲੋਂ 40,599 ਮੀਟਰਿਕ ਟਨ, ਪੰਜਾਬ ਰਾਜ ਗੋਦਾਮ ਨਿਗਮ ਵੱਲੋਂ 18,130 ਮੀਟਰਿਕ ਟਨ ਅਤੇ ਭਾਰਤੀ ਖੁਰਾਕ ਨਿਗਮ ਵੱਲੋਂ 21,646 ਮੀਟਰਿਕ ਟਨ ਝੋਨਾ ਖਰੀਦਿਆ ਗਿਆ ਹੈ।

# ਪ੍ਰਿਥਵੀ ਵੈੱਲਫੇਅਰ ਸੁਸਾਇਟੀ ਵੱਲੋਂ ਅਵਾਰਾ ਪਸ਼ੂਆਂ ਲਈ ਦਵਾਈਆਂ ਭੇਟ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਇਲਾਕੇ ਦੇ ਉਘੇ ਸਮਾਜ ਸੇਵੀ ਹਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਹਰਪ੍ਰੀਤ ਸਿੰਘ (ਕੈਨੇਡਾ ਵਾਸੀ), ਸੁਖਜਿੰਦਰ ਸਿੰਘ ਸੁੱਖਾ ਨੇ ਆਦਮਪੁਰ ਦੇ ਲਾਗਲੇ ਪਿੰਡਾਂ ਵਿੱਚ ਆਵਾਰਾ ਪਸ਼ੂਆਂ ਦਾ ਇਲਾਜ ਕਰ ਰਹੇ ਨੌਜਵਾਨਾਂ ਦੀ ਮੱਦਦ ਲਈ ਦਵਾਈਆਂ ਭੇਟ ਕੀਤੀਆਂ।ਇਹ ਨੌਜਵਾਨ ਹਰ ਰੋਜ਼ ਜ਼ਖ਼ਮੀ ਜਾਨਵਰਾਂ ਦਾ ਇਲਾਜ ਕਰਦੇ ਹਨ।ਆਵਾਰਾ ਕੁੱਤਿਆਂ ਦੀ ਵੈਕਸੀਨੇਸ਼ਨ ਦਾ ਕੰਮ ਵੀ ਕਰਦੇ ਹਨ।ਆਵਾਰਾ ਗਾਵਾਂ, ਮੱਝਾਂ, ਬਲਦ ਇਨ੍ਹਾਂ ਦਾ ਇਲਾਜ ਖਾਸ ਕਰਕੇ ਜ਼ਖਮਾਂ ਦੇ ਮਲ੍ਹਮ ਪੱਟੀ ਕਰਨੀ, ਇਹ ਸੇਵਾ ਵੀ ਕਰਦੇ ਹਨ।ਹਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਇਸ ਭਲਾਈ ਦੇ ਕੰਮ ਵਿੱਚ ਕੁਝ ਯੋਗਦਾਨ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।ਇਸ ਵਿੱਚ ਵਿਸ਼ੇਸ਼ ਸਹਿਯੋਗ ਹਰਪ੍ਰੀਤ ਸਿੰਘ (ਕੈਨੇਡਾ ਵਾਸੀ), ਸੁਖਜਿੰਦਰ ਸਿੰਘ ਸੁੱਖਾ ਕੀਤਾ।ਅਨੇਕ ਪ੍ਰਕਾਰ ਦੀਆਂ ਦਵਾਈਆਂ ਭੇਟ ਕੀਤੀਆਂ, ਜਿਨ੍ਹਾਂ ਵਿੱਚ ਜ਼ਖਮਾਂ ਦੀਆਂ, ਬੁਖਾਰ ਦੀਆਂ ਅਤੇ ਹੋਰ ਵੀ ਅਨੇਕ ਦਵਾਈਆਂ ਹਨ।ਇਸ ਮੌਕੇ ਰਾਜਕੁਮਾਰ ਗ੍ਰੇਜੂਏਟ, ਗੁਰਨਾਮ ਸਿੰਘ, ਪ੍ਰੇਮਪਾਲ ਸਿੰਘ, ਸਮੇਤ ਕਈ ਸਾਥੀ ਵੀ ਹਾਜ਼ਰ ਹੋਏ। ਹਰਿੰਦਰ ਸਿੰਘ ਨੇ ਹਰਪ੍ਰੀਤ ਸਿੰਘ ਸਮੇਤ ਸਾਰੇ ਹੀ ਸਾਥੀਆਂ ਦਾ ਧੰਨਵਾਦ ਕੀਤਾ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸੰਬੰਧੀ ਪ੍ਰਭਾਤ ਫੇਰੀਆਂ ਆਰੰਭ



**ਹੁਸ਼ਿਆਰਪੁਰ ,(ਬਲਵੀਰ ਸਿੰਘ ਸੈਣੀ)** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਮੁਹੱਲਾ ਟਿੱਬਾ ਸਾਹਿਬ ਤੋਂ ਪ੍ਰਭਾਤ ਫੇਰੀਆਂ ਆਰੰਭ ਹੋ ਚੁੱਕੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਦਰਸ਼ਨ ਸਿੰਘ ਪਲਾਹਾ ਅਤੇ ਜਸਵਿੰਦਰ ਸਿੰਘ ਪਰਮਾਰ ਜਨਰਲ ਸਕੱਤਰ ਸਿੱਖ ਵੈਲਫੇਅਰ ਸੋਸਾਇਟੀ ਹੁਸ਼ਿਆਰਪੁਰ ਨੇ ਦੱਸਿਆ ਕਿ 15 ਨਵੰਬਰ ਨੂੰ ਮਨਾਏ ਜਾ ਰਹੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਹਰਿ ਜੀ ਸਹਾਇ ਤੋਂ ਆਰੰਭ ਹੋ ਕੇ ਪ੍ਰਭਾਤ ਫੇਰੀਆਂ ਮੁਹੱਲਾ ਟਿੱਬਾ ਸਾਹਿਬ, ਸੁਭਾਸ਼ ਨਗਰ, ਲਾਭ ਨਗਰ, ਦਸ਼ਮੇਸ਼ ਨਗਰ, ਡਗਾਣਾ ਰੋਡ, ਪ੍ਰੀਤਮ ਨਗਰ, ਰਾਮਗੜ੍ਹ, ਮਿਲਾਪ ਨਗਰ ਆਦਿ ਇਲਾਕਿਆਂ ਵਿੱਚ ਧਾਰਮਿਕ ਗੀਤਾਂ ਅਤੇ ਸ਼ਬਦਾਂ ਦਾ ਗਾਇਨ ਕਰਦੀਆਂ ਹੋਈਆਂ ਸੰਗਤਾਂ ਗੁਰਮੁਖ ਪਿਆਰਿਆਂ ਦੇ ਗ੍ਰਹਿ ਵਿਖੇ ਪਹੁੰਚਦੀਆਂ ਹਨ, ਜਿੱਥੇ ਵਿਸ਼ੇਸ਼ ਕੀਰਤਨ ਦੀਵਾਨਾਂ ਵਿੱਚ ਭਾਈ ਸਤਿੰਦਰ ਸਿੰਘ ਆਲਮ ਹਜ਼ੂਰੀ ਰਾਗੀ ਅਤੇ ਭਾਈ ਜਸਵਿੰਦਰ ਸਿੰਘ ਪਰਮਾਰ ਵੱਲੋਂ ਧੁਰ ਕੀ ਬਾਣੀ ਦੇ ਰਸਭਿੰਨੇ ਕੀਰਤਨ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ ।ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਮਹਿੰਦਰ ਸਿੰਘ ਕੁਵੈਤ ਵੱਲੋਂ ਮੁਹੱਲਾ ਪ੍ਰੀਤਮ ਨਗਰ, ਡਾਕਟਰ ਸੁਖਰਾਜ ਸਿੰਘ ਤੇ ਡਾ. ਨਵਨੀਤ ਕੌਰ ਵੱਲੋਂ ਸਵਰਨ ਸਿਨੇ ਪਲੈਕਸ, ਰਵਿੰਦਰ ਸਿੰਘ ਛੱਤਵਾਲ ਵੱਲੋਂ ਮੁਹੱਲਾ ਦਸ਼ਮੇਸ਼ ਨਗਰ, ਗਿਆਨ ਸਿੰਘ ਵੱਲੋਂ ਮੁਹੱਲਾ ਕਮਾਲਪੁਰ, ਸਤਵੰਤ ਸਿੰਘ ਸਿਆਣ ਵੱਲੋਂ ਮੁਹੱਲਾ ਟਿੱਬਾ ਸਾਹਿਬ ਵਿਖੇ ਪ੍ਰਭਾਤ ਫੇਰੀਆਂ ਦੀ ਸੇਵਾ ਕੀਤੀ ਗਈ ਹੈ ਉਨਾਂ ਨੂੰ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਕਿਸਾਨ ਦੇ ਖੇਤਾਂ 'ਚੋਂ ਮੋਟਰ ਚੋਰੀ



**ਬਲਾਚੌਰ ( ਜਸਵਿੰਦਰ ਬੈਂਸ)**-ਇੱਕ ਪਾਸੇ ਕਿਸਾਨ ਕਈ ਦਿਨਾਂ ਤੋਂ ਮੰਡੀ ਵਿੱਚ ਆਪਣੀ ਝੋਨੇ ਦੀ ਫਸਲ ਦੇ ਨਾ ਵਿਕਣ ਕਾਰਨ ਦੁਖੀ ਹਨ ਅਤੇ ਦੂਜੇ ਪਾਸੇ ਖੇਤਾਂ ਵਿੱਚੋਂ ਮੋਟਰਾਂ ਚੋਰੀ ਕਰਨ ਵਾਲੇ ਚੋਰਾਂ ਤੋਂ ਦੁਖੀ ਹਨ ।ਪੱਤਰਕਾਰ ਨੂੰ ਜਾਣਕਾਰੀ ਦਿੰਦੇ ਹੋਏ ਸਬ ਡਵੀਜ਼ਨ ਬਲਾਚੌਰ ਦੇ ਪਿੰਡ ਠਠਿਆਲਾ ਬੇਟ ਨਿਵਾਸੀ ਕਿਸਾਨ ਸਤਪਾਲ ਪੁੱਤਰ ਕਾਂਸ਼ੀ ਰਾਮ ਨੇ ਭਰੇ ਮਨ ਨਾਲ ਆਖਿਆ ਕਿ ਦਿਨ ਅਤੇ ਰਾਤਾ ਜਾਗ ਕੇ ਕਰੜੀ ਮਿਹਨਤ ਅਤੇ ਆਪਣੇ ਪੱਲਿਓਂ ਪੈਸੇ ਖਰਚ ਕਰਕੇ ਉਨ੍ਹਾਂ ਵਲੋਂ ਪੁੱਤਾਂ ਵਾਂਗੂ ਪਾਲੀ ਫਸਲ ਜਿਹੜੀ ਕਿ ਅੱਜ ਕ੍ਰੀਬ 5 ਦਿਨਾਂ ਤੋਂ ਦਾਣਾ ਮੰਡੀ ਬਲਾਚੌਰ ਵਿਖੇ ਰੁਲ ਰਹੀ ਹੈ, ਦੇ ਨਿਪਟਾਰੇ ਤੋਂ ਉਹ ਦੁਖੀ ਚੱਲਿਆ ਆ ਰਿਹਾ ਹੈ, ਦੂਜੇ ਪਾਸੇ ਉਸ ਦੇ ਖੇਤਾਂ ਵਿੱਚ ਲੱਗੀ ਮੋਟਰ ਹੀ ਕੋਈ ਚੋਰ ਚੋਰੀ ਕਰਕੇ ਲੈ ਗਿਆ ਹੈ। ਉਸ ਨੇ ਦੱਸਿਆ ਕਿ ਉਹ ਚੋਰੀ ਹੋ ਰਹੀਆਂ ਮੋਟਰਾਂ ਤੋਂ ਬਾਹਲਾ ਹੀ ਦੁਖੀ ਹੈ, ਜਿਸ ਦੀ ਲੰਘੇ ਮਹੀਨੇ ਅਗਸਤ ਨੂੰ ਵੀ ਮੋਟਰ 5 ਹਾਰਸ ਪਾਵਰ, ਮੌਨੋਬਲਾਕ ਅਤੇ ਡਿਲੀਵਰੀ ਚੋਰੀ ਹੋ ਗਈ ਸੀ। ਪੁਲਸ ਪਾਸ ਕੀਤੀ ਗਈ ਸ਼ਿਕਾਇਤ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਸੱਤਪਾਲ ਨੇ ਦੱਸਿਆ ਪਿੰਡ ਠਠਿਆਲਾ ਬੇਟ ਵਿੱਚ ਉਹ ਜ਼ਮੀਨ ਠੇਕੇ ਉਪਰ ਲੈ ਕੇ ਕਾਸ਼ਤ ਕਰ ਰਿਹਾ ਹੈ । ਆਪਣੀ ਜ਼ਮੀਨ ਵਿੱਚੋਂ ਝੋਨੇ ਦੀ ਕਟਾਈ ਕਰਾ ਕੇ ਉਸ ਨੂੰ ਵੇਚਣ ਲਈ ਦਾਣਾ ਮੰਡੀ ਬਲਾਚੌਰ ਵਿਖੇ ਲਿਆਂਦੇ ਹੋਏ ਕਈ ਦਿਨ ਹੋ ਚੁੱਕੇ ਹਨ । ਉਹ ਦਿਨ ਰਾਤ ਦਾਣਾ ਮੰਡੀ ਬਲਾਚੌਰ ਵਿੱਚ ਆਪਣੀ ਫਸਲ ਦੀ ਰਾਖੀ ਕਰ ਰਿਹਾ ਹੈ। ਅੱਜ ਜਦ ਉਹ ਆਪਣੇ ਘਰ ਨੂੰ ਗਿਆ ਅਤੇ ਫਿਰ ਖੇਤਾਂ ਵੱਲ ਗੇੜਾ ਮਾਰਨ ਗਿਆ ਤਾਂ ਉਥੇ ਵੇਖਿਆ ਕਿ ਜਿਹੜਾ ਮੋਟਰ ਕੁਨੈਕਸ਼ਨ ਖੁੱਲ੍ਹੇ ਵਿੱਚ ਲੱਗਾ ਹੋਇਆ ਹੈ, ਦੀ ਮੋਟਰ ਪੰਜ ਹਾਰਸ ਪਾਵਰ, ਸਮੇਤ ਮੌਨੋਬਲਾਕ ਅਤੇ ਡਿਲੀਵਰੀ, ਬਿਜਲੀ ਸਪਲਾਈ ਤਾਰ ਮੌਜੂਦ ਨਹੀਂ ਸੀ ।

ਜਿਸ ਨੂੰ ਅਣਪਛਾਤੇ ਚੋਰ ਬੀਤੀ ਰਾਤ ਚੋਰੀ ਕਰਕੇ ਲੈ ਗਏ ਹਨ ।ਨਿਰਾਸ਼ਾ ਪ੍ਰਗਟ ਕਰਦਿਆਂ ਸਤਪਾਲ ਨੇ ਆਖਿਆ ਕਿ ਹੁਣ ਤੱਕ ਪਹਿਲੀ ਚੋਰੀ ਵਾਰੇ ਵੀ ਪੁਲਸ ਨੇ ਕੋਈ ਸੁਰਾਗ ਨਹੀਂ ਲਗਾਇਆ ਅਤੇ ਇਹ ਦੂਜੀ ਵਾਰੀ ਮੁੜ ਚੋਰੀ ਹੋ ਗਈ ਹੈ । ਜਿਸ ਵਲੋਂ ਪੁਲਸ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਚੋਰਾਂ ਦੀ ਭਾਲ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।

# ਰੋਟਰੀ ਕਲੱਬ ਵੱਲੋਂ ਮੁਹੱਲਾ ਜਗਤਪੁਰਾ ਵਿਖੇ ਸਮਾਰੋਹ ਦਾ ਆਯੋਜਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰੋਟਰੀ ਕਲੱਬ ਹੁਸ਼ਿਆਰਪੁਰ ਸੈਂਟਰਲ ਦੇ ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਜਰਨੈਲ ਸਿੰਘ ਧੀਰ ਨੇ ਇੱਕ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਰੋਟਰੀ ਕਲੱਬ ਵੱਲੋਂ ਮੁਹੱਲਾ ਜਗਤਪੁਰਾ ਵਿਖੇ ਰੋਟਰੀ ਕਲੱਬ ਦੇ ਪ੍ਰਧਾਨ ਵਿਜੇ ਕੁਮਾਰ ਚੌਧਰੀ ਦੀ ਪ੍ਰਧਾਨਗੀ ਹੇਠ ਇੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਰੋਟਰੀ ਕਲੱਬ ਦੇ ਸਹਾਇਕ ਗਵਰਨਰ ਰੋਟੇਰੀਅਨ ਭੁਪਿੰਦਰ ਕੁਮਾਰ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ। ਰੋਟਰੀ ਕਲੱਬ ਦੇ ਜ਼ਿਲ੍ਹਾ ਸਕੱਤਰ ਰੋਟੇਰੀਅਨ ਹਰਸ਼ਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਰੋਟਰੀ ਕਲੱਬ ਹੁਸ਼ਿਆਰਪੁਰ ਸੈਂਟਰ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਗਏ ਭਲਾਈ ਕਾਰਜਾਂ ਦੀ ਸਮੀਕਸ਼ਾ ਕੀਤੀ ਗਈ ਅਤੇ ਇੱਕ ਲੋੜਵੰਦ ਦਿਵਿਆਂਗ ਵਿਅਕਤੀ ਨੂੰ ਟ੍ਰਾਈ ਸਾਈਕਲ ਮੁਹੱਈਆ ਕਰਵਾਇਆ ਗਿਆ। ਸਟੇਜ ਸਕੱਤਰ ਦੀ ਭੂਮਿਕਾ ਕਲੱਬ ਦੇ ਸਕੱਤਰ ਰੋਟੇਰੀਅਨ ਅਮਨਦੀਪ ਸਿੰਘ ਨੇ ਨਿਭਾਈ। ਇਸ ਮੌਕੇ ਰੋਟਰੀ ਕਲੱਬ ਦੇ ਪ੍ਰਧਾਨ ਵਿਜੇ ਕੁਮਾਰ ਚੌਧਰੀ ਨੇ ਕਿਹਾ ਕਿ ਰੋਟਰੀ ਕਲੱਬ ਵੱਲੋਂ ਇਹ 35ਵਾਂ ਟ੍ਰਾਈ ਸਾਈਕਲ ਲੋੜਵੰਦ ਵਿਅਕਤੀ ਨੂੰ ਮੁਹੱਈਆ ਕਰਵਾਇਆ ਗਿਆ ਹੈ। ਕਲੱਬ ਵੱਲੋਂ ਸਮਾਜ ਭਲਾਈ ਦੇ ਕਾਰਜਾਂ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਪਾਸਟ ਗਵਰਨਰ ਰਾਜਨ ਸੈਣੀ, ਸਕੱਤਰ ਨਰੇਸ਼ ਕੁਮਾਰ ਸਾਬਾ, ਨਰੇਸ਼ ਕੁਮਾਰ ਹਾਂਡਾ, ਕੁਲਦੀਪ ਸਿੰਘ ਪੱਤੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਵਿਸ਼ਵ ਬੰਧੂ, ਹਰਸ਼ਵਿੰਦਰ ਸਿੰਘ, ਜਰਨੈਲ ਸਿੰਘ ਧੀਰ, ਭੁਪਿੰਦਰ ਕੁਮਾਰ, ਕੁਲਦੀਪ ਸਿੰਘ ਪੱਤੀ, ਨਰੇਸ਼ ਕੁਮਾਰ ਹਾਂਡਾ, ਰਾਜਨ ਸੈਣੀ ਤੋਂ ਇਲਾਵਾ ਮੁਹੱਲਾ ਨਿਵਾਸੀ ਹਾਜ਼ਰ ਸਨ।

# ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਵਿਸ਼ੇਸ਼ ਕੈਂਪ 11 ਤੋਂ 22 ਤੱਕ

**ਨਵਾਂਸ਼ਹਿਰ (ਮਨੋਜ ਲਾਡੀ)**-ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ, ਸ਼ਹੀਦ ਭਗਤ ਸਿੰਘ ਨਗਰ ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਰਿਟਾ.) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਪੱਰਸ਼ ਜੀਵਨ ਪ੍ਰਮਾਣ ਪੱਤਰ ਦਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਵੀ ਸਾਬਕਾ ਸੈਨਿਕ ਪੈਨਸ਼ਨਰਜ਼/ਸਾਬਕਾ ਸੈਨਿਕਾਂ ਦੀਆਂ ਵਿਧਵਾਵਾਂ ਅਤੇ ਆਸ਼ਰਿਤ, ਜਿਨ੍ਹਾਂ ਦੀ ਫ਼ੌਜ ਦੀ ਫੈਮਿਲੀ ਪੈਨਸ਼ਨ ਦੀ ਮਹੀਨਾ ਨਵੰਬਰ, 2024 ਵਿਚ ਹਾਜ਼ਰੀ ਲੱਗਣਯੋਗ ਹੈ, ਉਨ੍ਹਾਂ ਲਈ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਜੀਵਤ ਹੋਣ ਦਾ ਪ੍ਰਮਾਣ ਪੱਤਰ (ਲਾਈਫ ਸਰਟੀਫਿਕੇਟ) ਜਮ੍ਹਾਂ ਕਰਵਾਉਣ ਲਈ 11 ਨਵੰਬਰ ਤੋਂ 22 ਨਵੰਬਰ ਤੱਕ (ਸਰਕਾਰੀ ਛੁੱਟੀਆਂ ਤੋਂ ਬਿਨਾਂ) ਦਫ਼ਤਰੀ ਸਮੇਂ ਦੌਰਾਨ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਇਸ ਲਈ ਉਹ ਆਪਣਾ ਫ਼ੌਜ ਦੀ ਪੈਨਸ਼ਨ ਦਾ ਸਪੱਰਸ਼ ਵੱਲੋਂ ਜਾਰੀ ਪੀ.ਪੀ.ਓ, ਆਧਾਰ ਕਾਰਡ ਅਤੇ ਬੈਂਕ ਪਾਸ ਬੁੱਕ (ਜਿਸ ਵਿਚ ਪੈਨਸ਼ਨ ਆਉਂਦੀ ਹੋਵੇ) ਸਮੇਤ ਆਪਣਾ ਆਧਾਰ ਕਾਰਡ ਨਾਲ ਲਿੰਕ ਹੋਇਆ ਮੋਬਾਇਲ ਨੰਬਰ ਲੈ ਕੇ ਦਫ਼ਤਰ ਵਿਖੇ ਪਹੁੰਚ ਕੇ ਆਪਣਾ ਜੀਵਨ ਪ੍ਰਮਾਣ ਪੱਤਰ ਜਮ੍ਹਾਂ ਕਰਵਾ ਸਕਦੇ ਹਨ।

# ਪੰਜਾਬ ਫਾਰਮੇਸੀ ਕੌਂਸਲ ਦੀਆਂ ਚੋਣਾਂ-2024 ਦਾ ਨਤੀਜਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਪੰਜਾਬ ਫਾਰਮੇਸੀ ਕੌਂਸਲ ਦੇ 6 ਮੈਂਬਰਾਂ ਦੀ ਚੋਣ ਦੀ ਪ੍ਰਕਿਰਿਆ 5 ਨਵੰਬਰ ਨੂੰ ਪੂਰੀ ਹੋ ਗਈ ਹੈ, ਜੋ ਕਿ 20 ਜੁਲਾਈ ਨੂੰ ਵੱਖ-ਵੱਖ ਅਖਬਾਰਾਂ ਵਿੱਚ ਛਪੇ ਚੋਣ ਪ੍ਰੋਗਰਾਮ ਦੇ ਅਨੁਸਾਰ ਸੀ। ਕੁੱਲ 15 ਉਮੀਦਵਾਰਾਂ ਨੇ ਚੋਣਾਂ ਵਿੱਚ ਹਿੱਸਾ ਲਿਆ। ਯੋਗ ਵੋਟਰਾਂ ਦੀ ਕੁੱਲ ਸੰਖਿਆ 39737 ਸੀ, ਜਿਸ ਵਿੱਚੋਂ 14478 ਵੋਟਾਂ ਪ੍ਰਾਪਤ ਹੋਈਆਂ। ਪ੍ਰਾਪਤ ਵੋਟਾਂ ਵਿੱਚੋਂ 12977 ਵੋਟਾਂ ਨੂੰ ਵੈਧ ਪਾਇਆ ਗਿਆ। ਮਿਤੀ 5 ਨਵੰਬਰ ਨੂੰ ਗਿਣਤੀ ਪੂਰੀ ਹੋਣ ਤੋਂ ਬਾਅਦ ਪ੍ਰਾਪਤ ਵੋਟਾਂ ਦੇ ਅਨੁਸਾਰ, ਸਿਖਰ ਦੇ 6 ਉਮੀਦਵਾਰਾਂ ਨੂੰ ਜੇਤੂ ਘੋਸ਼ਿਤ ਕੀਤਾ ਗਿਆ, ਜਿਨ੍ਹਾਂ ਵਿੱਚ ਸੁਸ਼ੀਲ ਕੁਮਾਰ ਬਾਂਸਲ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 13 ਸੀ, ਨੇ ਸਭ ਤੋਂ ਵੱਧ 8601 ਵੋਟਾਂ ਪ੍ਰਾਪਤ ਕੀਤੀਆਂ, ਤਜਿੰਦਰ ਪਾਲ ਸਿੰਘ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 14 ਸੀ, ਨੇ 8572 ਵੋਟਾਂ ਪ੍ਰਾਪਤ ਕੀਤੀਆਂ, ਠਾਕੁਰ ਗੁਰਜੀਤ ਸਿੰਘ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 15 ਸੀ, ਨੇ 8501 ਵੋਟਾਂ ਪ੍ਰਾਪਤ ਕੀਤੀਆਂ, ਰਵੀਸ਼ੰਕਰ ਨੰਦਾ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 7 ਸੀ, ਨੇ 8462 ਵੋਟਾਂ ਪ੍ਰਾਪਤ ਕੀਤੀਆਂ, ਸੁਰਿੰਦਰ ਕੁਮਾਰ ਸ਼ਰਮਾ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 12 ਸੀ, ਨੇ 8459 ਵੋਟਾਂ ਪ੍ਰਾਪਤ ਕੀਤੀਆਂ ਅਤੇ ਸੰਜੀਵ ਕੁਮਾਰ, ਜਿਨ੍ਹਾਂ ਦਾ ਵੋਟਿੰਗ ਪੇਪਰ ਅਨੁਸਾਰ ਸੀਰੀਅਲ ਨੰਬਰ 9 ਸੀ, ਨੇ 8309 ਵੋਟਾਂ ਪ੍ਰਾਪਤ ਕੀਤੀਆਂ। ਇਸ ਲਈ, ਇਹ 6 ਉਮੀਦਵਾਰ ਪੰਜਾਬ ਫਾਰਮੇਸੀ ਕੌਂਸਲ ਦੇ ਮੈਂਬਰ ਵਜੋਂ ਚੁਣੇ ਗਏ ਹਨ। ਇਹ ਜਾਣਕਾਰੀ ਰਜਿਸਟਰਾਰ ਪੰਜਾਬ ਫਾਰਮੇਸੀ ਕੌਂਸਲ ਵੱਲੋਂ ਦਿੱਤੀ ਗਈ।

# ਐਡਵੋਕੇਟ ਕਰੀਮਪੁਰੀ ਦਾ ਫਗਵਾੜਾ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ



**ਫਗਵਾੜਾ ( ਡਾ. ਰਮਨ)**-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਮੁੜ ਪ੍ਰਧਾਨ ਬਣੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਦਾ ਫਗਵਾੜਾ ਰੈਸਟ ਹਾਊਸ ਪਹੁੰਚਣ 'ਤੇ ਵਿਧਾਨ ਸਭਾ ਹਲਕਾ ਫਗਵਾੜਾ ਦੀ ਸਮੁੱਚੀ ਟੀਮ ਵਲੋਂ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ ਦੀ ਅਗਵਾਈ ਹੇਠ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ, ਹਲਕਾ ਇੰਚਾਰਜ ਤੇ ਮੈਂਬਰ ਸੂਬਾ ਕਮੇਟੀ ਲੇਖਰਾਜ ਜਮਾਲਪੁਰ, ਪਰਵੀਨ ਬੰਗਾ ਸੂਬਾ ਜਨਰਲ ਸਕੱਤਰ, ਐਡਵੋਕੇਟ ਕੁਲਦੀਪ ਭੱਟੀ, ਇੰਜ. ਪ੍ਰਦੀਪ ਮੱਲ, ਸੁਰਿੰਦਰ ਢੰਡਾ ਨੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਦਾ ਭਰਵਾਂ ਸਵਾਗਤ ਕਰਦਿਆਂ ਕਰੀਮਪੁਰੀ ਨੂੰ ਮੁੜ ਪੰਜਾਬ ਪ੍ਰਧਾਨ ਬਣਾਉਣ 'ਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਅਤੇ ਪਾਰਟੀ ਹਾਈਕਮਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਕਤ ਆਗੂਆਂ ਕਿਹਾ ਅਵਤਾਰ ਸਿੰਘ ਕਰੀਮਪੁਰੀ ਦੇ ਪ੍ਰਧਾਨ ਬਣਨ ਨਾਲ ਬਸਪਾ ਪੰਜਾਬ ਅੰਦਰ ਮਜ਼ਬੂਤ ਧਿਰ ਬਣ ਕੇ ਉਭਰੇਗੀ। ਇਸ ਮੌਕੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਪਾਰਟੀ ਹਾਈਕਮਾਨ ਅਤੇ ਫਗਵਾੜਾ ਟੀਮ ਦਾ ਧੰਨਵਾਦ ਕਰਦਿਆ ਕਿਹਾ ਕਿ ਪਾਰਟੀ 'ਚ ਹਰ ਵਰਕਰ ਅਤੇ ਅਹੁਦੇਦਾਰ ਨੂੰ ਮਾਣ ਸਨਮਾਨ ਮਿਲੇਗਾ। ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੰਦਰ ਬਸਪਾ ਨੂੰ ਮਜ਼ਬੂਤ ਤੇ ਸ਼ਾਸਕ ਧਿਰ ਬਣਾਉਣ ਲਈ ਜ਼ਿੰਦਗੀ ਦੇ ਆਖਰੀ ਸਾਹ ਤੱਕ ਕੰਮ ਕਰਾਂਗਾ ਅਤੇ ਬਸਪਾ ਦੀ ਵਿਚਾਰਧਾਰਾ ਨੂੰ ਪੰਜਾਬ ਦੇ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚਾਉਣ ਲਈ ਤੇਜ਼ੀ ਨਾਲ ਲੈ ਕੇ ਜਾਇਆ ਜਾਵੇਗਾ। ਉਨ੍ਹਾ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਆਪਸੀ ਤਾਲਮੇਲ ਹਲਕੇ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਅੰਦੋਲਨ ਨੂੰ ਮੰਜ਼ਿਲ ਤੱਕ ਪਹੁੰਚਾਉਣ ਲਈ ਹਲਕੇ ਅੰਦਰ ਬਸਪਾ ਨੂੰ ਜੇਤੂ ਬਣਾਉਣ ਲਈ ਅੱਜ ਤੋਂ ਪਿੰਡਾਂ ਤੇ ਸ਼ਹਿਰ ਦੇ ਮੁਹੱਲਿਆਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਜਾਵੇ। ਇਸ ਮੌਕੇ ਮਿਸ਼ਨਰੀ ਗਾਇਕ ਵਿੱਕੀ ਬਹਾਦਰਕੇ ਨੇ ਮਿਸ਼ਨਰੀ ਗੀਤ ਪੇਸ਼ ਕਰਕੇ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਦਾ ਹੋਕਾ ਦਿੱਤਾ।ਇਸ ਮੌਕੇ ਹਰਭਜਨ ਖਲਵਾੜਾ, ਅਮਰਜੀਤ ਖੁੱਤਣ, ਪਰਮਜੀਤ ਖਲਵਾੜਾ, ਸੁਰਜੀਤ ਭੁੱਲਾਰਾਈ, ਬੰਟੀ ਮੋਰੋਵਾਲੀਆ, ਪਰਮਿੰਦਰ ਬੋਧ, ਬਲਵਿੰਦਰ ਬੋਧ, ਸਰਪੰਚ ਪ੍ਰਸ਼ੋਤਮ ਵਾਹਦ, ਹਰਭਜ ਕਲੇਰ ਸਾਬਕਾ ਸਰਪੰਚ, ਨਿਰਮਲ ਸਿੰਘ ਮਲਕਪੁਰ, ਲਹਿੰਬਰ ਬਲਾਲੋਂ, ਸਰਿੰਦਰ ਨੰਗਲ, ਰਤਨ ਕੈਲੇ, ਧਰਮਵੀਰ ਬੋਧ, ਹਰਮੇਸ਼ ਕਾਲਾ ਪੰਚ, ਪ੍ਰਦੀਪ ਅੰਬੇਡਕਰੀ, ਰਾਜ ਅੰਬੇਡਕਰੀ, ਸੁਰਜੀਤ ਰਿਹਾਣਾ ਜੱਟਾਂ ਇਲਾਵਾ ਹੋਰ ਵੀ ਵਰਕਰ ਤੇ ਸਮਰਥਕ ਹਾਜ਼ਰ ਸਨ।

# 'ਜ਼ਿਲ੍ਹੇ 'ਚ ਇੱਕ-ਇੱਕ ਕਿਲੋਮੀਟਰ 'ਤੇ ਲਗਾਈਆਂ ਜਾ ਰਹੀਆਂ ਯੋਗਾ ਕਲਾਸਾਂ'



**ਨਵਾਂਸ਼ਹਿਰ (ਮਨੋਜ ਲਾਡੀ)**-ਸੀ.ਐਮ ਯੋਗਸ਼ਾਲਾ, ਜਿਸ ਦੀ ਸ਼ੁਰੂਆਤ ਆਮ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਤੇ ਮੌਜੂਦਾ ਸਮੇਂ ਵਿਚ ਲੋਕਾਂ ਨੂੰ ਪੇਸ਼ ਆ ਰਹੀਆਂ ਸਿਹਤ ਸਮੱਸਿਆਵਾਂ ਦਾ ਟਾਕਰਾ ਕਰਨ ਦੇ ਹੋਈ ਸੀ, ਹੁਣ ਜ਼ਿਲ੍ਹੇ ਦੇ ਪਿੰਡਾਂ ਵਿਚ ਵੀ ਪਹੁੰਚ ਗਈ ਹੈ ਤੇ ਇਸ ਬਾਰੇ ਲੋਕਾਂ ਵਿਚ ਜਾਗਰੂਕਤਾ ਵੀ ਵਧੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਦੱਸਿਆ ਕਿ ਪੰਜਾਬ ਦੇ ਦੁਆਬਾ ਖੇਤਰ ਵਿਚ ਪੈਂਦੇ ਨਵਾਂਸ਼ਹਿਰ ਖਿੱਤੇ ਵਿਚ ਯੋਗਾ ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਸਨ, ਜੋ ਕਿ ਲੋਕਾਂ ਵਿਚ ਬਹੁਤ ਹਰਮਨ ਪਿਆਰੀਆਂ ਹੋ ਰਹੀਆਂ ਹਨ ਤੇ ਉਨ੍ਹਾਂ ਵੱਲੋਂ ਬੜੇ ਉਤਸ਼ਾਹ ਨਾਲ ਇਨ੍ਹਾਂ ਵਿਚ ਹਿੱਸਾ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਇਕ-ਇਕ ਕਿਲੋਮੀਟਰ ਦੇ ਫ਼ਾਸਲੇ 'ਤੇ 90 ਥਾਵਾਂ 'ਤੇ ਰੋਜ਼ਾਨਾ ਲਗਾਈਆਂ ਜਾ ਰਹੀਆਂ ਯੋਗਾ ਕਲਾਸਾਂ ਵਿਚ ਵੱਡੀ ਗਿਣਤੀ ਵਿਚ ਲੋਕ ਪੂਰੇ ਉਤਸ਼ਾਹ ਨਾਲ ਭਾਗ ਲੈ ਰਹੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਮਿੱਥੀ ਗਈ ਥਾਂ 'ਤੇ ਮਾਹਿਰ ਟ੍ਰੇਨਰਾਂ ਵੱਲੋਂ ਆਮ ਲੋਕਾਂ ਨੂੰ ਯੋਗਾ ਦੀ ਪੂਰੀ ਟ੍ਰੇਨਿੰਗ ਦਿੱਤੀ ਜਾਂਦੀ ਹੈ, ਜਿਸ ਨਾਲ ਇਕ ਤਾਂ ਲੋਕਾਂ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ ਤੇ ਨਾਲ ਹੀ ਉਨ੍ਹਾਂ ਦੀ ਆਰਥਿਕਤਾ ਵੀ ਸੁਧਰਦੀ ਹੈ। ਇਸੇ ਕਾਰਨ ਇਹ ਇਹ ਯੋਗਾਂ ਕਲਾਸਾਂ ਜਿਥੇ ਪਹਿਲਾਂ ਸ਼ਹਿਰਾਂ ਵਿਚ ਮਕਬੂਲ ਹੋਈਆਂ ਸਨ, ਉਥੇ ਹੁਣ ਪਿੰਡਾਂ ਵਿਚ ਵੀ ਹਰਮਨ ਪਿਆਰੀਆਂ ਹੋ ਰਹੀਆਂ ਹਨ।

## ਸਪਰਿੰਗ ਡਿਊ ਪਬਲਿਕ ਸਕੂਲ ਵੱਲੋਂ ਬੱਚਿਆਂ ਲਈ ਮਨੋਰੰਜਨ ਟਰਿੱਪ




ਜਗਰਾਉਂ (ਅਮਿਤ ਖੰਨਾ)-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਪਬਲਿਕ ਸਕੂਲ ਨਾਨਕਸਰ ਦੇ ਵਿਦਿਆਰਥੀਆਂ ਲਈ ਸਕੂਲ ਦੁਆਰਾ ਫਨ ਪਾਰਕ ਹਾਰਡੀਵਰਡ ਲੁਧਿਆਣਾ ਤੇ ਫਨ ਆਇਸ ਲੈਂਡ ਤਲਵੰਡੀ ਭਾਈ ਵਿਖੇ ਮਨੋਰੰਜਨ ਟਰਿੱਪ ਦਾ ਆਯੋਜਨ ਕੀਤਾ ਗਿਆ।ਟਰਿੱਪ ਨੂੰ ਵਾਇਸ ਪ੍ਰਿੰਸੀਪਲ ਸ੍ਰੀ ਬੇਅੰਤ ਬਾਵਾ ਨੇ ਝੰਡੀ ਦੇ ਕੇ ਰਵਾਨਾ ਕੀਤਾ।ਇਸ ਦੌਰਾਨ ਬੱਚਿਆਂ ਨੇ ਅਮਿਊਜ਼ਮੈਂਟ ਪਾਰਕਾਂ ਵਿੱਚ ਵੱਖ-ਵੱਖ ਝੂਲਿਆਂ ਤੇ ਵਾਟਰ ਪਾਰਕ ਵਿੱਚ ਮਸਤੀ ਕਰਦਿਆਂ ਮਨੋਰੰਜਨ ਟਰਿੱਪ ਦਾ ਆਨੰਦ ਮਾਣਿਆ।ਫਨ ਆਈਸਲੈਂਡ ਤਲਵੰਡੀ ਭਾਈ ਵਿਖੇ ਬੱਚਿਆਂ ਨੇ ਵਾਟਰ ਪਾਰਕ ਤੇ ਰਾਈਡਜ਼ ਤੋਂ ਇਲਾਵਾ ਵੱਖ-ਵੱਖ ਮਨੋਰੰਜਨ ਫਿਲਮਾਂ ਦਾ ਆਨੰਦ ਮਾਣਿਆ।ਇਸ ਤੋਂ ਇਲਾਵਾ ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਨੇ ਵੀ ਖੂਬ ਮਨੋਰੰਜਨ ਕੀਤਾ।ਇਸ ਦੌਰਾਨ ਸਕੂਲ ਪ੍ਰਿੰਸੀਪਲ ਨਵਨੀਤ ਚੌਹਾਨ ਤੇ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਦੱਸਿਆ ਕਿ ਹਰ ਵਿੱਦਿਅਕ ਸੈਸ਼ਨ ਵਿੱਚ ਬੱਚਿਆਂ ਲਈ ਇਸ ਤਰ੍ਹਾਂ ਦੇ ਮਨੋਰੰਜਨ ਤੇ ਐਜੂਕੇਸ਼ਨ ਟਰਿੱਪ ਸਕੂਲ ਵੱਲੋਂ ਕੀਤੇ ਜਾਂਦੇ ਹਨ, ਜਿਸ ਨਾਲ ਬੱਚਿਆਂ ਨੂੰ ਪੜ੍ਹਾਈ ਤੇ ਖੇਡਾਂ ਦੇ ਨਾਲ-ਨਾਲ ਮਨੋਰੰਜਨ ਕਰਨ ਅਤੇ ਆਪੇ ਆਪ ਨੂੰ ਤਰੋ ਤਾਜ਼ਾ ਰੱਖਣ ਦਾ ਮੌਕਾ ਮਿਲਦਾ ਹੈ।ਇਸ ਦੌਰਾਨ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੋਤ ਕੁਮਾਰ ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਅਤੇ ਸਕੂਲ ਅਧਿਆਪਕ ਜਗਸੀਰ ਸਿੰਘ, ਲਖਵੀਰ ਸਿੰਘ ਉੱਪਲ, ਜਗਦੀਪ ਸਿੰਘ, ਬਲਜੀਤ ਕੌਰ, ਕੁਲਦੀਪ ਕੌਰ, ਕੁਲਜੀਤ ਕੌਰ ਆਦਿ ਹਾਜ਼ਰ ਸਨ।

## ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਸਪਾਊਸ ਵੀਜ਼ਾ



ਬਾਘਾ ਪੁਰਾਣਾ (ਮਨੀ ਸਿੰਗਲਾ)-ਸਥਾਨਕ ਸ਼ਹਿਰ ਦੀ ਮਸ਼ਹੂਰ ਤੇ ਮੰਨੀ ਪ੍ਰਮੰਨੀ ਸੰਸਥਾ ਜੇ ਐੱਮ ਐੱਸ ਇਮੀਗ੍ਰੇਸ਼ਨ ਹੁਣ ਤੱਕ ਅਨੇਕਾਂ ਹੀ ਰਫਿਊਜ਼ ਹੋਏ ਕੇਸਾਂ ਨੂੰ ਹੱਲ ਕਰਕੇ ਲੋਕਾਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਪੂਰਾ ਕਰ ਚੁੱਕੀ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਮਨਪ੍ਰੀਤ ਸਿੰਘ ਵਾਸੀ ਦੁੱਨੇਕੇ ਜ਼ਿਲ੍ਹਾ ਮੋਗਾ ਦਾ ਕਿਸੇ ਹੋਰ ਸੰਸਥਾਂ ਵੱਲੋਂ ਜੇ.ਐੱਮ.ਐੱਸ. ਨੇ ਬਹੁਤ ਹੀ ਜਲਦ ਕੈਨੇਡਾ ਸਪਾਊਸ ਵੀਜ਼ਾ ਲਗਵਾ ਕੇ ਉਨ੍ਹਾਂ ਦਾ ਵਿਦੇਸ਼ ਵਿੱਚ ਜਾਣ ਦਾ ਸੁਪਨਾ ਪੂਰਾ ਕੀਤਾ ਹੈ।ਸੰਸਥਾ ਵੱਲੋਂ ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ ਆਦਿ ਬਹੁਤ ਹੀ ਘੱਟ ਸਮੇਂ ਵਿੱਚ ਲਗਵਾਏ ਜਾਂਦੇ ਹਨ।ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ੇ ਸਬੰਧੀ ਸਲਾਹ ਦਿੰਦੇ ਹੋਏ ਜਾਣਕਾਰੀ ਸਾਂਝੀ ਕੀਤੀ ਕਿ ਜੇਕਰ ਕਿਸੇ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਅਜਿਹੇ ਵੀਜ਼ਾ ਚਾਹਵਾਨ ਇੱਕ ਵਾਰ ਸਲਾਹ ਲੈਣ ਲਈ ਆਪਣੇ ਦਸਤਾਵੇਜ਼ ਸਮੇਤ ਸੰਸਥਾ ਵਿਖੇ ਜ਼ਰੂਰ ਪਹੁੰਚੋ।ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਸੰਸਥਾ ਨੂੰ ਰਫਿਊਜ਼ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਮੰਨਿਆ ਜਾਂਦਾ ਹੈ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਮਨਪ੍ਰੀਤ ਸਿੰਘ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਤੇ ਉਸ ਦੇ ਉੱਜਵਲ ਭਵਿੱਖ ਦੀ ਸ਼ੁੱਭ-ਕਾਮਨਾ ਕੀਤੀ।

## ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਮੰਡੀ ਗੋਬਿੰਦਗੜ੍ਹ ਵੱਲੋਂ ਵਾਹਿਗੁਰੂ ਦਾ ਆਸ਼ੀਰਵਾਦ ਲੈਣ ਲਈ ਡੈਂਟਲ ਹਸਪਤਾਲ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ।ਇਹ ਧਾਰਮਿਕ ਸਮਾਗਮ ਅਕਾਦਮਿਕ ਸੈਸ਼ਨ 2024 ਲਈ ਕਲਾਸਾਂ ਦੀ ਸ਼ੁਰੂਆਤ ਤੋਂ ਪਹਿਲਾਂ ਕਰਵਾਇਆ ਗਿਆ।ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ: ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ: ਤਜਿੰਦਰ ਕੌਰ ਨੇ ਆਪਣੀ ਹਾਜ਼ਰੀ ਲਗਵਾਈ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।ਪਵਿੱਤਰ ਪਾਠ ਦੌਰਾਨ ਉੱਪ-ਕੁਲਪਤੀ ਡਾ: ਅਭਿਜੀਤ ਐੱਚ ਜੋਸ਼ੀ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਵਾਈਸ ਪ੍ਰੈਜ਼ੀਡੈਂਟ ਡਾ: ਹਰਸ਼ ਸਦਾਵਰਤੀ ਤੇ ਡਾ. ਸੁਰਜੀਤ ਕੌਰ ਪਥੇਜਾ ਮੌਜੂਦ ਸਨ।ਇਸ ਸਮਾਗਮ ਦੇ ਕਨਵੀਨਰ ਵਾਈਸ ਪ੍ਰਿੰਸੀਪਲ ਡਾ: ਤੇਜਵੀਰ ਸਿੰਘ ਨੇ ਪਤਵੰਤਿਆਂ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ।ਦੇਸ਼ ਭਗਤ ਡੈਂਟਲ ਕਾਲਜ ਤੇ ਹਸਪਤਾਲ ਦੇ ਸਮੂਹ ਫੈਕਲਟੀ ਮੈਂਬਰ ਅਤੇ ਵਿਦਿਆਰਥੀ ਆਸ਼ੀਰਵਾਦ ਲੈਣ ਲਈ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਏ।ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸ਼ਬਦ ਕੀਰਤਨ ਕੀਤਾ ਗਿਆ।ਪਾਠ ਦੀ ਸਮਾਪਤੀ 'ਤੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

## ਪੁਲਸ ਵੱਲੋਂ ਨਸ਼ਾ ਤਸਕਰ ਦੀ 14.46 ਲੱਖ ਦੀ ਜਾਇਦਾਦ ਜ਼ਬਤ



ਨਿਹਾਲ ਸਿੰਘ ਵਾਲਾ (ਨਵਾਂ ਜ਼ਮਾਨਾ ਸਰਵਿਸ)-ਮੋਗਾ ਪੁਲਸ ਵੱਲੋਂ ਨਸ਼ਾ ਸਮਗਲਰਾਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਸ੍ਰੀ ਅਨਵਰ ਅਲੀ ਉੱਪ-ਕਪਤਾਨ ਪੁਲਸ ਨਿਹਾਲ ਸਿੰਘ ਵਾਲਾ ਦੀ ਨਿਗਰਾਨੀ ਹੇਠ ਸਬ ਇੰਸਪੈਕਟਰ ਹਰਵਿੰਦਰ ਸਿੰਘ ਮੁੱਖ ਅਫ਼ਸਰ ਨਿਹਾਲ ਸਿੰਘ ਵਾਲਾ ਵੱਲੋਂ ਮੁਕੱਦਮਾ ਨੰਬਰ 57,/ 22/29-61/-85 ਐੱਨ ਡੀ ਪੀ ਐਸ ਐਕਟ ਥਾਣਾ ਸਮਾਲਸਰ ਮੁਕੱਦਮਾ 22-/61-85/ ਐੱਨ ਡੀ ਪੀ ਐੱਸ ਐਕਟ ਥਾਣਾ ਸਿਟੀ ਮੋਗਾ ਤੇ ਮੁਕੱਦਮਾ ਨੰਬਰ 109/22, 61-85/ਐੱਨ ਡੀ ਪੀ ਐੱਸ ਐਕਟ ਥਾਣਾ ਨਿਹਾਲ ਸਿੰਘ ਵਾਲਾ ਵਿੱਚ ਦੋਸ਼ੀ ਨਿਰਮਲ ਸਿੰਘ ਉਰਫ਼ ਨਿੰਮਾ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਘੋਲੀਆ ਖੁਰਦ ਦੀ ਪ੍ਰੋਪਰਟੀ ਨੂੰ ਅਟੈਚ ਕਰਨ ਸਬੰਧੀ ਉਸ ਦੇ ਘਰ ਦੇ ਬਾਹਰ ਪੋਸਟਰ ਚਿਪਕਾਏ ਗਏ। ਇਸ ਪ੍ਰੋਪਰਟੀ ਵਿੱਚੋਂ ਕਰੀਬ 10 ਮਰਲੇ ਜਗ੍ਹਾ (ਕੀਮਤ ਕਰੀਬ 14,46,400/ਰੁਪਏ) ਉਸ ਦੇ ਖੁਦ ਦੇ ਨਾਮ ਹੈ, ਜਿਸ ਦੀ ਪ੍ਰੋਪਰਟੀ ਬਾਰੇ ਪੜਤਾਲ ਕਰਨ 'ਤੇ ਇਹ ਗੱਲ ਸਾਹਮਣੇ ਆਈ ਕਿ ਉਕਤ ਪ੍ਰੋਪਰਟੀ ਇਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਖਰੀਦ ਕਰਕੇ ਪ੍ਰੋਪਰਟੀ ਆਪਣੇ ਨਾਮ ਲਗਵਾਈ ਹੋਈ ਸੀ, ਜਿਸ ਨੂੰ ਐੱਨ ਡੀ ਪੀ ਐੱਸ ਐਕਟ ਦੀ ਧਾਰਾ 68-ਐੱਫ਼ ਤਹਿਤ ਮਾਨਯੋਗ ਭਾਰਤ ਸਰਕਾਰ ਦੇ ਵਿੱਤ ਵਿਭਾਗ ਦੇ ਸਮਰੱਥ ਅਧਿਕਾਰੀ ਪਾਸੋਂ ਮਨਜ਼ੂਰੀ ਹਾਸਲ ਕਰਨ ਉਪਰੰਤ ਅਟੈਚ ਕਰਵਾਈ ਗਈ ਹੈ। ਇਸ ਤੋਂ ਇਲਾਵਾ ਇਹ ਵੀ ਦੱਸਿਆ ਕਿ ਭੱਵਿਖ ਵਿੱਚ ਵੀ ਹੋਰ ਨਸ਼ਾ ਤਸਕਰਾਂ ਖਿਲਾਫ਼ ਇਸੇ ਤਰ੍ਹਾਂ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਖਿਲਾਫ਼ ਸਖਤ ਐਕਸ਼ਨ ਲਿਆ ਜਾਵੇਗਾ।

## ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਮੁਫ਼ਤ ਜਾਂਚ ਕੈਂਪ



ਮਾਨਸਾ (ਆਤਮਾ ਸਿੰਘ ਪਮਾਰ)-ਸਿਹਤ ਵਿਭਾਗ ਪੰਜਾਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸਿਵਲ ਸਰਜਨ ਮਾਨਸਾ ਡਾਕਟਰ ਰਣਜੀਤ ਸਿੰਘ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰੇਕ ਮਹੀਨੇ ਦੀ 9 ਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਅਭਿਆਨ ਤਹਿਤ ਜ਼ਿਲ੍ਹੇ ਭਰ ਦੇ ਸਰਕਾਰੀ ਹਸਪਤਾਲਾਂ ਵਿੱਚ ਗਰਭਵਤੀ ਔਰਤਾਂ ਦਾ ਡਾਕਟਰੀ ਚੈੱਕਅਪ ਕਰਨ ਲਈ ਵਿਸ਼ੇਸ਼ ਕੈਂਪ ਲਗਾਏ ਜਾਂਦੇ ਹਨ।ਇਸ ਲੜੀ ਤਹਿਤ ਸਬ ਡਵੀਜ਼ਨ ਹਸਪਤਾਲ ਸਰਦੂਲਗੜ੍ਹ ਵਿਖੇ ਡਾ. ਹਰਸਿਮਰਨਜੀਤ ਕੌਰ ਮੈਡੀਕਲ ਅਫ਼ਸਰ ਦੁਆਰਾ ਜਾਂਚ ਕੈਂਪ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਿਤਵ ਅਭਿਆਨ ਤਹਿਤ ਹਰੇਕ ਮਹੀਨੇ ਦੀ 9 ਤੇ 23 ਤਰੀਕ ਨੂੰ ਮਨਾਇਆ ਜਾਂਦਾ ਹੈ।ਇਸ ਮੌਕੇ ਦੂਜੀ ਤੇ ਤੀਜੀ ਤਿਮਾਹੀ ਵਾਲੀਆਂ ਗਰਭਵਤੀ ਔਰਤਾਂ ਦਾ ਡਾਕਟਰੀ ਚੈੱਕਅਪ ਕਰਨ ਦੇ ਨਾਲ ਉਨ੍ਹਾਂ ਦੇ ਲੋੜੀਂਦੇ ਲੈਬਾਰਟਰੀ ਟੈਸਟ ਕਰਨ ਸਬੰਧੀ ਜ਼ਿਲ੍ਹਾ ਹਸਪਤਾਲ, ਸਬ ਡਵੀਜ਼ਨ ਹਸਪਤਾਲਾਂ, ਪ੍ਰਾਇਮਰੀ ਸਿਹਤ ਕੇਂਦਰਾਂ ਤੇ ਕਮਿਊਨਿਟੀ ਸਿਹਤ ਕੇਂਦਰਾਂ ਵਿੱਚ ਗਰਭਵਤੀ ਔਰਤਾਂ ਦੇ ਚੈੱਕਅੱਪ ਕੈਂਪ ਲਗਾਏ ਗਏ। ਇਸ ਮੌਕੇ ਸਿਵਲ ਸਰਜਨ ਨੇ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਗਰਭਵਤੀ ਔਰਤਾਂ ਦੇ ਚੈੱਕਅਪ ਦੇ ਨਾਲ ਨਾਲ ਬਲੱਡ ਪ੍ਰੈਸ਼ਰ, ਖੂਨ ਦੀ ਜਾਂਚ, ਐੱਚ.ਆਈ.ਵੀ. ਟੈਸਟ, ਸ਼ੂਗਰ ਰੋਗ ਤੇ ਹੋਰ ਲੱਛਣਾਂ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਸ਼ਰੀਰ ਵਿੱਚ ਖੂਨ ਦੀ ਕਮੀ ਪੂਰੀ ਕਰਨ ਦੇ ਲਈ ਹਰੀਆਂ ਪੱਤੇਦਾਰ ਸਬਜ਼ੀਆਂ, ਫਲ-ਫਰੂਟ ਖਾਣ, ਆਇਓਡੀਨ ਯੁਕਤ ਨਮਕ ਦੀ ਵਰਤੋਂ ਕਰਨ, ਦੁੱਧ, ਦਹੀਂ, ਪਨੀਰ, ਅੰਡੇ ਦੀ ਵਰਤੋਂ ਕਰਨ ਲਈ ਦੱਸਿਆ ਜਾਂਦਾ ਹੈ ਤਾਂ ਜੋਂ ਜਣੇਪੇ ਸਮੇਂ ਜੱਚਾ-ਬੱਚਾ ਦੋਨੋਂ ਤੰਦਰੁਸਤ ਰਹਿ ਸਕਣ।ਇਸ ਮੌਕੇ ਡਾ. ਕੋਮਲ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਹਨ।

## ਪੂਰਨਮਾਸ਼ੀ ਮੌਕੇ ਦਮੇ ਦੇ ਮਰੀਜ਼ਾਂ ਨੂੰ ਖੁਆਈ ਜਾਵੇਗੀ ਮੁਫਤ ਦਵਾਈ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਗੁਰਦੁਆਰਾ ਹਵੇਲੀ ਸਾਹਿਬ ਪਿੰਡ ਲੋਹਗੜ੍ਹ (ਬਰਨਾਲਾ) ਵਿਖੇ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਤਿੰਨ ਰੋਜ਼ਾ ਧਾਰਮਿਕ ਸਮਾਗਮ 13 ਤੋਂ 15 ਨਵੰਬਰ ਤੱਕ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਮਹੰਤ ਨਛੱਤਰ ਸਿੰਘ ਅਨੁਸਾਰ ਇਸ ਸਬੰਧੀ 13 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, 15 ਨਵੰਬਰ ਨੂੰ ਸਵੇਰੇ 10 ਵਜੇ ਭੋਗ ਉਪਰੰਤ ਉੱਘੇ ਰਾਗੀ, ਢਾਡੀ, ਕਥਾਵਾਚਕ ਗੁਰਇਤਿਹਾਸ ਪੇਸ਼ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।ਪ੍ਰਬੰਧਕਾਂ ਅਨੁਸਾਰ ਇਸ ਮੌਕੇ ਹਰ ਸਾਲ ਦੀ ਤਰ੍ਹਾਂ ਸਾਹ-ਦਮੇ ਦੇ ਮਰੀਜ਼ਾਂ ਨੂੰ ਮੁਫਤ ਦੇਸੀ ਦਵਾਈ ਪੂਰਨਮਾਸ਼ੀ ਵਾਲੇ ਦਿਨ 15 ਨਵੰਬਰ ਨੂੰ ਸਵੇਰੇ 4 ਵਜੇ ਖੀਰ 'ਚ ਖੁਆਈ ਜਾਵੇਗੀ।ਉਨ੍ਹਾਂ ਲੋੜਵੰਦ ਮਰੀਜ਼ਾਂ ਨੂੰ ਆਪਣੇ ਨਾਲ ਕਾਂਸੀ ਦੇ ਬਰਤਨ ਲੈ ਕੇ 14 ਨਵੰਬਰ ਸ਼ਾਮ ਤੱਕ ਗੁਰਦੁਆਰਾ ਹਵੇਲੀ ਸਾਹਿਬ ਪਿੰਡ ਲੋਹਗੜ੍ਹ (ਬਰਨਾਲਾ) ਵਿਖੇ ਪਹੁੰਚਣ ਦੀ ਅਪੀਲ ਕੀਤੀ।

# 170 ਪੇਟੀਆਂ ਠੇਕਾ ਸ਼ਰਾਬ ਬਰਾਮਦ, 2 ਸਮੱਗਲਰ ਕਾਬੂ



ਮੋਗਾ (ਇਕਬਾਲ ਸਿੰਘ ਖਹਿਰਾ)

ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਵੱਲੋਂ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕਰਨ ਸਬੰਧੀ ਵਿੱਢੀ ਮੁਹਿੰਮ ਨੂੰ ਉਸ ਸਮੇਂ ਸਫਲਤਾ ਹਾਸਲ ਹੋਈ, ਜਦੋਂ ਗੁਰਸ਼ਰਨਜੀਤ ਸਿੰਘ, ਐੱਸ. ਪੀ. (ਸਥਾਨਕ) ਮੋਗਾ, ਰਵਿੰਦਰ ਸਿੰਘ ਡੀ.ਐੱਸ.ਪੀ ਸਿਟੀ ਮੋਗਾ ਦੇ ਦਿਸ਼ਾ ਨਿਰਦੇਸ਼ਾਂ ਤੇ ਇੰਸਪੈਕਟਰ ਇਕਬਾਲ ਹੁਸੈਨ ਮੁੱਖ ਅਫਸਰ ਥਾਣਾ ਸਿਟੀ ਸਾਊਥ, ਮੋਗਾ ਦੀ ਅਗਵਾਈ ਵਿੱਚ ਸ:ਥ: ਲਖਵੀਰ ਸਿੰਘ ਮੋਗਾ ਸਮੇਤ ਪੁਲਸ ਪਾਰਟੀ ਦੇਵ ਹੋਟਲ ਮੇਨ ਬਜ਼ਾਰ ਮੋਗਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅਮਰਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਨੇੜੇ ਆਕਾਲਸਰ ਗੁਰਦੁਆਰਾ ਸਾਹਿਬ ਹੁਣ ਪ੍ਰੀਤ ਨਗਰ ਮੋਗਾ ਤੇ ਸੁਖਪਲਵਿੰਦਰ ਸਿੰਘ ਉਰਫ ਸੁੱਖਾ ਪੁੱਤਰ ਗੁਰਮੇਜ ਸਿੰਘ ਵਾਸੀ ਨਾਹਲ ਖੋਟੇ ਬਾਹਰਲੀ ਸਟੇਟ ਤੋਂ ਠੇਕਾ ਸ਼ਰਾਬ ਲਿਆ ਕੇ ਅੱਗੇ ਮਹਿੰਗੇ ਭਾਅ ਵਿੱਚ ਵੇਚਣ ਦੇ ਆਦੀ ਹਨ, ਜੋ ਅੱਜ ਅਮਰਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਨੇੜੇ ਆਕਾਲਸਰ ਗੁਰਦੁਆਰਾ ਸਾਹਿਬ ਹੁਣ ਪ੍ਰੀਤ ਨਗਰ ਮੋਗਾ ਆਪਣੇ ਕਬਜ਼ਾ ਵਿਚਲੀ ਸਵਿਫਟ ਕਾਰ ਨੰਬਰ ਯੂ ਪੀ 16 23 3227 ਰੰਗ ਡਾਰਕ ਗਰੇਅ ਸ਼ਰਾਬ ਠੇਕਾ ਲੈ ਕੇ ਸੰਧੂਆ ਰੋਡ ਰਾਹੀਂ ਮੋਗਾ ਸ਼ਹਿਰ ਨੂੰ ਆਉਣ ਵਾਲੇ ਹਨ, ਜੇਕਰ ਹੁਣੇ ਹੀ ਨਾਕਾਬੰਦੀ ਕੀਤੀ ਜਾਵੇ ਤਾਂ ਕਾਰ ਸਮੇਤ ਭਾਰੀ ਮਾਤਰਾ ਠੇਕਾ ਸ਼ਰਾਬ ਬਰਾਮਦ ਹੋ ਸਕਦੀ ਹੈ। ਜੋ ਇਤਲਾਹ ਠੋਸ ਤੇ ਭਰੋਸੇਯੋਗ ਹੋਣ ਕਰਕੇ ਦੋਸ਼ੀਆਨ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। ਨਾਕਾਬੰਦੀ ਦੌਰਾਨ ਅਮਰਜੀਤ ਸਿੰਘ ਪੁੱਤਰ ਗੁਲਜਾਰ ਸਿੰਘ ਵਾਸੀ ਨੇੜੇ ਆਕਾਲਸਰ ਗੁਰਦੁਆਰਾ ਸਾਹਿਬ ਹੁਣ ਪ੍ਰੀਤ ਨਗਰ ਮੋਗਾ ਨੂੰ ਸਵਿਫਟ ਕਾਰ ਸਮੇਤ ਰੋਕਿਆ ਗਿਆ। ਚੈਕਿੰਗ ਦੌਰਾਨ ਕਾਰ ਵਿੱਚੋਂ 32 ਪੇਟੀਆਂ ਮਾਰਕਾ ਵਜੀਰ ਚੰਡੀਗੜ੍ਹ ਬਰਾਮਦ ਕੀਤੀਆਂ ਗਈਆਂ ਤੇ ਮੁਲਜ਼ਮ ਅਮਰਜੀਤ ਸਿੰਘ ਉਕਤ ਨੂੰ ਕਾਬੂ ਕੀਤਾ। ਮੁਲਜ਼ਮ ਅਮਰਜੀਤ ਸਿੰਘ ਨੇ ਪੁੱਛ-ਗਿੱਛ ਦੌਰਾਨ ਦੱਸਿਆ ਕਿ ਬਾਕੀ 138 ਪੇਟੀਆਂ ਸ਼ਰਾਬ ਉਸ ਨੇ ਘਰ ਪ੍ਰੀਤ ਨਗਰ ਮੋਗਾ ਵਿਖੇ ਲੁਕਾ ਕੇ ਰੱਖੀ ਹੈ, ਜਿਸ ਦੀ ਚਾਬੀ ਉਸ ਦੀ ਪਤਨੀ ਕੁਲਵਿੰਦਰ ਕੌਰ ਪਾਸ ਹੈ। ਫਿਰ ਮੁਲਜ਼ਮ ਅਮਰਜੀਤ ਸਿੰਘ ਦੀ ਨਿਸ਼ਾਨਦੇਹੀ 'ਤੇ ਉਸ ਦੇ ਘਰ ਤੋਂ 138 ਪੇਟੀਆਂ ਠੇਕਾ ਸ਼ਰਾਬ ਬਰਾਮਦ ਕੀਤੀ ਅਤੇ ਇਸ ਦੀ ਪਤਨੀ ਕੁਲਵਿੰਦਰ ਕੌਰ ਨੂੰ ਮੌਕੇ 'ਤੇ ਗ੍ਰਿਫਤਾਰ ਕੀਤਾ ਅਤੇ ਸੁਖਪਲਵਿੰਦਰ ਸਿੰਘ ਦੀ ਗ੍ਰਿਫਤਾਰੀ ਬਾਕੀ ਹੈ। ਇਹ ਤਿੰਨੋਂ ਜਣੇ ਰਲ ਕੇ ਸ਼ਰਾਬ ਸਮੱਗਲਿੰਗ ਕਰਦੇ ਹਨ।

## ਬਹੁ-ਸਥਾਨੀ ਨੈੱਟਵਰਕ ਚੇਤਨਾ ਤੇ ਪੰਜਾਬੀ ਭਾਸ਼ਾ 'ਤੇ ਸੈਮੀਨਾਰ ਅੱਜ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਵੱਲੋਂ 'ਪੰਜਾਬੀ ਮਾਹ' ਦੌਰਾਨ 11 ਨਵੰਬਰ ਸਵੇਰੇ 11 ਵਜੇ ਕਲਾ ਭਵਨ ਸੈਕਟਰ 16, ਚੰਡੀਗੜ੍ਹ ਵਿਖੇ ਇੱਕ ਰੋਜ਼ਾ ਸੈਮੀਨਾਰ ਕਰਵਾਇਆ ਜਾ ਰਿਹਾ ਹੈ, ਜਿਸ ਦਾ ਵਿਸ਼ਾ 'ਬਹੁ-ਸਥਾਨੀ ਨੈੱਟਵਰਕ ਚੇਤਨਾ ਤੇ ਪੰਜਾਬੀ ਭਾਸ਼ਾ' ਹੈ।ਇਸ ਦੇ ਵਕਤਾ ਉੱਘੇ ਸਿੱਖਿਆ ਸ਼ਾਸਤਰੀ ਸ੍ਰੀ ਸ਼ੁਭ ਪ੍ਰੇਮ ਬਰਾੜ ਹੋਣਗੇ।ਮੁੱਖ ਮਹਿਮਾਨ ਸ੍ਰੀ ਅਸ਼ਵਨੀ ਚੈਟਲੇ ਤੇ ਪ੍ਰਧਾਨਗੀ ਪੰਜਾਬ ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ ਕਰਨਗੇ।ਆਰਟਸ ਕੌਂਸਲ ਦੇ ਚੇਅਰਮੈਨ ਸਵਰਨਜੀਤ ਸਿੰਘ ਸਵੀ, ਸਕੱਤਰ ਡਾ. ਰਵੇਲ ਸਿੰਘ, ਉਪ-ਚੇਅਰਮੈਨ ਡਾ. ਯੋਗ ਰਾਜ, ਸੰਯੁਕਤ ਸਕੱਤਰ ਡਾ. ਪ੍ਰਵੀਨ ਕੁਮਾਰ, ਪੰਜਾਬ ਸਾਹਿਤ ਅਕਾਦਮੀ, ਚੰਡੀਗੜ੍ਹ ਦੇ ਪ੍ਰਧਾਨ ਡਾ. ਆਤਮ ਰੰਧਾਵਾ, ਆਰਟਸ ਕੌਂਸਲ ਦੇ ਕਾਰਜਕਾਰਨੀ ਮੈਂਬਰ ਤੇ ਉੱਘੇ ਚਿੰਤਕ ਅਮਰਜੀਤ ਗਰੇਵਾਲ ਨੇ ਕਿਹਾ ਕਿ ਮਾਤ ਭਾਸ਼ਾ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਰਹਿਣਗੇ। ਉਨ੍ਹਾ ਕਿਹਾ ਕਿ ਵਿਗਿਆਨਕ ਤੌਰ 'ਤੇ ਇਹ ਸਿੱਧ ਹੋ ਚੁੱਕਾ ਹੈ ਕਿ ਮਾਂ ਬੋਲੀ ਜਾਣੇ ਬਿਨਾਂ ਕਿਸੇ ਹੋਰ ਭਾਸ਼ਾ ਵਿੱਚ ਵੀ ਮੁਹਾਰਤ ਹਾਸਲ ਨਹੀਂ ਕੀਤੀ ਜਾ ਸਕਦੀ।ਉਨ੍ਹਾਂ ਕਿਹਾ ਕਿ ਮਸ਼ੀਨੀ ਬੁੱਧੀਮਾਨਤਾ ਦੇ ਚੁਣੌਤੀ ਭਰੇ ਸਮੇਂ ਪੰਜਾਬੀ ਭਾਸ਼ਾ ਨੂੰ ਵਕਤ ਦੇ ਹਾਣ ਦੀ ਬਣਾਉਣ ਲਈ, ਇਸ ਦੇ ਹਰ ਮੰਚ 'ਤੇ ਧਿਆਨ ਕੇਂਦਰਤ ਕੀਤਾ ਜਾਵੇਗਾ।ਉਨ੍ਹਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਇਸ ਸੈਮੀਨਾਰ ਵਿੱਚ ਆਪਣੀ ਭਰਪੂਰ ਹਾਜ਼ਰੀ ਲਗਵਾਉਣ ਤਾਂ ਕਿ ਸਾਰਿਆਂ ਦੇ ਸਹਿਯੋਗ ਨਾਲ ਇਸ ਸੰਬੰਧੀ ਹੋਰ ਮਹੱਤਵਪੂਰਨ ਟੀਚੇ ਸਰ ਕੀਤੇ ਜਾ ਸਕਣ। ਆਗੂਆਂ ਨੇ ਕਿਹਾ ਕਿ ਪੰਜਾਬ ਆਰਟਸ ਕੌਂਸਲ ਆਪਣੇ ਕਾਰਜਾਂ ਨੂੰ ਸਿਰਫ਼ ਵੱਡੇ ਸ਼ਹਿਰਾਂ ਤੱਕ ਹੀ ਸੀਮਤ ਨਹੀਂ ਕਰੇਗੀ, ਸਗੋਂ ਕਸਬਿਆਂ ਤੇ ਪੇਂਡੂ ਇਲਾਕਿਆਂ ਵਿੱਚ ਵੀ ਲੈ ਕੇ ਜਾਵੇਗੀ।

## ਵਿਜੀਲੈਂਸ ਦੀ ਟੀਮ ਵੱਲੋਂ ਚੱਕ ਅਰਨੀਵਾਲਾ 'ਚ ਕੀਤੇ ਵਿਕਾਸ ਕਾਰਜਾਂ ਦੀ ਜਾਂਚ





ਜਲਾਲਾਬਾਦ (ਜੀਤ ਕੁਮਾਰ)

ਡੀਜੀਪੀ ਵਿਜੀਲੈਂਸ ਵਰਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਐੱਸ ਐੱਸ ਪੀ ਵਿਜੀਲੈਂਸ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਲਈ ਵਿਜੀਲੈਂਸ ਦੀ ਟੀਮ ਵੱਲੋਂ ਡੀ ਐੱਸ ਪੀ ਗੁਰਿੰਦਰਜੀਤ ਸਿੰਘ ਦੀ ਰਹਿਨੁਮਾਈ ਵਿੱਚ ਚੱਕ ਅਰਨੀਵਾਲਾ ਉਰਫ ਕੱਟੀਆਂ ਵਾਲੀ ਵਿਖੇ ਪੰਚਾਇਤ ਵੱਲੋਂ ਪਿਛਲੇ ਸਮੇਂ ਦੌਰਾਨ ਕਰਵਾਏ ਵਿਕਾਸ ਕਾਰਜਾਂ ਸਬੰਧੀ ਬਲਵਿੰਦਰ ਸਿੰਘ ਵੱਲੋਂ ਦਿੱਤੀ ਗਈ ਸ਼ਿਕਾਇਤ ਦੇ ਅਧਾਰ 'ਤੇ ਟੈਕਨੀਕਲ ਟੀਮ ਦੇ ਸਹਿਯੋਗ ਨਾਲ ਜਾਂਚ ਕੀਤੀ ਗਈ। ਇਸ ਜਾਂਚ ਟੀਮ ਦੀ ਅਗਵਾਈ ਇੰਸਪੈਕਟਰ ਚੰਦਰ ਸ਼ੇਖਰ ਨੇ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਚੱਕ ਅਰਨੀਵਾਲਾ ਦੇ ਵਾਸੀ ਬਲਵਿੰਦਰ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਪਿੰਡ ਵਿੱਚ ਜੋ ਵਿਕਾਸ ਕਾਰਜ ਹੋਏ ਹਨ, ਉਹ ਸਹੀ ਨਹੀਂ ਹੋਏ। ਵਿਜੀਲੈਂਸ ਦੀ ਟੀਮ ਵੱਲੋਂ ਪਿੰਡ ਵਿੱਚ ਆਂਗਣਵਾੜੀ ਸੈਂਟਰ ਦੀ ਬਿਲਡਿੰਗ, ਪਬਲਿਕ ਸ਼ੈੱਡ ਦੀ ਉਸਾਰੀ, ਐੱਸ ਸੀ ਧਰਮਸ਼ਾਲਾ ਦੀ ਉਸਾਰੀ, ਸਕੂਲ ਦਾ ਕਮਰਾ ਤੇ ਬਰਾਂਡਾ, ਜਿੰਮ ਰੂਮ ਦੀ ਉਸਾਰੀ, ਨਹਿਰ ਦਾ ਪੁਲ, ਕਮਿਊਨਿਟੀ ਹਾਲ ਤੇ ਆਂਗਣਵਾੜੀ ਸੈਂਟਰ ਦੀ ਚਾਰਦੁਆਰੀ, ਸ਼ਮਸ਼ਾਨਘਾਟ ਦਾ ਸ਼ੈੱਡ, ਸ਼ਮਸ਼ਾਨਘਾਟ ਦੀ ਚਾਰਦਵਾਰੀ, ਵਾਟਰ ਸਪਲਾਈ ਤੇ ਬੋਰ, ਅੰਡਰ ਗਰਾਊਂਡ ਪਾਈਪ ਲਾਈਨਜ਼ ਤੇ ਗਲੀਆਂ ਦੀ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਜਾਂਚ ਦੇ ਨਤੀਜੇ ਆਉਣ ਤੋਂ ਬਾਅਦ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਦੇ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਭ੍ਰਿਸ਼ਟਾਚਾਰ ਨਹੀਂ ਕਰਨ ਦਿੱਤਾ ਜਾਵੇਗਾ ਤੇ ਜੇਕਰ ਕੋਈ ਕਿਸੇ ਵੀ ਤਰ੍ਹਾਂ ਦਾ ਭ੍ਰਿਸ਼ਟਾਚਾਰ ਕਰਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਕੌਮੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜਾਗਰੂਕਤਾ ਰੈਲੀ



ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਕੌਮੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਮੁਨੀਸ਼ ਸਿੰਗਲ ਦੀ ਰਹਿਨੁਮਾਈ ਹੇਠ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ।ਸ੍ਰੀ ਦੁਰਗਾ ਸੇਵਾ ਦਲ ਦੇ ਸਹਿਯੋਗ ਨਾਲ ਕੀਤੀ ਗਈ ਇਸ ਰੈਲੀ ਦੌਰਾਨ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਸਬੰਧੀ ਜਾਗਰੂਕ ਕੀਤਾ ਗਿਆ।ਇਸ ਰੈਲੀ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੰਗਰੂਰ ਦੇ ਸਕੱਤਰ ਤੇ ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ. ਦਲਜੀਤ ਕੌਰ ਨੇ ਏ.ਡੀ.ਆਰ. ਸੈਂਟਰ ਸੰਗਰੂਰ ਤੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ।ਇਸ ਜਾਗਰੂਕਤਾ ਰੈਲੀ ਵਿੱਚ ਫਾਰਚਿਊਨ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਇਹ ਰੈਲੀ ਏ.ਡੀ.ਆਰ. ਸੈਂਟਰ ਸੰਗਰੂਰ ਤੋਂ ਸ਼ੁਰੂ ਹੋ ਕੇ ਬੜਾ ਚੌਕ ਤੇ ਲੇਬਰ ਚੌਕ ਤੋਂ ਹੁੰਦੀ ਹੋਈ ਵਾਪਸ ਏ.ਡੀ.ਆਰ. ਸੈਂਟਰ ਸੰਗਰੂਰ ਵਿਖੇ ਖ਼ਤਮ ਹੋਈ।ਇਸ ਮੌਕੇ ਸ੍ਰੀ ਦੁਰਗਾ ਸੇਵਾ ਦਲ ਦੇ ਪ੍ਰਧਾਨ ਸ੍ਰੀ ਅਰੂਪ ਸਿੰਗਲਾ, ਪੈਨਲ ਦੇ ਵਕੀਲ, ਪੈਰਾ ਲੀਗਲ ਵਲੰਟੀਅਰ ਤੇ ਅਥਾਰਟੀ ਦਾ ਸਟਾਫ ਹਾਜ਼ਰ ਸੀ।ਰੈਲੀ ਦੌਰਾਨ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਦਲਜੀਤ ਕੌਰ ਨੇ ਦੱਸਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ 1987 ਦੇ ਲਾਗੂ ਹੋਣ ਦੇ ਸਬੰਧ ਵਿੱਚ ਕੌਮੀ ਕਾਨੂੰਨੀ ਸੇਵਾਵਾਂ ਦਿਵਸ ਹਰ ਸਾਲ 9 ਨਵੰਬਰ ਨੂੰ ਮਨਾਇਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਇਸ ਰੈਲੀ ਦਾ ਮੰਤਵ ਲੋਕਾਂ ਨੂੰ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਤੇ ਅਥਾਰਟੀ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਮੁਹਿੰਮਾਂ ਜਿਵੇਂ ਕਿ ਯੂਅਰ ਜਰਨੀ, ਯੂਅਰ ਲਾਈਫ, ਨਸ਼ਿਆਂ ਦਾ ਖਾਤਮਾ, ਰੁੱਖ ਲਗਾਉਣਾ ਆਦਿ ਬਾਰੇ ਜਾਗਰੂਕ ਕਰਨਾ ਹੈ।

ਸਕੱਤਰ ਨੇ ਦੱਸਿਆ ਕਿ ਮੁਫ਼ਤ ਕਾਨੂੰਨੀ ਸਹਾਇਤਾ ਅਧੀਨ ਅਥਾਰਟੀ ਵੱਲੋਂ ਵੱਖ-ਵੱਖ ਕੈਟਾਗਿਰੀਆਂ ਦੇ ਵਿਅਕਤੀਆਂ, ਜਿਸ ਦੀ ਸਾਲਾਨਾ ਆਮਦਨ 3,00,000/- ਰੁਪਏ ਤੋਂ ਵੱਧ ਨਾ ਹੋਵੇ, ਨੂੰ ਉਪ-ਮੰਡਲ ਜ਼ਿਲ੍ਹਾ, ਮਾਨਯੋਗ ਹਾਈ ਕੋਰਟ ਤੇ ਮਾਨਯੋਗ ਸੁਪਰੀਮ ਕੋਰਟ ਪੱਧਰ 'ਤੇ ਦੀਵਾਨੀ, ਫ਼ੌਜਦਾਰੀ ਤੇ ਮਾਲ ਦੀਆਂ ਕਚਹਿਰੀਆਂ ਵਿੱਚ ਚਾਰਾਜ਼ੋਈ ਲਈ ਵਕੀਲ ਦੀਆਂ ਮੁਫ਼ਤ ਸੇਵਾਵਾਂ ਤੇ ਕਾਨੂੰਨੀ ਸਲਾਹ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਟੋਲ ਫ੍ਰੀ ਹੈਲਪਲਾਈਨ ਨੰਬਰ 15100 'ਤੇ ਕਾਲ ਕੀਤੀ ਜਾ ਸਕਦੀ ਹੈ।

## ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪਾਬੰਦੀਆਂ ਦੇ ਹੁਕਮ

ਫਰੀਦਕੋਟ (ਐਲਿਗਜੈਂਡਰ ਡਿਸੂਜਾ)

ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਵਿਨੀਤ ਕੁਮਾਰ ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹਾ ਫਰੀਦਕੋਟ ਅੰਦਰ ਕਿਸੇ ਤਰ੍ਹਾਂ ਦੇ ਲਾਈਵ ਸ਼ੋਅ ਦੌਰਾਨ ਸ਼ਰਾਬ ਜਾਂ ਨਸ਼ੇ ਉਤਸ਼ਾਹਤ ਅਤੇ ਹਿੰਸਾ ਨੂੰ ਭੜਕਾਉਣ ਵਾਲੇ ਗੀਤ ਆਦਿ ਨਹੀਂ ਗਾਏ ਜਾਣਗੇ।ਜ਼ਿਲ੍ਹੇ ਅੰਦਰ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਿਨੇਮਾ ਹਾਲਾਂ/ਮਲਟੀਪਲੈਕਸਾਂ ਵਿੱਚ ਜਾਣ ਦੀ ਆਗਿਆ ਨਹੀਂ ਹੋਵੇਗੀ, ਜਿੱਥੇ ਮਾਰਕ ਏ ਵਾਲੀਆਂ ਫਿਲਮਾਂ ਪ੍ਰਦਰਸ਼ਤ ਹੁੰਦੀਆਂ ਹਨ।ਜ਼ਿਲ੍ਹੇ ਅੰਦਰ ਵਿੱਦਿਅਕ ਸੰਸਥਾਵਾਂ ਦੇ ਆਸ-ਪਾਸ ਨਗਨ ਪੋਸਟਰ, ਅਰਧ ਨਗਨ ਪੋਸਟਰ, ਅਸ਼ਲੀਲ ਪੋਸਟਰ ਸਥਾਪਤ/ਪ੍ਰਦਰਸ਼ਤ ਨਹੀਂ ਕੀਤੇ ਜਾਣਗੇ।ਜ਼ਿਲ੍ਹਾ ਫਰੀਦਕੋਟ ਅੰਦਰ ਸਾਲਾਨਾ ਪ੍ਰੀਖਿਆਵਾਂ ਤੋਂ 15 ਦਿਨ ਪਹਿਲਾਂ ਤੇ ਪ੍ਰੀਖਿਆਵਾਂ ਦੌਰਾਨ ਲਾਊਡ ਸਪੀਕਰ ਚਲਾਉਣ 'ਤੇ ਪੂਰਨ ਪਾਬੰਦੀ ਲਗਾਈ ਗਈ ਹੈ।ਇਹ ਹੁਕਮ 26 ਦਸੰਬਰ 2024 ਤੱਕ ਲਾਗੂ ਰਹਿਣਗੇ।

## ਗੁਰੂ ਨਾਨਕ ਸਕੂਲ ਵਿਖੇ ਸਹੋਦਿਆ ਸਕੂਲ ਕੰਪਲੈਕਸ ਲੁਧਿਆਣਾ ਈਸਟ ਅਧੀਨ ਖੇਡਾਂ ਕਰਵਾਈਆਂ

ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ 'ਸਹੋਦਿਆ ਸਕੂਲ ਕੰਪਲੈਕਸ ਲੁਧਿਆਣਾ ਈਸਟ (ਖੰਨਾ)' ਅਧੀਨ ਦੋ ਰੋਜ਼ਾ ਖੇਡ ਸਮਾਗਮ ਕਰਵਾਇਆ ਗਿਆ।ਸਕੂਲ ਵਿੱਚ ਇਸ ਸਮਾਗਮ ਦੌਰਾਨ ਗੋਵਿੰਦ ਬਰਾੜ ਮੁੱਖ ਮਹਿਮਾਨ ਵਜੋਂ ਪਹੁੰਚੇ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡ ਸਮਾਗਮ ਦਾ ਆਯੋਜਨ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਤੰਦਰੁਸਤ ਰਹਿਣ ਲਈ ਖੇਡਾਂ ਬਹੁਤ ਜ਼ਰੂਰੀ ਹਨ।ਇਸ ਉਪਰੰਤ ਸਕੂਲ ਪ੍ਰਿੰਸੀਪਲ ਡੀ. ਪੀ. ਠਾਕੁਰ ਵੱਲੋਂ ਖੇਡ ਸਮਾਗਮ ਦੇ ਦੂਜੇ ਦਿਨ ਦਾ ਆਰੰਭ ਕਰਨ ਦੇ ਐਲਾਨ ਨਾਲ ਅੰਡਰ-14 ਤੇ ਅੰਡਰ-17 ਲੜਕਿਆਂ ਦੀਆਂ 100 ਮੀਟਰ, 200 ਮੀਟਰ, 800 ਮੀਟਰ, 80 ਮੀਟਰ ਹਰਡਲ, 110 ਮੀਟਰ ਹਰਡਲ, 400 ਮੀਟਰ, ਲੰਮੀ ਛਾਲ, 4×100 ਮੀਟਰ ਰਿਲੇਅ ਆਦਿ ਦੌੜਾਂ ਕਰਵਾਈਆਂ ਗਈਆਂ।ਜੇਤੂ ਵਿਦਿਆਰਥੀਆਂ ਨੂੰ ਮੁੱਖ ਮਹਿਮਾਨ ਗੋਵਿੰਦ ਬਰਾੜ, ਕਮੇਟੀ ਮੈਂਬਰ ਤੇ ਪ੍ਰਿੰਸੀਪਲ ਸਾਹਿਬ ਵੱਲੋਂ ਇਨਾਮ ਤਕਸੀਮ ਕੀਤੇ ਗਏ।

ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਇਸ ਖੇਡ ਸਮਾਗਮ ਦੇ ਸਫ਼ਲਤਾਪੂਰਵਕ ਨੇਪਰੇ ਚੜ੍ਹਨ 'ਤੇ ਸ਼ਲਾਘਾ ਕੀਤੀ।ਇਸ ਮੌਕੇ ਰਾਜਿੰਦਰ ਸਿੰਘ ਖਾਲਸਾ, ਹਰਜੀਵਨਪਾਲ ਸਿੰਘ ਗਿੱਲ, ਮੈਨੇਜਰ ਆਦਰਸ਼ਪਾਲ ਬੈਕਟਰ, ਨਵਨੀਤ ਸਿੰਘ ਮਾਂਗਟ, ਰਵਿੰਦਰ ਸਿੰਘ ਮਲਹਾਂਸ ਤੇ ਚਰਨਜੀਤ ਸਿੰਘ ਖਾਲਸਾ ਨੇ ਇਸ ਖੇਡ ਸਮਾਗਮ ਵਿੱਚ ਆਪਣਾ ਕੀਮਤੀ ਸਮਾਂ ਦੇ ਕੇ ਹਾਜ਼ਰੀ ਭਰੀ।ਸਕੂਲ ਪ੍ਰਿੰਸੀਪਲ ਡੀ. ਪੀ. ਠਾਕੁਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅਸੀਂ ਸਕੂਲ ਪ੍ਰਬੰਧਕ ਕਮੇਟੀ ਦੇ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਸਾਨੂੰ ਇਹ ਖੇਡ ਸਮਾਗਮ ਕਰਵਾਉਣ ਲਈ ਸਹਿਯੋਗ ਦਿੱਤਾ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅੱਗੋਂ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ, ਕਿਉਂਕਿ ਖੇਡਾਂ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹੁੰਦੀਆਂ ਹਨ।

ਹਾਰ ਤੇ ਜਿੱਤ ਦਾ ਸਾਹਮਣਾ ਕਰਦਾ ਵਿਦਿਆਰਥੀ ਆਪਣੇ ਜੀਵਨ ਵਿੱਚ ਹਰ ਮੁਸ਼ਕਲ ਦਾ ਹੱਸ ਕੇ ਮੁਕਾਬਲਾ ਕਰਨ ਦੇ ਯੋਗ ਹੋ ਜਾਂਦਾ ਹੈ।ਪ੍ਰੋਗਰਾਮ ਦੇ ਅੰਤ ਵਿੱਚ ਰਾਸ਼ਟਰੀ ਗੀਤ ਦੁਆਰਾ ਸਮਾਗਮ ਦੀ ਸਮਾਪਤੀ ਕੀਤੀ ਗਈ।

## ਜ਼ਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਜਿੱਤ ਤਹਿ : ਦੇਵ ਮਾਨ

ਨਾਭਾ (ਵਰਿੰਦਰ ਵਰਮਾ)-ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਜੀ ਦੀ ਰਹਿਨੁਮਾਈ ਹੇਠ ਪੰਜਾਬ ਦੀਆਂ 4 ਹਲਕੇ ਦੀਆਂ ਜ਼ਿਮਨੀ ਚੋਣਾਂ 'ਚ ਆਪ ਦੀ ਜਿੱਤ ਤਹਿ ਹੈ।ਇਹ ਦਾਅਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਪ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਚੋਣ ਪ੍ਰਚਾਰ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਲੋਕ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਪਾਰਟੀ ਨੂੰ ਵੇਖ ਚੁੱਕੇ ਹਨ।ਇਨ੍ਹਾਂ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਨੂੰ ਜੀਅ ਭਰ ਕੇ ਲੁੱਟਿਆ ਤੇ ਕੁੱਟਿਆ ਹੈ, ਜਿਸ ਕਰਕੇ 2022 'ਚ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਪਾਰਟੀਆਂ ਨੂੰ ਨਕਾਰ ਦਿੱਤਾ ਸੀ, ਪਰ ਹੁਣ ਇਹ ਫਿਰ ਸੂਬੇ ਦੇ ਹਰਮਨ ਪਿਆਰੇ ਲੋਕਾਂ ਦੇ ਹਾੜੇ ਕੱਢਦੇ ਫਿਰਦੇ ਨੇ ਕੇ ਸਾਨੂੰ ਇੱਕ ਵਾਰ ਫਿਰ ਮੌਕਾ ਦਿਓ, ਜਦਕਿ ਸੂਬੇ ਦੇ ਲੋਕ ਇਨ੍ਹਾਂ ਨੂੰ ਮੂੰਹ ਨਹੀਂ ਲਾ ਰਹੇ।ਵਿਧਾਇਕ ਦੇਵ ਮਾਨ ਨੇ ਅੱਗੇ ਕਿਹਾ ਕਿ ਗਿੱਦੜਬਾਹਾ, ਬਰਨਾਲਾ ਚੱਬੇਵਾਲ ਤੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕਿਆਂ 'ਚ ਆਮ ਆਦਮੀ ਪਾਰਟੀ ਦੀ ਪੁਜ਼ੀਸ਼ਨ ਪੂਰੀ ਤਰ੍ਹਾਂ ਮਜ਼ਬੂਤ ਹੈ, ਜਿਸ ਨੂੰ ਵੇਖਦੇ ਹੋਏ ਹਲਕੇ ਦੇ ਲੋਕ ਆਪ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾ ਕੇ ਫਤਵਾ ਦੇਣਗੇ, ਕਿਉਂਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਦੀਆਂ ਸਕੀਮਾਂ ਨੂੰ ਵੇਖਦੇ ਹੋਏ ਸੂਬੇ ਦਾ ਹਰ ਵਰਗ ਖੁਸ਼ ਨਜ਼ਰ ਆ ਰਿਹਾ ਹੈ।ਉਨ੍ਹਾਂ ਦਾਅਵਾ ਕੀਤਾ ਕਿ ਇਹ ਚਾਰੋਂ ਸੀਟਾਂ ਆਪ ਉਮੀਦਵਾਰ ਜਿੱਤ ਕੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਝੋਲੀ ਵਿੱਚ ਪਾਉਣਗੇ।

## ਕੌਮੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸੈਮੀਨਾਰ



ਬਠਿੰਡਾ (ਪਰਵਿੰਦਰ ਜੀਤ ਸਿੰਘ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਵੱਲੋਂ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਤੇ ਮਾਣਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਹੁਕਮਾਂ ਅਨੁਸਾਰ ਅਤੇ ਸ੍ਰੀ ਸੁਮੀਤ ਮਲਹੋਤਰਾ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਸਹਿਤ ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਯੋਗ ਅਗਵਾਈ ਹੇਠ ਕੌਮੀ ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜ਼ਿਲ੍ਹਾ ਪੱਧਰੀ ਸੈਮੀਨਾਰ ਸਥਾਨਕ ਸ਼ਹੀਦ ਮੇਜਰ ਰਵੀ ਇੰਦਰ ਸਿੰਘ ਸੰਧੂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਮਾਲ ਰੋਡ ਵਿਖੇ ਲਗਾਇਆ ਗਿਆ।

ਇਸ ਮੌਕੇ ਸ੍ਰੀ ਸੁਰੇਸ਼ ਕੁਮਾਰ ਗੋਇਲ, ਸੀ.ਜੇ.ਐੱਮ-ਸਹਿਤ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੰਬੋਧਨ ਕਰਦਿਆਂ ਕਿਹਾ ਕਿ ਸੰਵਿਧਾਨ ਦੀ 42ਵੀਂ ਸੋਧ 1976 ਅਨੁਛੇਦ 39 ਏ ਤਹਿਤ ਮੁਫ਼ਤ ਕਾਨੂੰਨੀ ਸਹਾਇਤਾ ਨੂੰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ 'ਚ ਸ਼ਾਮਲ ਕੀਤਾ ਗਿਆ, ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਲੀਗਲ ਸਰਵਿਸ ਅਥਾਰਟੀ ਐਕਟ 1987 ਪਾਸ ਕੀਤਾ, ਜੋ ਕਿ 9 ਨਵੰਬਰ 1995 ਨੂੰ ਪੂਰੇ ਮੁਲਕ 'ਚ ਲਾਗੂ ਹੈ। ਇਸ ਤਹਿਤ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਹੋਂਦ 'ਚ ਆਈ ਤੇ ਰਾਜ ਪੱਧਰ 'ਤੇ ਕਾਨੂੰਨੀ ਸੇਵਾਵਾਂ ਅਥਾਰਟੀਆਂ ਦੀ ਸਥਾਪਨਾ ਕੀਤੀ ਗਈ ਤੇ ਹੇਠਲੇ ਪੱਧਰ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀਆਂ ਤੇ ਤਾਲੁਕਾ ਲੀਗਲ ਸਰਵਿਸ ਕਮੇਟੀਆਂ ਬਣਾਈਆਂ ਗਈਆਂ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਸਥਾਪਨਾ ਦਾ ਮੁੱਖ ਮੰਤਵ ਇਸ ਐਕਟ ਦੇ ਸੈਕਸ਼ਨ 12 ਤਹਿਤ ਸਮਾਜ ਦੇ ਪੱਛੜੇ ਜਾਂ ਗਰੀਬ ਤਬਕੇ ਨੂੰ ਆਰਥਿਕ ਸਰੋਤਾਂ ਦੀ ਘਾਟ ਹੋਣ 'ਤੇ ਮੁਫ਼ਤ ਕਾਨੂੰਨੀ ਸੇਵਾ ਭਾਵ ਕਾਨੂੰਨੀ ਚਾਰਾਜੋਈ ਲਈ ਵਕੀਲ ਮੁਹੱਈਆ ਕਰਨਾ ਹੈ।ਇਸ ਸੈਕਸ਼ਨ ਅਧੀਨ ਜਨਰਲ ਸ਼੍ਰੇਣੀ ਵਿੱਚ ਤਿੰਨ ਲੱਖ ਤੱਕ ਦੀ ਆਮਦਨ ਹੱਦ ਵਾਲਾ, ਅਨੁਸੂਚਿਤ ਜਾਤੀ ਨਾਲ ਸਬੰਧਤ ਕੋਈ ਵੀ ਵਿਅਕਤੀ, ਔਰਤ, ਬੱਚਾ, ਬੇਗਾਰ ਦਾ ਮਾਰਿਆ ਤੇ ਹਿਰਾਸਤ 'ਚ ਬੰਦ ਕੋਈ ਵੀ ਵਿਅਕਤੀ ਦਰਖ਼ਾਸਤ ਦੇ ਕੇ ਮੁਫ਼ਤ ਵਕੀਲ ਦੀ ਸਹੂਲਤ ਪ੍ਰਾਪਤ ਕਰ ਸਕਦਾ ਹੈ।

ਇਸ ਤੋਂ ਇਲਾਵਾ ਏਐੱਸਆਈ ਟ੍ਰੈਫਿਕ ਪੁਲਸ ਸ੍ਰੀ ਹਾਕਮ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਰਾਕੇਸ਼ ਕੁਮਾਰ ਨਰੂਲਾ, ਸਮਾਜ ਸੇਵੀ, ਸੁਰੇਸ਼ ਕੁਮਾਰ ਗੌੜ, ਸਮਾਜ ਸੇਵੀ ਤੇ ਸ੍ਰੀ ਬਲਕਰਨ ਸਿੰਘ ਆਦਿ ਹਾਜ਼ਰ ਸਨ।

## ਸਾਲਾਸਰ ਖਾਟੂ ਸ਼ਾਮ ਯਾਤਰਾ ਸੰਘ ਪਰਵਾਰ ਵੱਲੋਂ ਧਾਰਮਿਕ ਸਮਾਗਮ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਬੀਤੇ ਦਿਨ ਸਾਲਾਸਰ ਖਾਟੂ ਸ਼ਾਮ ਯਾਤਰਾ ਸੰਘ ਪਰਵਾਰ ਵੱਲੋਂ ਸਥਾਨਕ ਦੁਰਗਾ ਮੰਦਰ ਵਿਖੇ ਧਾਰਮਿਕ ਸਮਾਗਮ ਕੀਤਾ ਗਿਆ।ਇਸ ਸਮੇਂ ਦੁਰਗਾ ਮੰਦਰ ਦੇ ਪੰਡਤ ਬੰਟੂ ਤੇ ਕ੍ਰਿਸ਼ਨ ਕੁਮਾਰ ਵੱਲੋਂ ਪੂਰੇ ਵਿਧੀ ਵਿਧਾਨ ਅਨੁਸਾਰ ਸ੍ਰੀ ਖਾਟੂ ਸ਼ਾਮ ਜੀ ਦਾ ਪੂਜਨ ਕੀਤਾ ਗਿਆ।ਇਸ ਸ਼ੁੱਭ ਅਵਸਰ 'ਤੇ ਸਮਾਗਮ ਦੇ ਵਿਸ਼ੇਸ਼ ਸਹਿਯੋਗੀ ਸ਼ਾਮ ਸਲੋਨਾ ਪਰਵਾਰ ਵੱਲੋਂ ਸ੍ਰੀ ਖਾਟੂ ਸ਼ਾਮ ਜੀ ਦੇ ਸ਼ਿੰਗਾਰ ਦੌਰਾਨ ਵਿਸ਼ੇਸ਼ ਭੂਮਿਕਾ ਨਿਭਾਈ ਗਈ।ਇਸ ਧਾਰਮਿਕ ਸਮਾਗਮ ਦੌਰਾਨ ਸ੍ਰੀਮਦ ਭਗਵਤ ਕਥਾ, ਜੈ ਮਾਂ ਕਲੱਬ, ਮੁਕਤਸਰ ਲੰਗਰ ਕਮੇਟੀ, ਬਾਬਾ ਖੇਤਰਪਾਲ ਸੇਵਾ ਸੁਸਾਇਟੀ, ਸ੍ਰੀ ਹਨੂੰਮਾਨ ਚਾਲੀਸਾ ਸੇਵਾ ਸੁਸਾਇਟੀ, ਬਾਬਾ ਕਾਸ਼ੀ ਨਾਥ ਸ਼ਿਵ ਮੰਦਰ ਕੋਟਕਪੂਰਾ, ਬ੍ਰਾਮਹਣ ਸਭਾ ਤੇ ਪ੍ਰੈੱਸ ਕਲੱਬ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਧਾਰਮਿਕ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਬਾਬਾ ਜੀ ਦੇ ਪੂਜਨ ਸਮੇਂ ਆਪਣੀ ਹਾਜ਼ਰੀ ਲਗਵਾਈ ਅਤੇ ਸ੍ਰੀ ਖਾਟੂ ਸ਼ਾਮ ਜੀ ਦਾ ਆਸ਼ੀਰਵਾਦ ਲਿਆ।ਇਕ ਮੌਕੇ ਸੰਘ ਦੇ ਇਸ਼ਾਂਤ ਜਿੰਦਲ, ਦੀਪਕ ਗਿਰਧਰ, ਸੰਦੀਪ ਮਿੱਤਲ, ਸਾਹਿਬ ਰੁਪਾਣਾ, ਛਿੰਦਰ ਕਾਂਤੀ, ਕੁਲਦੀਪ ਕ੍ਰਾਂਤੀ, ਰਿੰਕੂ, ਵਿੱਕੀ, ਫਿਰੋਜ ਤੇ ਸ਼ੁਭਮ ਬੱਤਰਾ ਆਦਿ ਮੌਜੂਦ ਸਨ।ਇਸ ਮੌਕੇ ਸਾਲਾਸਰ ਖਾਟੂ ਸ਼ਾਮ ਯਾਤਰਾ ਸੰਘ ਵੱਲੋਂ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ੍ਰੀ ਖਾਟੂ ਸ਼ਾਮ ਜੀ ਨੂੰ ਸੁਸ਼ੋਭਤ ਸ਼ੋਭਾ ਯਾਤਰਾ ਵੀ ਕੱਢੀ ਗਈ।ਇਸ ਮੌਕੇ ਪ੍ਰਧਾਨ ਨਰਿੰਦਰ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੇ ਸੰਘ ਵੱਲੋਂ ਸ੍ਰੀ ਖਾਟੂ ਸ਼ਾਮ ਤੇ ਸ੍ਰੀ ਸਾਲਾਸਰ ਧਾਮ ਜਾਣ ਵਾਲੇ ਸ਼ਰਧਾਲੂਆਂ ਦੀ ਸੇਵਾ ਲਈ ਡੀਲਕਸ ਬੱਸ ਯਾਤਰਾ ਸ਼ੁਰੂ ਕੀਤੀ ਹੋਈ ਹੈ। ਇਸ ਯਾਤਰਾ ਦੌਰਾਨ ਸ਼ਰਧਾਲੂਆਂ ਲਈ ਖਾਣਾ ਤੇ ਰਿਹਾਇਸ਼ ਦਾ ਪ੍ਰਬੰਧ ਸੰਘ ਵੱਲੋਂ ਕੀਤਾ ਜਾਂਦਾ ਹੈ ਅਤੇ ਬਹੁਤ ਹੀ ਪਰਿਵਾਰਕ ਮਾਹੌਲ ਵਿੱਚ ਸ਼ਰਧਾਲੂਆਂ ਨੂੰ ਉਕਤ ਦੋਨਾਂ ਧਾਮਾਂ ਦੇ ਦਰਸ਼ਨ ਕਰਵਾਏ ਜਾਂਦੇ ਹਨ।

# ਹਨੀ ਫੱਤਣਵਾਲਾ ਮੂਹਰੇ ਝਲਕਿਆ ਕਿਸਾਨਾਂ ਦਾ ਦਰਦ

### ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਨੇ ਕਿਸਾਨ, ਮਜ਼ਦੂਰ ਤੇ ਹਰ ਵਰਗ ਨੂੰ ਕੱਖੋਂ ਹੌਲਾ ਕੀਤਾ : ਫੱਤਣਵਾਲਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜਰਨਲ ਸਕੱਤਰ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਹਨੀ ਫੱਤਣਵਾਲਾ ਨਵੀਂ ਦਾਣਾ ਮੰਡੀ 'ਚ ਕਿਸਾਨਾਂ ਤੇ ਮਜ਼ਦੂਰਾਂ ਦਾ ਹਾਲ ਜਾਨਣ ਲਈ ਪੁੱਜੇ। ਇਸ ਮੌਕੇ ਮੰਡੀ 'ਚ ਆਪਣੀ ਫਸਲ ਲੈ ਕੇ ਬੈਠੇ ਕਿਸਾਨਾਂ ਨੇ ਜਗਜੀਤ ਸਿੰਘ ਹਨੀ ਫੱਤਣਵਾਲਾ ਨਾਲ ਆਪਣਾ ਦਰਦ ਸਾਂਝਾ ਕਰਦੇ ਕਿਹਾ ਕਿ ਸਾਨੂੰ ਅੱਜ ਉਹ ਵੇਲਾ ਯਾਦ ਆਉਂਦਾ, ਜਦੋਂ ਅਕਾਲੀ ਦਲ ਦੀ ਸਰਕਾਰ ਹੁੰਦੀ ਸੀ ਤੇ ਤੁਸੀਂ ਮਾਰਕਿਟ ਕਮੇਟੀ ਦੇ ਚੇਅਰਮੈਨ ਹੁੰਦੇ ਸਨ, ਉਸ ਸਮੇਂ ਕਿਸਾਨਾਂ ਨੂੰ ਕਦੇ ਵੀ ਇਸ ਤਰ੍ਹਾਂ ਮੰਡੀਆਂ ਵਿੱਚ ਰੁਲਣਾ ਨਹੀਂ ਪਿਆ, ਪਰ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਪਿਛਲੇ ਇੱਕ ਮਹੀਨੇ ਤੋਂ ਕਿਸਾਨ ਤੇ ਮਜ਼ਦੂਰ ਮੰਡੀਆਂ ਵਿੱਚ ਰੁਲਣ ਲਈ ਮਜਬੂਰ ਹੋ ਰਿਹਾ। ਕਿਸਾਨਾਂ ਨਾਲ ਗੱਲਬਾਤ ਕਰਦੇ ਹੋਏ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਕੇਂਦਰ ਤੇ ਸੂਬਾ ਸਰਕਾਰ ਖਿਲਾਫ਼ ਦੋਸ਼ ਲਗਾਏ ਕਿ ਪੰਜਾਬ ਅੰਦਰ ਜਾਣ-ਬੁੱਝ ਕੇ ਕਿਸਾਨਾਂ ਨੂੰ ਮੰਡੀਆਂ 'ਚ ਰੋਲਿਆ ਜਾ ਰਿਹਾ ਤੇ ਇੱਕ ਦੂਸਰੇ 'ਤੇ ਇਲਜ਼ਾਮ ਲਗਾ ਕੇ ਟਾਇਮ ਟਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕਿਸਾਨ ਇੱਕ ਮਹੀਨੇ ਤੋਂ ਮੰਡੀਆਂ 'ਚ ਰੁਲ ਰਹੇ ਹਨ, ਉਧਰ ਗੱਟਿਆਂ ਵਿੱਚ ਭਰੇ ਹੋਏ ਮਾਲ ਨੂੰ ਸ਼ੋਰਟੇਜ ਪੈ ਰਹੀ ਹੈ, ਉਸ ਦੀ ਭਰਪਾਈ ਕੌਣ ਕਰੇਗਾ, ਇਹ ਸਾਰਾ ਬੋਝ ਕਿਸਾਨਾਂ 'ਤੇ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਈ ਕਿਸਾਨ ਤਾਂ ਹੁਣ ਇਸ ਕਦਰ ਪ੍ਰੇਸ਼ਾਨ ਹੋ ਚੁੱਕੇ ਹਨ ਕਿ ਉਹ ਆਪਣੀ ਫਸਲ 'ਤੇ 100 ਤੋਂ 150 ਰੁਪਏ ਦਾ ਵੱਟਾ ਲਗਵਾਉਣ ਨੂੰ ਵੀ ਤਿਆਰ ਹਨ।

ਹਨੀ ਫੱਤਣਵਾਲਾ ਨੇ ਕਿਹਾ ਕਿ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਕਹਿੰਦੇ ਹੁੰਦੇ ਸੀ ਕਿ ਕਿਸਾਨਾਂ ਦਾ ਇੱਕ ਇੱਕ ਦਾਣਾ ਮੰਡੀਆਂ ਵਿੱਚੋਂ ਚੁੱਕਿਆ ਜਾਵੇਗਾ, ਪਰ ਇਨ੍ਹੀਂ ਦਿਨੀਂ ਤਾਂ ਮੰਡੀਆਂ ਅੰਦਰ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ।ਉਨ੍ਹਾ ਕਿਹਾ ਕਿ ਅਕਾਲੀ ਦਲ ਬਾਦਲ ਦੀ ਸਰਕਾਰ ਸਮੇਂ ਮਜ਼ਦੂਰ, ਕਿਸਾਨ ਤੇ ਆੜ੍ਹਤੀਏ 20 ਦਿਨਾਂ 'ਚ ਮੰਡੀਆਂ ਦਾ ਕੰਮ ਨਿਬੇੜ ਕੇ ਆਪਣੀ ਕਣਕ ਦੀ ਬਿਜਾਈ ਲਈ ਤਿਆਰੀਆਂ ਕਰ ਲੈਂਦੇ ਸਨ।ਜੇਕਰ ਕੋਈ ਸਮੱਸਿਆ ਆਉਂਦੀ ਸੀ ਤਾਂ ਡੀ ਸੀ, ਵਿਭਾਗੀ ਅਧਿਕਾਰੀ ਤੇ ਸਮੁੱਚੀ ਅਕਾਲੀ ਦਲ ਦੀ ਲੀਡਰਸ਼ਿਪ ਮੰਡੀਆਂ 'ਚ ਕਿਸਾਨਾਂ ਦੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਲਈ ਇੱਕ ਜੁੱਟ ਹੋ ਜਾਂਦੀ ਸੀ, ਪਰ ਇਥੇ ਮੰਡੀਆਂ 'ਚ 40 ਦਿਨਾਂ ਦਾ ਸਮਾਂ ਬੀਤਣ ਤੋਂ ਬਾਅਦ ਵੀ ਕੋਈ ਸਰਕਾਰ ਦਾ ਨੁਮਾਇੰਦਾ ਜਾਂ ਅਧਿਕਾਰੀ ਕਿਸਾਨਾਂ ਦਾ ਦਰਦ ਸੁਣਨ ਲਈ ਨਹੀਂ ਪੁੱਜਾ।

ਉਨ੍ਹਾ ਪੰਜਾਬ ਅੰਦਰ ਚੱਲ ਰਹੀ ਡੀਏਪੀ ਦੀ ਕਿੱਲਤ 'ਤੇ ਚਿੰਤਾ ਪ੍ਰਗਟ ਕੀਤੀ ਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਅੰਦਰ ਕੀਤੇ ਹਰ ਤਰ੍ਹਾਂ ਦੇ ਵਾਅਦਿਆਂ ਨੂੰ ਪੂਰਾ ਕਰਨ 'ਚ ਨਾਕਾਮ ਸਾਬਿਤ ਹੋ ਰਹੀ ਹੈ।ਇਸ ਮੌਕੇ ਬੋਹੜ ਸਿੰਘ ਹਰਾਜ਼, ਜੈ ਰਾਜ ਸਿੰਘ ਫੱਤਣਵਾਲਾ ਵਾਇਸ ਪ੍ਰਧਾਨ ਯੂਥ ਅਕਾਲੀ ਦਲ, ਹਰਕੀਰਤ ਸਿੰਘ ਲੁਬਾਣਿਆਂ ਵਾਲੀ ਬਲਾਕ ਪ੍ਰਧਾਨ, ਸਰਵਨ ਸਿੰਘ ਕੋਟਲੀ ਦੇਵਨ, ਕੁਲਦੀਪ ਸਿੰਘ, ਅੰਗਰੇਜ਼ ਸਿੰਘ ਬੂੜਾ ਗੁੱਜਰ, ਜਸਪਾਲ ਸਿੰਘ ਪੋਹਲੀ, ਇਕਬਾਲ ਸਿੰਘ ਸੰਗੂਧੌਣ, ਡੀ ਸੀ ਕੋਟਲੀ ਸੰਘਰ, ਗੁਰਬੀਰ ਸਿੰਘ ਸੋਥਾ, ਬੋਹੜ ਸਿੰਘ ਸ਼ਹਿਰ ਬਲਾਕ ਪ੍ਰਧਾਨ, ਗੁਰਬਿੰਦਰ ਸਿੰਘ ਬੱਬੂ, ਅੰਗਰੇਜ਼ ਸਿੰਘ ਜਗਤ ਸਿੰਘ ਵਾਲਾ ਤੋਂ ਇਲਾਵਾ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰ ਮੌਜੂਦ ਸਨ।

## ਭਾਰਤੀ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਮੀਟਿੰਗ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਵਜੀਦਕੇ ਕਲਾਂ ਵਿਖੇ ਭਾਰਤੀ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਮੀਟਿੰਗ ਹੋਈ।

ਇਸ ਮੌਕੇ ਮਾਸਟਰ ਮਨੋਹਰ ਲਾਲ, ਮਲਕੀਤ ਸਿੰਘ ਵਜੀਦਕੇ, ਡਾ: ਅਮਰਜੀਤ ਕੁੱਕੂ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਗਲਤ ਨੀਤੀਆਂ ਦਾ ਖਮਿਆਜ਼ਾ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਨੂੰ ਭੁਗਤਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਡੀ ਏ ਪੀ ਖਾਦ ਦੀ ਕਾਲਾਬਾਜ਼ਾਰੀ ਕਾਰਨ ਕਣਕ ਦੀ ਬਿਜਾਈ ਵੀ ਪੱਛੜ ਰਹੀ ਹੈ, ਜਿਸ ਕਾਰਨ ਕਿਸਾਨਾਂ ਨੂੰ ਕਣਕ ਦੀ ਫਸਲ ਬੀਜਣ ਲਈ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਗੂਆਂ ਨੇ ਦੱਸਿਆ ਕਿ ਪਾਰਟੀ ਦੀ ਸੂਬਾ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ 20 ਨਵੰਬਰ ਨੂੰ ਹੋਣ ਜਾ ਰਹੀ ਬਰਨਾਲਾ ਜ਼ਿਮਨੀ ਚੋਣ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ।ਇਸ ਮੌਕੇ ਗੁਰਦੇਵ ਸਿੰਘ ਮਹਿਲ ਖੁਰਦ, ਮਲਕੀਤ ਸਿੰਘ ਬਰਨਾਲਾ, ਸਿੰਦਰ ਸਿੰਘ ਧੌਲਾ, ਭੋਲਾ ਸਿੰਘ ਕਲਾਲ ਮਾਜਰ, ਬਲਦੇਵ ਸਿੰਘ ਅੰਜਲਾ ਆਦਿ ਹਾਜ਼ਰ ਸਨ।

11-NovPAGE-11-Majha-2024.qxd 11/10/2024 8:34 PM Page 1



# ਫਰੀਡਮ ਫਾਈਟਰ ਪਰਿਵਾਰਾਂ ਵੱਲੋਂ ਮਹੀਨਾਵਾਰ ਮੀਟਿੰਗ 'ਚ ਹੱਕੀ ਮੰਗਾਂ ਸਬੰਧੀ ਵਿਚਾਰ ਚਰਚਾ



ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਗੁਰਦਾਸਪੁਰ ਅਤੇ ਪਠਾਨਕੋਟ ਦੇ ਫਰੀਡਮ ਫਾਈਟਰ ਪਰਿਵਾਰਾਂ ਦੇ ਮੈਂਬਰਾਂ ਦੀ ਮਹੀਨਾਵਾਰ ਮੀਟਿੰਗ ਆਲ ਇੰਡੀਆ ਫੈਮਲੀ ਐਸੋਸੀਏਸ਼ਨ ਦੇ ਪ੍ਰਧਾਨ ਬਖਤਾਵਰ ਸਿੰਘ ਦੀ ਪ੍ਰਧਾਨਗੀ ਹੇਠ ਫਰੀਡਮ ਫਾਈਟਰ ਸਮਾਰਕ ਪਿੰਡ ਲਾਧੂਪੁਰ ਵਿਖੇ ਹੋਈ।ਮੀਟਿੰਗ ਦੌਰਾਨ 45 ਦੇ ਕਰੀਬ ਫਰੀਡਮ ਫਾਈਟਰ ਪਰਿਵਾਰਾਂ ਨੇ ਭਾਗ ਲਿਆ।ਇਸ ਮੀਟਿੰਗ ਚ ਦੇਸ ਭਗਤ ਪਰਿਵਾਰਾਂ ਦੇ ਆਸ਼ਰਿਤ ਪਰਿਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਭਰਪੂਰ ਵਿਚਾਰ ਚਰਚਾ ਕੀਤੀ ਗਈ ਅਤੇ ਹਾਜ਼ਰ ਹਰੇਕ ਮੈਂਬਰ ਨੇ ਆਪਣੇ-ਆਪਣੇ ਵਿਚਾਰ ਰੱਖੇ।ਇਸ ਮੌਕੇ ਮੀਟਿੰਗ ਨੂੰ ਸਬੋਧਨ ਕਰਦਿਆਂ ਬਖਤਾਵਰ ਸਿੰਘ ਨੇ ਕਿਹਾ ਕਿ ਜੋ ਗੱਲ ਏਡੀਸੀ ਨਾਲ 26-9-2024 ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਮੀਟਿੰਗ ਹੋਈ ਸੀ ਉਸ ਉਪਰ ਅਮਲ ਸਬੰਧੀ ਵਿਚਾਰ ਹੋਈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਫਰੀਡਮ ਫਾਈਟਰ ਆਸ਼ਰਿਤ ਮੈਂਬਰਾਂ (ਜਿਨ੍ਹਾਂ ਕੋਲ ਆਈ ਕਾਰਡ ਹੋਲਡਰ ਹਨ), ਨੂੰ ਏ ਸੀ ਬੱਸਾਂ ਵਿਚ ਮੁਫਤ ਸਫਰ ਦੀ ਸਹੂਲਤ ਦਿੱਤੀ ਜਾਵੇ ਤੇ ਸੀਟਾਂ ਰਾਖਵੀਆਂ ਰੱਖੀਆਂ ਜਾਣ ਅਤੇ ਇਨ੍ਹਾਂ ਪਰਿਵਾਰਾਂ ਦੀ ਵੱਖਰੀ ਕੈਟਾਗਿਰੀ ਬਣਾਈ ਜਾਵੇ ਤੇ ਇਨ੍ਹਾਂ ਨੂੰ ਹੋਰ ਕੈਟਾਗਿਰੀ ਨਾਲ ਨਾ ਮਿਲਾਇਆ ਜਾਵੇ। ਉਨ੍ਹਾਂ ਕਿਹਾ ਕਿ ਫਰੀਡਮ ਫਾਈਟਰ ਪਰਿਵਾਰਾਂ ਦਾ ਪੰਜਾਬ ਵਿਚ ਫਰੀਡਮ ਫਾਈਟਰ ਬੋਰਡ ਬਣਾਇਆ ਜਾਵੇ, ਉਸ ਦੇ ਮੈਂਬਰ ਫਰੀਡਮ ਫਾਈਟਰ ਪਰਿਵਾਰਾਂ ਵਿਚੋਂ ਹੀ ਲਏ ਜਾਣ, ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਂਕਰੀ ਦਿੱਤੀ ਜਾਵੇ, ਜੋ ਪਰਿਵਾਰ ਗਰੀਬੀ ਰੇਖਾ ਤੋਂ ਥੱਲੇ ਹਨ ਉਨ੍ਹਾਂ ਦੀ ਮਦਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੋ ਫਰੀਡਮ ਫਾਈਟਰ ਪਰਿਵਾਰ ਪੈਨਸ਼ਨ ਤੋਂ ਵਾਂਝੇ ਰਹਿ ਗਏ ਹਨ ਉਨ੍ਹਾਂ ਨੂੰ ਵੀ ਪੰਜਾਬ ਸਰਕਾਰ ਫਰੀਡਮ ਫਾਈਟਰਾਂ ਦੀ ਸੂਚੀ ਦੇ ਰਿਕਾਰਡ 'ਚ ਲਿਆ ਕੇ ਪੈਨਸ਼ਨ ਲਾਵੇ। ਆਸ਼ਰਿਤ ਮੈਂਬਰਾਂ ਦਾ ਵੀ ਫਰੀਡਮ ਫਾਈਟਰ ਦੀ ਤਰ੍ਹਾਂ ਇਲਾਜ ਮੁਫਤ ਕੀਤਾ ਜਾਵੇ।

ਸਰਕਾਰੀ ਹਸਪਤਾਲ 'ਚ ਪਰਚੀ ਬਣਾਉਣ ਤੇ ਇਲਾਜ ਵਾਸਤੇ ਖਿੜਕੀ ਵੱਖਰੀ ਅਤੇ ਬੈੱਡ ਰਿਜ਼ਰਵ ਕੀਤੇ ਜਾਣ ਤੇ ਨਾਲ ਹੀ ਟੋਲ ਪਲਾਜ਼ਿਆਂ ਤੇ ਫਰੀਡਮ ਫਾਈਟਰਾਂ ਦੇ ਕਾਰਡ ਹੋਲਡਰ ਨੂੰ ਫਾਸਟ ਟਰੈਕ ਜ਼ੀਰੋ ਕੀਤੇ ਜਾਣ।ਉਨ੍ਹਾਂ ਕਿਹਾ ਕਿ ਸਰਕਾਰ ਪਲਾਟ ਤੇ ਨੌਂਕਰੀਆਂ 'ਚ 2% ਦਾ ਕੋਟਾ ਬਹਾਲ ਕਰੇ ਤੇ ਹੋਰਨਾਂ ਸਟੇਟਾਂ ਵਾਂਗ ਪੰਜਾਬ ਸਰਕਾਰ ਵੀ ਮਾਣ-ਭੱਤਾ ਦੇਵੇ।

# ਪੈਟਰੋਲ ਪੰਪ 'ਤੇ ਕੁੱਟਮਾਰ ਕਰਨ ਵਾਲੇ 5 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਪੁਲਿਸ ਨੇ ਕੁੱਟਮਾਰ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਾਜਬੀਰ ਸਿੰਘ ਪੁੱਤਰ ਰਵੇਲ ਸਿੰਘ ਵਾਸੀ ਧਾਰੀਵਾਲ ਖਿੱਚੀਆਂ ਥਾਣਾ ਪੁਰਾਣਾ ਸ਼ਾਲਾ ਨੇ ਦੱਸਿਆ ਕਿ ਮੈਂ ਆਪਣੇ ਦੋਸਤ ਸਾਹਿਲ ਨਾਲ ਬਹਿਰਾਮਪੁਰ ਰੋਡ ਗੁਰਦਾਸਪੁਰ ਤੋਂ ਪੈਟਰੋਲ ਪੰਪ ਤੋਂ ਤੇਲ ਪਵਾ ਰਿਹਾ ਸੀ ਤਾਂ ਮੋਹਿਤ ਪੁੱਤਰ ਸੁਸ਼ੀਲ ਕੁਮਾਰ, ਕਰਨ ਪੁੱਤਰ ਨਿਰਮਲ ਸਿੰਘ, ਜੋਬਨ ਪੁੱਤਰ ਭੋਲਾ ਮਸੀਹ, ਰਾਜਿਦ ਪੁੱਤਰ ਸੁਰਿੰਦਰ ਕੁਮਾਰ ਵਾਸੀਆਨ ਪ੍ਰੇਮ ਨਗਰ, ਗੁਰਪਾਲ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਜੇਲ ਰੋਡ ਨੇ ਕੁੱਟਮਾਰ ਕਰਕੇ ਮੈਨੂੰ ਜ਼ਖ਼ਮੀ ਕਰ ਦਿੱਤਾ। ਮੇਰੇ ਵਲੋਂ ਮਾਰ ਦਿੱਤਾ, ਮਾਰ ਦਿੱਤਾ ਦਾ ਰੌਲਾ ਪਾਉਣ 'ਤੇ ਉਕਤ ਵਿਅਕਤੀ ਆਪਣੇ ਹਥਿਆਰਾਂ ਸਮੇਤ ਫਰਾਰ ਹੋ ਗਏ। ਮੈਨੂੰ ਸਾਹਿਲ ਨੇ ਸਵਾਰੀ ਦਾ ਪ੍ਰਬੰਧ ਕਰਕੇ ਸਿਵਲ ਹਸਪਤਾਲ ਦਾਖਲ ਕਰਵਾਇਆ ਜਿਥੋਂ ਹੁਣ ਮੈਨੂੰ ਛੁੱਟੀ ਮਿਲ ਗਈ ਹੈ। ਕੁੱਝ ਮਹੀਨੇ ਪਹਿਲਾਂ ਮੇਰੇ ਦੋਸਤ ਸਾਹਿਲ ਨਾਲ ਝਗੜਾ ਹੋਇਆ ਸੀ। ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਉਕਤ ਵਿਅਕਤੀਆਂ ਖ਼ਿਲਾਫ਼ ਜ਼ੇਰੇ ਧਾਰਾ 118 (1), 191(3), 19, 0 ਬੀ. ਐਨ. ਐਸ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਅੰਮ੍ਰਿਤਸਰ ਦੀ ਐਗਜ਼ੈਕਟਿਵ ਮੀਟਿੰਗ

## * ਨਿਜ਼ਾਮਪੁਰਾ ਨੇ ਪੰਚਾਇਤੀ ਚੋਣਾਂ ਅਤੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ



ਮਜੀਠਾ (ਸੋਇਮ ਆਨੰਦ)-ਭਾਰਤੀ ਕਮਿਊਨਿਸਟ ਪਾਰਟੀ ਜ਼ਿਲਾ ਅੰਮ੍ਰਿਤਸਰ ਦੀ ਐਗਜ਼ੈਕਟਿਵ ਮੀਟਿੰਗ ਕਾਮਰੇਡ ਸੁੱਚਾ ਸਿੰਘ ਧੌਲ ਦੀ ਪ੍ਰਧਾਨਗੀ ਹੇਠ ਕੀਤੀ ਗਈ।ਜ਼ਿਲਾ ਸੈਕਟਰੀ ਕਾਮਰੇਡ ਲਖਬੀਰ ਸਿੰਘ ਨਿਜ਼ਾਮਪੁਰਾ ਨੇ ਪੰਚਾਇਤ ਚੋਣਾਂ ਅਤੇ ਪਿਛਲੇ ਕੰਮ ਦੀ ਰਿਪੋਰਟ ਪੇਸ਼ ਕੀਤੀ। ਇਸ ਗੱਲ ਦਾ ਦੁੱਖ ਪ੍ਰਗਟ ਕੀਤਾ ਕਿ ਸੂਬਾ ਅਤੇ ਦੇਸ਼ ਦੀਆਂ ਸਰਕਾਰਾਂ ਲੋਕਾਂ ਨੂੰ ਲੋਕਤੰਤਰ ਤੋਂ ਵਾਂਝਿਆਂ ਕਰਨ ਦੀਆਂ ਚਾਲਾਂ ਚੱਲ ਰਹੀਆਂ ਹਨ।ਇਸ ਵੇਲੇ ਹਾਜ਼ਰ ਸਾਥੀਆਂ ਨੇ ਆਪਣੇ ਇਲਾਕਿਆਂ ਦੇ ਪਿੰਡਾਂ ਵਿੱਚ ਪੰਚਾਇਤ ਚੋਣਾਂ ਬਾਰੇ ਵਿਸਥਾਰ ਸਹਿਤ ਹਾਲਾਤ ਤੋਂ ਜਾਣੂ ਕਰਵਾਇਆ।ਇਸ ਤੋਂ ਬਾਅਦ ਕਾਮਰੇਡ ਸੋਹਣ ਸਿੰਘ ਜੋਸ਼ ਦਾ ਹਰ ਸਾਲ ਦੀ ਤਰ੍ਹਾਂ ਉਨ੍ਹਾਂ ਦੇ ਪਿੰਡ ਚੇਤਨਪੁਰਾ ਵਿਖੇ 12/11/24 ਮੰਗਲਵਾਰ ਨੂੰ ਜਨਮ ਦਿਨ ਮਨਾਏ ਜਾਣ ਬਾਰੇ ਵਿਚਾਰ ਚਰਚਾ ਕੀਤੀ ਗਈ।ਇਸ ਵਿਚਾਰ 'ਚ ਹਿੱਸਾ ਲੈਂਦਿਆਂ ਕਾਮਰੇਡ ਬਲਵਿੰਦਰ ਦੁਧਾਲਾ, ਅਜਮਤ ਮਸੀਹ, ਕਾਮਰੇਡ ਮੰਗਲ ਸਿੰਘ ਖੁਜਾਲਾ, ਕਾਮਰੇਡ ਨਰਿੰਦਰ ਬੱਲ, ਕਾਮਰੇਡ ਬਲਕਾਰ ਦੁਧਾਲਾ, ਕਾਮਰੇਡ ਪ੍ਰਕਾਸ਼ ਸਿੰਘ ਕੈਰੋਂਨੰਗਲ, ਕਾਮਰੇਡ ਜੋਗਿੰਦਰ ਸਿੰਘ ਚਵਿੰਡਾ ਦੇਵੀ ਅਤੇ ਜਸਪਾਲ ਸਿੰਘ ਚੱਕ ਨੇ ਕਿਹਾ ਕਿ ਸਾਨੂੰ ਇਹ ਪ੍ਰੋਗਰਾਮ ਪੂਰੇ ਉਤਸ਼ਾਹ ਨਾਲ ਕਰਨਾ ਚਾਹੀਦਾ ਹੈ।ਇਸੇ ਤਰ੍ਹਾਂ ਦੋ ਦਸੰਬਰ ਨੂੰ ਸੀ. ਪੀ. ਆਈ. ਵਲੋਂ ਮਾਝਾ ਜ਼ੋਨ ਦੀ ਅੰਮ੍ਰਿਤਸਰ ਵਿਖੇ ਰੱਖੀ ਰੈਲੀ ਨੂੰ ਕਾਮਯਾਬ ਕਰਨ ਵਾਸਤੇ ਬਲਾਕ ਪੱਧਰ 'ਤੇ ਡਿਊਟੀਆਂ ਲਗਾਈਆਂ ਗਈਆਂ।ਮੀਟਿੰਗ ਵਿੱਚ ਆਏ ਸਾਥੀਆਂ ਦਾ ਸੁੱਚਾ ਸਿੰਘ ਧੌਲ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਾਰੇ ਸਾਥੀ ਲੱਗੀਆਂ ਡਿਊਟੀਆਂ ਨੂੰ ਤਨਦੇਹੀ ਨਾਲ ਨਿਭਾਉਣ ਦੀ ਕੋਸ਼ਿਸ਼ ਕਰਨ।

# ਲੋਕਾਂ ਦੀ ਚੁੱਪ ਹਮੇਸ਼ਾ ਸੱਤਾ ਵਿਰੋਧੀ ਹੁੰਦੀ ਐ : ਸਰਕਾਰੀਆ

## *ਵੱਡੇ ਫਰਕ ਨਾਲ ਜਿੱਤਾਂਗੇ ਡੇਰਾ ਬਾਬਾ ਨਾਨਕ ਦੀ ਸੀਟ : ਸੱਚਰ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਡੇਰਾ ਬਾਬਾ ਨਾਨਕ ਦੀ ਹੋਣ ਜਾ ਰਹੀ 20 ਨਵੰਬਰ ਨੂੰ ਜ਼ਿਮਨੀ ਚੋਣ ਵਿੱਚ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਜਿੱਤ ਪ੍ਰਾਪਤ ਕਰੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਾਝੇ ਦੇ ਸੀਨੀਅਰ ਕਾਂਗਰਸੀ ਆਗੂ ਸਾਬਕਾ ਮੰਤਰੀ ਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਨੇ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਨ ਉਪਰੰਤ ਅੰਮ੍ਰਿਤਸਰ ਆਪਣੇ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸਰਕਾਰੀਆ ਨੇ ਕਿਹਾ ਕਿ ਜ਼ਿਮਨੀ ਚੋਣਾਂ ਵਿੱਚ ਵੋਟਰ ਦਾ ਸ਼ਾਤਮਈ ਢੰਗ ਨਾਲ ਚੁੱਪ ਰਹਿਣਾ ਸਮੇਂ ਦੀ ਸੱਤਾਧਾਰੀ ਪਾਰਟੀ ਤੇ ਸਰਕਾਰ ਵਿਰੁੱਧ ਭੁਗਤਣ ਦਾ ਇਸ਼ਾਰਾ ਹੁੰਦਾ ਹੈ। ਇਸ ਕਰਕੇ ਪੰਜਾਬ ਦੀ ਭਗਵੰਤ ਮਾਨ ਦੀ ਸਰਕਾਰ ਚਾਹੇ ਜੋ ਮਰਜ਼ੀ ਹੱਥਕੰਡੇ ਵਰਤ ਲਵੇ ਇਸ ਸੀਟ ਤੋਂ ਕਾਂਗਰਸ ਪਾਰਟੀ ਦੀ ਜਿੱਤ ਯਕੀਨੀ ਹੈ।ਮਜੀਠਾ ਹਲਕੇ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਅੱਜ ਪੰਜਾਬ ਦੇ ਕਿਸਾਨ ਦਾ ਜੋ ਹਾਲ ਮੰਡੀਆਂ ਵਿੱਚ ਝੋਨਾ ਵੇਚਣ ਵੇਲੇ ਇਸ ਵਾਰ ਹੋਇਆ, ਇਸ ਤਰਾਂ ਜ਼ਿੰਦਗੀ ਵਿੱਚ ਕਦੇ ਨਹੀਂ ਹੋਇਆ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਰਹੀ ਹੋਵੇ। ਇਸ ਵਾਰ ਤਾਂ ਕਿਸਾਨ ਨੂੰ ਦਸ ਤੋਂ ਪੰਦਰਾਂ ਹਜ਼ਾਰ ਰੁਪਏ ਪ੍ਰਤੀ ਏਕੜ ਨਾਲ ਵੱਡਾ ਘਾਟਾ ਪਿਆ ਜਿਸ ਨਾਲ ਕਿਸਾਨ ਦੀ ਕਦੇ ਵੀ ਭਰਪਾਈ ਨਹੀ ਹੋ ਸਕਦੀ। ਇਸ ਕਰਕੇ ਇਸ ਵਾਰ ਪੰਜਾਬ ਦਾ ਕਿਸਾਨ ਆਮ ਆਦਮੀ ਪਾਰਟੀ ਕੋਲੋਂ ਚੁੱਪ ਚਪੀਤੇ ਬਦਲਾ ਜ਼ਰੂਰ ਲਵੇਗਾ ਤੇ ਵੋਟ ਕਾਂਗਰਸ ਦੇ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਨੂੰ ਪਾ ਕੇ ਵੱਡੀ ਲੀਡ ਨਾਲ ਜਿਤਾਵੇਗਾ। ਇਸ ਮੌਕੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲੀ, ਸਾਬਕਾ ਵਿਧਾਇਕ ਤਰਸੇਮ ਸਿੰਘ ਡੀਸੀ, ਕੰਵਰ ਅਜਨਾਲਾ, ਗੁਰਪਾਲ ਸਿੰਘ ਸਿੰਧੀ, ਜਗਦੀਸ਼ ਸਿੰਘ ਬੱਲ, ਦਿਲਸ਼ੇਰ ਸਿੰਘ ਆਦਿ ਆਗੂ ਵੀ ਨਾਲ ਸਨ।

# ਖਾਲਸਾ ਕਾਲਜ ਆਫ ਨਰਸਿੰਗ ਵਿਖੇ ਸਵੈ-ਇੱਛਤ ਖ਼ੂਨਦਾਨ ਕੈਂਪ ਲਗਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਆਫ ਨਰਸਿੰਗ ਵਿਖੇ ਰੈੱਡ ਰਿਬਨ ਕਲੱਬ, ਅੰਮ੍ਰਿਤਸਰ ਅਤੇ ਹਿਊਮੈਨਿਟੀ ਬਲੱਡ ਸੈਂਟਰ ਦੇ ਸਹਿਯੋਗ ਨਾਲ ਰਾਸ਼ਟਰੀ ਸਵੈ-ਇੱਛਤ ਖ਼ੂਨਦਾਨ ਦਿਵਸ ਦਾ ਆਯੋਜਨ ਕੀਤਾ ਗਿਆ।ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਕਰਵਾਏ ਇਸ ਖ਼ੂਨਦਾਨ ਕੈਂਪ ਮੌਕੇ ਨਰਾਇਣਗੜ ਤੋਂ ਐੱਸ. ਐੱਮ. ਓ., ਸੀ. ਐੱਚ. ਸੀ. ਡਾ. ਹਰਪ੍ਰੀਤ ਕੌਰ ਵਾਲੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਜਦ ਕਿ ਉਕਤ ਖ਼ੂਨਦਾਨ ਕੈਂਪ 'ਚ ਹਿਊਮੈਨਿਟੀ ਬਲੱਡ ਸੈਂਟਰ ਦੇ ਮੁੱਖੀ ਡਾ. ਰੂਪਾਲੀ ਢੀਂਗਰਾ ਅਤੇ ਦਾਨਿਸ਼ ਗੁਪਤਾ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਹਿੱਸਾ ਲਿਆ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਆਏ ਮਹਿਮਾਨਾਂ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਨ ਉਪਰੰਤ ਕਿਹਾ ਕਿ ਰੋਜ਼ਾਨਾ ਦੁਰਘਟਨਾਵਾਂ ਅਤੇ ਬਿਮਾਰੀਆਂ ਦੇ ਵਧਣ ਕਾਰਨ ਨਿਰੰਤਰ ਖ਼ੂਨ ਦੀ ਜ਼ਰੂਰਤ ਪੈਂਦੀ ਹੈ।ਪਰ ਸਮੇਂ ਸਿਰ ਖ਼ੂਨ ਦਾ ਪ੍ਰਬੰਧ ਨਾ ਹੋਣ ਕਾਰਨ ਲਗਾਤਾਰ ਹਰ ਦਿਨ 12000 ਲੋਕ ਮੌਤ ਦੇ ਮੂੰਹ 'ਚ ਜਾ ਰਹੇ ਹਨ।ਇਸ ਲਈ ਮਨੁੱਖਤਾ ਦੀ ਭਲਾਈ ਅਤੇ ਆਪਣੇ ਫਰਜ਼ ਨੂੰ ਧਿਆਨ 'ਚ ਰੱਖਦਿਆਂ ਅੱਜ ਕਾਲਜ ਵਿਖੇ ਉਕਤ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ ਤਾਂ ਜੋ ਸਮੇਂ ਰਹਿੰਦਿਆਂ ਜ਼ਰੂਰਤਮੰਦ ਦੀ ਖ਼ੂਨ ਦੀ ਘਾਟ ਨੂੰ ਪੂਰਾ ਕਰਕੇ ਉਸ ਦੀ ਕੀਮਤੀ ਜਾਨ ਨੂੰ ਬਚਾਇਆ ਜਾ ਸਕੇ।ਇਸ ਮੌਕੇ ਡਾ. ਵਾਲੀਆ ਨੇ ਕਿਹਾ ਕਿ ਖ਼ੂਨਦਾਨ ਜੀਵਿਤ ਮਨੁੱਖ ਵੱਲੋਂ ਕੀਤਾ ਜਾਂਦਾ ਇਕਲੌਤਾ ਮਹਾਂਦਾਨ ਹੈ ਅਤੇ ਮਨੁੱਖੀ ਖ਼ੂਨ ਲੋੜਵੰਦਾਂ ਲਈ ਅਜਿਹੀ ਦੁਰਲੱਭ ਦਾਤ ਹੈ, ਜਿਸ ਨਾਲ ਲੱਖਾਂ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।ਇਸ ਮੌਕੇ ਡਾ. ਢੀਂਗਰਾ ਅਤੇ ਗੁਪਤਾ ਵੱਲੋਂ ਆਪਣੀ ਟੀਮ ਦੇ ਸਹਿਯੋਗ ਨਾਲ 30 ਤੋਂ ਵਧੇਰੇ ਵਿਦਿਆਰਥੀਆਂ ਦੁਆਰਾ ਸਵੈ-ਇੱਛਤ ਖ਼ੂਨਦਾਨ ਇਕੱਠਾ ਕੀਤਾ ਗਿਆ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਡਾ. ਵਾਲੀਆ ਨਾਲ ਮਿਲ ਕੇ ਖ਼ੂਨਦਾਨ ਕਰਨ ਵਾਲੇ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ, ਮੈਡਲ ਅਤੇ ਸਰਟੀਫਿਕੇਟ ਵੀ ਤਕਸੀਮ ਕੀਤੇ।

# ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿਖੇ ਵਿਸ਼ਵ ਸਾਇੰਸ ਦਿਵਸ ਮੌਕੇ ਪ੍ਰਦਰਸ਼ਨੀ ਲਗਾਈ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਵਿਦਿਆਰਥੀਆਂ ਵਿੱਚ ਬਚਪਨ ਤੋਂ ਹੀ ਸਾਇੰਸ ਪ੍ਰਤੀ ਵਧੇਰੇ ਰੁਚੀ ਪੈਦਾ ਕਰਨ ਦੇ ਮੰਤਵ ਨਾਲ, ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿਖੇ ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਅਤੇ ਡਾਇਰੈਕਟਰ ਪ੍ਰਿੰਸੀਪਲ ਮਨਪ੍ਰੀਤ ਕੌਰ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਵੱਲੋਂ ਵਿਸ਼ਵ ਸਾਇੰਸ ਦਿਵਸਮਨਾਉਂਦੇ ਹੋਏ ਸਾਇੰਸ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪ੍ਰਾਇਮਰੀ ਬਲਾਕ, ਮਿਡਲ ਬਲਾਕ, ਹਾਈ ਬਲਾਕ ਅਤੇ ਸੀਨੀਅਰ ਸੈਕੰਡਰੀ ਬਲਾਕ ਦੇ ਵਿਦਿਆਰਥੀਆਂ ਨੇ ਆਪਣੇ ਹੱਥੀਂ ਆਪ ਮਾਡਲ ਤਿਆਰ ਕਰਕੇ ਪ੍ਰਦਰਸ਼ਨੀ ਚ ਪੇਸ਼ ਕੀਤੇ।

ਇਸ ਮੌਕੇ ਪ੍ਰਦਰਸ਼ਨੀ ਵਿੱਚ ਵੱਖ-ਵੱਖ ਬਲਾਕਾਂ ਦੇ 118 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਵੱਖ-ਵੱਖ ਵਿਸ਼ਿਆਂ ਮੁਤਾਬਕ ਮਾਡਲਾਂ ਦੀ ਵੰਡ ਕੀਤੀ ਗਈ ਸੀ।ਖੇਤੀ ਉਪਯੋਗੀ ਵਰਕਿੰਗ ਮਾਡਲ, ਹਵਾ ਪ੍ਰਦੂਸ਼ਣ ਵਰਕਿੰਗ ਮਾਡਲ, ਟ੍ਰਾਂਸਪੋਰਟ ਪ੍ਰਬੰਧਨ ਮਾਡਲ, ਮੈਡੀਕਲ ਮਾਡਲ ਸਮੇਤ ਵੱਖ-ਵੱਖ ਉਪਯੋਗੀ ਵਿਸ਼ਿਆਂ ਉਪਰ ਵਿਦਿਆਰਥੀਆਂ ਵੱਲੋਂ ਮਾਡਲ ਤਿਆਰ ਕੀਤੇ ਗਏ ਸਨ। ਸਾਇੰਸ ਕੋਆਰਡੀਨੇਟਰ ਮੈਡਮ ਪਵਨਦੀਪ ਕੌਰ ਅਤੇ ਮੈਡਮ ਸੁਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਵਿਦਿਆਰਥੀਆਂ ਨੇ ਜਿਸ ਉਤਸ਼ਾਹ ਦੇ ਨਾਲ ਸਾਇੰਸ ਦੀਆਂ ਬਰੀਕੀਆਂ ਨੂੰ ਸਮਝਦਿਆਂ ਹੋਇਆਂ ਇਹ ਮਾਡਲ ਤਿਆਰ ਕੀਤੇ ਹਨ ਉਹ ਆਪਣੇ ਆਪ ਵਿੱਚ ਵਿਲੱਖਣ ਹੈ ਅਤੇ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਇਹ ਵਿਦਿਆਰਥੀ ਭਵਿੱਖ ਵਿੱਚ ਚੰਗੇ ਸਾਇੰਸਦਾਨ ਬਣ ਕੇ ਸ਼ਾਨਦਾਰ ਖੋਜਾਂ ਕਰਨਗੇ।ਸੰਸਥਾ ਦੇ ਡਾਇਰੈਕਟਰ ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਦਰਸ਼ਨੀ ਮੌਕੇ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਜਿਸ ਪ੍ਰਕਾਰ ਵਿਦਿਆਰਥੀਆਂ ਵਿੱਚ ਸਾਇੰਸ ਪ੍ਰਤੀ ਰੁਚੀਆਂ ਜਾਗ ਰਹੀਆਂ ਹਨ, ਉਸ ਨਾਲ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਵਧੇਗਾ ਅਤੇ ਭਵਿੱਖ ਵਿੱਚ ਉਹ ਵਿਗਿਆਨਿਕ ਸੋਚ ਵਾਲੇ ਵਿਦਿਆਰਥੀ ਬਣਨਗੇ ਜਿਨ੍ਹਾਂ ਨੂੰ ਜ਼ਿੰਦਗੀ ਦੇ ਕਿਸੇ ਵੀ ਮੋੜ ਉਤੇ ਕੋਈ ਗੁੰਮਰਾਹ ਨਹੀਂ ਕਰ ਸਕੇਗਾ।ਇਸ ਮੌਕੇ ਸਾਇੰਸ ਮਾਡਲਾਂ ਰਾਹੀਂ ਆਪਣੀ ਸੋਚ ਨੂੰ ਵਿਗਿਆਨਿਕ ਦਿਸ਼ਾ ਦੇਣ ਵਾਲੇ ਇਨ੍ਹਾਂ ਵਿਦਿਆਰਥੀ ਵਿਗਿਆਨਿਕਾਂ ਦਾ ਉਚੇਚੇ ਤੌਰ 'ਤੇ ਸਨਮਾਨ ਵੀ ਕੀਤਾ ਗਿਆ।

# ਲੋਕ ਇਸ ਵਾਰ ਗੁਰਦੀਪ ਸਿੰਘ ਰੰਧਾਵਾ ਨੂੰ ਵੱਡੀ ਲੀਡ ਨਾਲ ਜਿਤਾ ਕੇ ਇਤਿਹਾਸ ਰਚਣਗੇ: ਈ ਟੀ ਓ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਨੂੰ ਲੈ ਕੇ ਅੱਜ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ 'ਚ ਭਰਵੀਆਂ ਮੀਟਿੰਗਾਂ ਕੀਤੀਆ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਪਾਰਟੀ ਹਾਈਕਮਾਂਨ ਦੀਆਂ ਹਦਾਇਤਾਂ ਅਨੁਸਾਰ ਉਹ ਆਪਣੇ ਸਾਥੀਆਂ ਸਮੇਤ ਹਲਕਾ ਡੇਰਾ ਬਾਬਾ ਨਾਨਕ 'ਚ ਹੋਣ ਜਾ ਰਹੀ 20 ਨਵੰਬਰ ਨੂੰ ਜ਼ਿਮਨੀ ਚੋਣ ਸਬੰਧੀ ਆਪ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਚ ਚੋਣ ਪ੍ਰਚਾਰ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸਾਰੇ ਪਿੰਡਾਂ ਵਿੱਚ ਆਮ ਲੋਕ ਉਤਸਾਹਿਤ ਹਨ ਅਤੇ ਭਗਵੰਤ ਸਿੰਘ ਮਾਨ ਦੀ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਦੀ ਕਾਰਗੁਜ਼ਾਰੀ ਅਤੇ ਕੰਮਾ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।ਉਨ੍ਹਾਂ ਕਿਹਾ ਕਿ ਇਸ ਵਾਰ ਹਲਕਾ ਡੇਰਾ ਬਾਬਾ ਨਾਨਕ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦੇ ਹੱਕ ਵਿੱਚ ਫਤਵਾ ਦੇਣਗੇ।ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਜ਼ਿਮਨੀ ਚੋਣਾਂ ਚ ਗੈਂਗਸਟਰਾਂ ਦੀ ਦਖਲਅੰਦਾਜ਼ੀ ਸੰਬੰਧੀ ਦਿੱਤੇ ਗਏ ਬਿਆਨ ਬਾਰੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਵਿਰੋਧੀਆਂ ਕੰਮ ਹੈ ਕਿ ਇੱਕ ਦੂਸਰੇ ਉਪਰ ਚਿੱਕੜ ਸੁੱਟਣਾ ਤੇ ਇਲਜ਼ਾਮ ਲਾਉਣਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਬਣੇ ਮਹਿਜ਼ ਢਾਈ ਸਾਲ ਹੋਏ ਹਨ ਪਰ ਗੈਂਗਸਟਰ ਇਨ੍ਹਾਂ ਲੋਕਾਂ ਦੇ ਹੀ ਪੁਸ਼ਤ ਪਨਾਹੀ ਨਾਲ ਪੈਦਾ ਹੋਏ ਹਨ।ਸਾਨੂੰ ਇਨ੍ਹਾਂ ਨੂੰ ਕੰਟਰੋਲ ਕਰਨ ਲਈ ਬਹੁਤ ਸਾਰੀਆਂ ਮੁਸ਼ਕਲਾਂ ਆ ਰਹੀਆਂ ਹਨ ਅਤੇ ਜਲਦੀ ਇਨ੍ਹਾਂ ਨੂੰ ਕੰਟਰੋਲ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਬਹੁਤ ਮਿਹਨਤੀ ਜੁਝਾਰੂ ਅਤੇ ਬੜੇ ਜਜ਼ਬੇ ਦੇ ਨਾਲ ਕੰਮ ਕਰ ਰਹੇ ਹਨ ਤੇ ਸਾਰੇ ਪਿੰਡ ਪੱਧਰ ਦੇ ਵਲੰਟੀਅਰ ਜਾਂ ਯੂਨਿਟ ਪ੍ਰਭਾਰੀ ਜਾਂ ਜਿੰਨੇ ਵੀ ਸਾਡੇ ਐਮਐਲਏ ਸਾਹਿਬਾਨ ਜਾਂ ਚੇਅਰਮੈਨ ਸਾਹਿਬਾਨ ਜਿਨ੍ਹਾਂ ਦੀਆਂ ਵੀ ਡਿਊਟੀਆਂ ਲਗਾਈਆਂ ਗਈਆਂ ਹਨ ਉਹ ਦਿਨ ਰਾਤ ਮਿਹਨਤ ਕਰ ਰਹੇ ਹਨ।ਡੇਰਾ ਬਾਬਾ ਨਾਨਕ ਹਲਕੇ ਦੇ ਲੋਕ ਬੜੇ ਹੀ ਜਜ਼ਬੇ ਨਾਲ ਗੁਰਦੀਪ ਸਿੰਘ ਰੰਧਾਵਾ ਨੂੰ 20 ਨਵੰਬਰ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਵਿੱਚ ਵੱਡੀ ਲੀਡ ਨਾਲ ਜਿਤਾ ਕੇ ਡੇਰਾ ਬਾਬਾ ਨਾਨਕ ਹਲਕੇ ਅੰਦਰ ਇਤਿਹਾਸ ਰਚਣਗੇ।ਇਸ ਮੌਕੇ ਨਰਿੰਦਰ ਸਿੰਘ ਡੀ ਪੀ, ਪਰਮਿੰਦਰ ਸਿੰਘ ਰੰਧਾਵਾ, ਹਰਪ੍ਰੀਤ ਸਿੰਘ ਹੈਪੀ, ਮਨਜੋਤ ਸਿੰਘ ਰੰਧਾਵਾ, ਸਰਪੰਚ ਸਤਨਾਮ ਸਿੰਘ ਟਰਪੱਲਾ, ਮਨਰੂਪ ਸਿੰਘ ਰੰਧਾਵਾ, ਮਨਿੰਦਰ ਸਿੰਘ ਰੰਧਾਵਾ, ਸਰਪੰਚ ਹੀਰਾ ਸਿੰਘ ਪੱਬਾਰਾਲੀ ਖੁਰਦ, ਹਰੀ ਸਿੰਘ ਪੱਡਾ, ਸਰਪੰਚ ਤੇਜਿੰਦਰ ਸਿੰਘ ਮਾਨ, ਰਜਿੰਦਰ ਕੁਮਾਰ, ਰੇਸ਼ਮ ਸਿੰਘ ਪੱਡਾ, ਕੁਲਦੀਪ ਸਿੰਘ ਰੱਤਾ, ਸੁਖਜਿੰਦਰ ਸਿੰਘ ਤਲਵੰਡੀ ਰਾਮਾ, ਸੁਖਜਿੰਦਰ ਸਿੰਘ ਖੋਦੇ ਬੇਟ ਆਦਿ ਹਾਜ਼ਰ ਸਨ।

# ਖੁਰਾਣਾ ਜਿਊਲਰੀ ਹਾਊਸ ਨੇ ਲੁਧਿਆਣਾ 'ਚ ਆਪਣਾ ਪਹਿਲਾ ਸਟੋਰ ਖੋਲ੍ਹਿਆ

ਲੁਧਿਆਣਾ : 1950 ਵਿੱਚ ਸ਼ੁਰੂ ਹੋਈ ਕਾਰੀਗਰੀ ਵਿੱਚ ਉੱਤਮਤਾ ਅਤੇ ਵਿਰਾਸਤ ਦਾ ਸਮਾਨਾਰਥੀ ਨਾਮ ਖੁਰਾਣਾ ਜਿਊਲਰੀ ਹਾਊਸ ਨੇ ਲੁਧਿਆਣਾ ਵਿੱਚ ਰਾਣੀ ਝਾਂਸੀ ਰੋਡ 'ਤੇ ਆਪਣਾ ਸਭ ਤੋਂ ਨਵਾਂ ਸਟੋਰ ਲਾਂਚ ਕੀਤਾ ਹੈ। ਲੁਧਿਆਣਾ ਸਟੋਰ ਦਾ ਅੰਦਰੂਨੀ ਡਿਜ਼ਾਈਨ ਨਿਓਕਲਾਸਿਸਿਜ਼ਮ, ਸੰਤੁਲਿਤ ਸ਼ਾਨ ਅਤੇ ਸਮਕਾਲੀ ਸੁਹਜ ਦੇ ਸੁਮੇਲ ਤੋਂ ਪ੍ਰੇਰਨਾ ਲੈਂਦਾ ਹੈ। ਮੁੱਢਲੇ ਰੰਗ ਦੇ ਤੌਰ ਤੇ ਰਿਸ਼ੀ ਹਰੇ ਦੀ ਚੋਣ ਇੱਕ ਛੋਟੀ ਜਿਹੀ ਲਗਜ਼ਰੀ ਨੂੰ ਦਰਸਾਉਂਦੀ ਹੈ, ਜਿਸ ਨਾਲ ਇੱਕ ਆਰਾਮਦਾਇਕ ਮਾਹੌਲ ਪੈਦਾ ਹੁੰਦਾ ਹੈ ਜੋ ਡਿਸਪਲੇ ਤੇ ਵਧੀਆ ਗਹਿਣਿਆਂ ਨੂੰ ਪੂਰਾ ਕਰਦਾ ਹੈ। ?5,000 ਤੋਂ 1 ਕਰੋੜ ਅਤੇ ਇਸ ਤੋਂ ਅੱਗੇ ਦੀ ਇੱਕ ਵਿਸ਼ਾਲ ਕੀਮਤ ਰੇਂਜ ਦੇ ਨਾਲ, ਬ੍ਰਾਂਡ ਦਾ ਉਦੇਸ਼ ਗੁਣਵੱਤਾ ਜਾਂ ਕਲਾ ਨਾਲ ਸਮਝੌਤਾ ਕੀਤੇ ਬਿਨਾਂ ਲਗਜ਼ਰੀ ਪਹੁੰਚਯੋਗ ਬਣਾਉਣਾ ਹੈ।ਬ੍ਰਾਂਡ ਦੀ ਬੁਲਾਰਾ ਪ੍ਰੇਰਨਾ ਖੁਰਾਣਾ ਨੇ ਅੱਗੇ ਕਿਹਾ ਕਿ ਲੁਧਿਆਣਾ ਵਿੱਚ ਸਾਡਾ ਵਿਸਤਾਰ ਸਾਡੇ ਗਾਹਕਾਂ ਲਈ ਇੱਕ ਵਿਲੱਖਣ ਅਨੁਭਵ ਲਿਆਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਧੰਨ-ਧੰਨ ਬਾਬਾ ਜੀਵਨ ਸਿੰਘ ਜੀ ਦੇ ਦਿਹਾੜੇ ਨੂੰ ਸਮਰਪਿਤ ਸਜਾਇਆ ਮਹਾਨ ਨਗਰ ਕੀਰਤਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)- ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਪਵਿੱਤਰ ਪਾਵਨ ਦਿਹਾੜਾ ਬੜੀ ਸਰਧਾ ਭਾਵਨਾ ਨਾਲ ਮਨਾਇਆ ਗਿਆ।8 ਨਵੰਬਰ ਦਿਨ ਸ਼ੁੱਕਰਵਾਰ ਨੂੰ ਪਵਿੱਤਰ ਪਾਵਨ ਗੁਰਬਾਣੀ ਦੇ ਸ੍ਰੀ ਆਖੰਡ ਪਾਠ ਸਾਹਿਬ ਅਰੰਭ ਕਰਵਾਇਆ ਗਿਆ।ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਪਾਏ ਗਏ।ਉਪਰੰਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਛਤਰ ਛਾਇਆ ਹੇਠ ਅਤੇ ਪੰਜਾ ਪਿਆਰਿਆਂ ਸਹਿਬਾਨ ਯੋਗ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ।

ਇਹ ਨਗਰ ਕੀਰਤਨ ਗੁਰਦੁਆਰਾ ਹਵੇਲੀ ਸਾਹਿਬ ਚੰਨਣਕੇ ਵਿਖੇ ਪਾਹੁੰਚਣ 'ਤੇ ਬਾਬਾ ਸੁਖਵੰਤ ਸਿੰਘ ਚੰਨਣਕੇ, ਪ੍ਰਧਾਨ ਲਖਵਿੰਦਰ ਸਿੰਘ ਦੀ ਅਗਵਾਈ ਹੇਠ ਬਹੁਤ ਨਿੱਘਾ ਸੁਆਗਤ ਕੀਤਾ ਗਿਆ।

ਪੰਜ ਪਿਆਰਿਆਂ ਸਹਿਬਾਨ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ।ਗਰੰਥੀ ਸਿੰਘ ਨੂੰ ਸਿਰਪਾਉ ਦੁਸਾਲਾ ਦੇ ਕੇ ਸਨਮਾਨਿਤ ਕੀਤਾ ਗਿਆ।ਸੰਗਤਾਂ ਨੂੰ ਫਲ ਫਰੂਟ ਖੁੱਲ੍ਹਾ ਵੰਡਿਆ ਗਿਆ। ਇਸ ਮੌਕੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ, ਪ੍ਰਧਾਨ ਲਖਵਿੰਦਰ ਸਿੰਘ ਰੰਧਾਵਾ, ਜਸਪਿੰਦਰ ਸਿੰਘ ਰੰਧਾਵਾ, ਜਸਵੰਤ ਸਿੰਘ, ਸੂਬੇਦਾਰ ਕਰਤਾਰ ਸਿੰਘ ਰੰਧਾਵਾ, ਮੱਸਿਆ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਸ਼ਾਹ, ਪ੍ਰਧਾਨ ਜਤਿੰਦਰ ਸਿੰਘ ਗਿੱਲ, ਚੇਅਰਮੈਨ ਸਤਨਾਮ ਸਿੰਘ ਨਾਹਰਾ, ਬਾਬਾ ਸੁਖਵੰਤ ਸਿੰਘ ਬੰਟੀ, ਬਾਬਾ ਸਾਹਿਬ ਸਿੰਘ, ਜਸਵੰਤ ਸਿੰਘ ਗਿੱਲ, ਵਰਿੰਦਰ ਬਾਵਾ ਪ੍ਰਧਾਨ, ਬਾਬਾ ਸੁਖਵੰਤ ਸਿੰਘ ਚੰਨਣਕੇ, ਕਰਨ, ਗਗਨ, ਸਤਨਾਮ ਸਿੰਘ, ਡਾ, ਸਤਨਾਮ ਸਿੰਘ ਰੰਧਾਵਾ ਆਦਿ ਸੇਵਾਦਾਰ ਹਾਜ਼ਰ ਸਨ।

# ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਮਹਿੰਗਾਈ ਖਿਲਾਫ ਪ੍ਰਦਰਸ਼ਨ ਕਰੇਗੀ: ਜਸਬੀਰ ਸਿੰਘ ਝਬਾਲ



ਝਬਾਲ (ਹਰਜਿੰਦਰ ਸਿੰਘ ਸੋਨੀ)-ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੀ ਪਿੰਡ ਝਬਾਲ ਵਿਖੇ ਮਨਜੀਤ ਸਿੰਘ ਝਬਾਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ।ਮੀਟਿੰਗ ਨੂੰ ਜਥੇਬੰਦੀ ਦੇ ਮਾਂਝਾ ਜ਼ੋਨ ਇੰਚਾਰਜ ਜਸਬੀਰ ਸਿੰਘ ਝਬਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਜਥੇਬੰਦੀ ਪੂਰੇ ਭਾਰਤ ਵਿਚੋਂ ਅਤੇ ਪੰਜਾਬ ਵਿਚੋਂ ਸੰਘਰਸ਼ਸ਼ੀਲ ਹੈ।ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਦਾ ਬੋਲਬਾਲਾ ਹੈ, ਮਨਰੇਗਾ ਕਾਨੂੰਨ ਰਾਹੀਂ ਮਿਲਿਆ ਰੁਜ਼ਗਾਰ ਵੀ ਸਰਕਾਰਾਂ ਮਜ਼ਦੂਰਾਂ ਕੋਲੋਂ ਖੋਹ ਰਹੀਆਂ ਹਨ।ਮਹਿੰਗਾਈ ਅੱਤ ਦੀ ਹੋਣ ਕਰਕੇ ਮਜ਼ਦੂਰਾਂ ਨੂੰ ਦੋ ਟਾਈਮ ਦੀ ਰੋਟੀ ਨਹੀਂ ਮਿਲ ਰਹੀ। ਮਹਿੰਗਾਈ, ਬੇਰੁਜ਼ਗਾਰੀ ਤੇ ਭਰਿਸ਼ਟਾਚਾਰ ਖਿਲਾਫ 11 ਨਵੰਬਰ ਨੂੰ ਅੰਮ੍ਰਿਤਸਰ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਹੈ।ਮਜ਼ਦੂਰਾਂ ਨੂੰ ਆਪਣੇ ਹੱਕਾਂ ਖਾਤਰ ਲੜਨ ਲਈ ਮਜ਼ਬੂਤ ਜਥੇਬੰਦਕ ਉਪਰਾਲੇ ਦੀ ਲੋੜ ਹੈ।ਸਾਥੀ ਝਬਾਲ ਨੇ ਪਿੰਡ ਵਿਚੋਂ ਜਥੇਬੰਦੀ ਦੀ ਵੱਧ ਤੋਂ ਵੱਧ ਮੈਂਬਰਸ਼ਿਪ ਕਰਨ ਲਈ ਜ਼ੋਰ ਦਿੱਤਾ। ਜਥੇਬੰਦੀ ਵੱਲੋਂ 26 ਨਵੰਬਰ ਨੂੰ ਕਿਸਾਨ ਮੋਰਚੇ ਵੱਲੋਂ ਡੀ ਸੀ ਦਫਤਰ ਅੱਗੇ ਰੋਸ ਮੁਜ਼ਾਹਰੇ ਕਰਨ ਸਮੇਂ ਪਿੰਡ ਵਿਚੋਂ ਵੱਧ ਤੋਂ ਵੱਧ ਸਾਥੀਆਂ ਦੀ ਸ਼ਮੂਲੀਅਤ ਅਤੇ ਕਰਨ ਲਈ ਵੱਧ-ਚੜ ਕੇ ਹਿੱਸਾ ਲੈਣ ਦੀ ਅਪੀਲ ਕੀਤੀ।

# 'ਲੀਗਲ ਸਰਵਿਸਿਜ਼ ਡੇਅ' ਮੌਕੇ ਗੁਰਦਾਸ ਨੰਗਲ ਵਿਖੇ ਲੱਗਾ ਜਾਗਰੂਕਤਾ ਸੈਮੀਨਾਰ



ਗੁਰਦਾਸਪੁਰ, (ਜਨਕ ਮਹਾਜਨ)-ਮਨਜਿੰਦਰ ਸਿੰਘ ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ. ਏ. ਐੱਸ. ਨਗਰ ਅਤੇ ਰਜਿੰਦਰ ਅਗਰਵਾਲ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੈਡਮ ਰਮਨੀਤ ਕੌਰ ਮਾਨਯੋਗ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੁਆਰਾ ਲੀਗਲ ਸਰਵਿਸਿਜ਼ ਡੇ ਦੇ ਮੌਕੇ ਤੇ ਪਿੰਡ ਗੁਰਦਾਸ ਨੰਗਲ, ਜ਼ਿਲ੍ਹਾ ਗੁਰਦਾਸਪੁਰ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਦੌਰਾਨ ਪੈਨਲ ਐਡਵਕੋਟ ਦਿਨੇਸ਼ ਕੁਮਾਰ ਅਤੇ ਮੈਡਮ ਮੀਨਾ ਮਹਾਜਨ ਵੀ ਮੌਜੂਦ ਸਨ। ਇਸ ਸੈਮੀਨਾਰ ਦੌਰਾਨ ਮੈਡਮ ਰਮਨੀਤ ਕੌਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਸੈਮੀਨਾਰ ਵਿੱਚ ਮੌਜੂਦ ਪਿੰਡ ਦੇ ਲੋਕਾਂ ਨੂੰ ਮੁਫਤ ਕਾਨੂੰਨੀ ਸਹਾਇਤਾ, ਨਾਲਸਾ ਦਾ ਟੋਲ ਫਰੀ ਹੈਲਪਲਾਈਨ ਨੰਬਰ 15100, ਪੰਜਾਬ ਵਿਕਟਿਮ ਕੰਪਨਸੇਸ਼ਨ ਸਕੀਮ, ਵੁਮੈਨ ਵਿਕਟਮ ਕੰਪਨਸੇਸ਼ਨ ਸਕੀਮ, ਐਸਿਡ ਅਟੈਕ ਸਕੀਮ, ਨੈਸ਼ਨਲ ਲੋਕ ਅਦਾਲਤ, ਜੋ 14 ਦਸੰਬਰ 2024 ਨੂੰ ਲੱਗ ਰਹੀ ਹੈ ਪਬਲਿਕ ਯੂਟਿਲੀਟੀ ਸਰਵਿਸਿਜ਼ ਅਤੇ ਨਾਲਸਾ ਦੀਆਂ ਵੱਖ ਵੱਖ ਸਕੀਮਾਂ ਆਦਿ ਬਾਰੇ ਜਾਣਕਾਰੀ ਦਿੱਤੀ। ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਕੰਮ ਵਾਲੇ ਦਿਨ ਮੁਫਤ ਕਾਨੂੰਨੀ ਸਲਾਹ ਲੈਣ ਲਈ ਅਦਾਲਤ ਨੰਬਰ 104, ਪਹਿਲੀ ਮੰਜ਼ਿਲ, ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਵਿਖੇ ਸੰਪਰਕ ਕਰ ਸਕਦੇ ਹਨ। ਇਸ ਤੋਂ ਇਲਾਵਾ ਗੁਰਦਾਸਪੁਰ ਦੇ ਸਾਰੇ ਸਕੂਲਾਂ ਵਿੱਚ 'ਲੀਗਲ ਸਰਵਿਸਿਜ਼ ਡੇਅ' ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਗੁਰਦਾਸਪੁਰ ਦੇ ਸਹਿਯੋਗ ਨਾਲ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਮੁਫਤ ਕਾਨੂੰਨੀ ਸਹਾਇਤਾ ਅਤੇ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ ਜਾ ਸਕੇ।

# ਨਵਾਂ ਯੁੱਗ: ਸਕੌਡਾ ਆਟੋ ਇੰਡੀਆ ਵੱਲੋਂ ਨਵੀਂ ਕਾਇਲਾਕ ਪੇਸ਼

ਜਲੰਧਰ- ਸਕੌਡਾ ਆਟੋ ਇੰਡੀਆ ਨੇ ਭਾਰਤ ਅਤੇ ਦੁਨੀਆ ਵਿੱਚ ਪਹਿਲੀ ਵਾਰ ਵਾਹਨ ਦਾ ਖੁਲਾਸਾ ਕਰਦੇ ਹੋਏ ਆਪਣੀ ਬਹੁਤ ਉਡੀਕੀ ਜਾਣ ਵਾਲੀ ਐੱਸ.ਯੂ.ਵੀ ਕਾਇਲਾਕ ਨੂੰ ਪੇਸ਼ ਕਰ ਦਿੱਤਾ ਹੈ।ਕਾਇਲਾਕ ਭਾਰਤ ਵਿੱਚ ਸਕੌਡਾ ਆਟੋ ਲਈ ਨਵੇਂ ਯੁੱਗ ਦੀ ਸ਼ੁਰੂਆਤ ਕਰਦੀ ਹੈ ਜਿਸ ਨਾਲ ਇਹ ਨਵੇਂ ਬਾਜ਼ਾਰਾਂ ਵਿੱਚ ਦਾਖਲ ਹੋ ਰਿਹਾ ਹੈ ਅਤੇ ਨਵੇਂ ਗਾਹਕਾਂ ਨੂੰ ਆਪਣੇ ਖੇਤਰ ਵਿੱਚ ਆਕਰਸ਼ਿਤ ਕਰਦਾ ਹੈ।

ਕੰਪਨੀ ਨੇ ਇਸ ਸਾਲ ਫਰਵਰੀ ਵਿੱਚ ਇਸ ਐੱਸ. ਯੂ. ਵੀ. ਦੀ ਘੋਸ਼ਣਾ ਦੇ ਨਾਲ ਭਾਰਤ ਵਿੱਚ ਹੋਰ ਵਿਸਤਾਰ ਕਰਨ ਦੀਆਂ ਆਪਣੀਆਂ ਇੱਛਾਵਾਂ ਨੂੰ ਖੋਜਿਆ ਸੀ।ਇਸ ਸਾਲ ਅਕਤੂਬਰ ਵਿੱਚ ਸਕੌਡਾ ਆਟੋ ਇੰਡੀਆ ਨੇ ਕਾਇਲਾਕ ਦੇ ਪੂਰਵ-ਉਤਪਾਦਨ ਸੰਸਕਰਣ ਦੀ ਡ੍ਰਾਈਵ ਚਲਾਈ ਸੀ ਅਤੇ ਇੱਕ ਮਹੀਨੇ ਬਾਅਦ ਕਾਇਲਾਕ ਨੇ ਹੁਣ ਆਪਣਾ ਵਿਸ਼ਵ ਪ੍ਰੀਮੀਅਰ ਕੀਤਾ ਹੈ, ਜਿਸਦੀ ਬੁਕਿੰਗ 2 ਦਸੰਬਰ, 2024 ਤੋਂ ਸ਼ੁਰੂ ਹੋਵੇਗੀ।

# ਤਿੰਨ ਬੱਚਿਆਂ ਦੀ ਵਿਧਵਾ ਮਾਂ ਵੱਲੋਂ ਦਾਨੀ ਸੱਜਣਾਂ ਤੋਂ ਆਰਥਿਕ ਮਦਦ ਦੀ ਮੰਗ

## * ਟੁੱਟੀ ਛੱਤ ਥੱਲੇ ਦਿੱਤੀਆਂ ਥੰਮ੍ਹੀਆਂ; ਕਿਸੇ ਵੇਲੇ ਵੀ ਢੱਠ ਸਕਦਾ ਹੈ ਕੋਠਾ



ਝਬਾਲ (ਹਰਜਿੰਦਰ ਸਿੰਘ ਸੋਨੀ)-ਜ਼ਿਲਾ ਤਰਨਤਾਰਨ ਅਧੀਨ ਪੈਂਦੇ ਪਿੰਡ ਕਸੇਲ ਦੀ ਵਸਨੀਕ ਵਿਧਵਾ ਤੇ ਗਰੀਬ ਤਿੰਨ ਬੱਚਿਆਂ ਦੀ ਮਾਂ ਨੇ ਦਾਨੀ ਸੱਜਣਾਂ ਤੋਂ ਆਰਥਿਕ ਮਦਦ ਦੀ ਮੰਗ ਕੀਤੀ ਹੈ।ਇਸ ਸਬੰਧੀ ਪਿੰਡ ਕਸੇਲ ਵਿਖੇ ਵੀਰਪਾਲ ਕੌਰ ਪਤਨੀ ਜਸਪਾਲ ਸਿੰਘ ਵਾਸੀ ਕਸੇਲ ਨੇ ਆਪਣੇ ਬਜ਼ੁਰਗ ਸੱਸ ਸਹੁਰਾ ਤੇ (ਇੱਕ ਲੜਕਾ ਤੇ ਦੋ ਲੜਕੀਆਂ) ਤਿੰਨ ਨਿੱਕੇ-ਨਿੱਕੇ ਬੱਚਿਆਂ ਨਾਲ ਦੱਸਿਆ ਕਿ ਉਸਦੇ ਪਤੀ ਦੀ ਕਰੀਬ 4 ਸਾਲ ਪਹਿਲਾਂ ਨਸ਼ੇ ਦੇ ਦੈਂਤ ਨੇ ਜਾਨ ਲੈ ਲਈ ਸੀ।ਪਤੀ ਦੀ ਮੌਤ ਤੋਂ ਬਾਅਦ ਉਸਤੇ ਦੁੱਖਾਂ ਦਾ ਪਹਾੜ ਟੁੱਟ ਗਿਆ।ਤੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਬੱਚਿਆਂ ਨੂੰ ਦੋ ਵਕਤ ਦੀ ਰੋਟੀ ਖਵਾਉਣ ਦਾ ਉਪਰਾਲਾ ਕਰ ਰਹੀ ਹਾਂ।ਵੀਰਪਾਲ ਕੌਰ ਨੇ ਅੱਗੇ ਦੱਸਿਆ ਕਿ ਬੇਸ਼ੱਕ ਉਸਨੂੰ ਵਿਧਵਾ ਦੀ ਪੈਨਸ਼ਨ ਦੇ ਪੈਸੇ ਮਿਲਦੇ ਹਨ ਜਿਸ ਨਾਲ ਦਿਆਲ ਸਿੰਘ ਸਹੁਰਾ ਜੋਂ ਬਿਲਕੁਲ ਬਜ਼ੁਰਗ ਹੈ ਅਤੇ ਸੱਸ ਨੂੰ ਵੀ ਅੱਖਾਂ ਤੋਂ ਨਹੀਂ ਦਿਸਦਾ ਜਿਸ ਕਾਰਨ ਬੱਚਿਆਂ ਦੇ ਪਾਲਣ ਪੋਸ਼ਣ ਦੇ ਨਾਲ-ਨਾਲ ਜਿੱਥੇ ਬਜ਼ੁਰਗ ਸੱਸ ਸਹੁਰੇ ਦੀ ਰੋਟੀ ਪਾਣੀ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਹੈ।ਉਥੇ ਹੀ ਮੇਰੇ ਘਰ ਦੇ ਕੋਠੇ ਦੀ ਛੱਤ ਦਾ ਬੁਰਾ ਹਾਲ ਹੈ ਜਿਸ ਦੇ ਬਾਲੇ ਟੁੱਟ ਚੁੱਕੇ ਹਨ ਤੇ ਗਾਰਡਰ ਥੱਲੇ ਲੱਕੜ ਦੀਆਂ ਥੰਮ੍ਹੀਆਂ ਲਾ ਕੇ ਛੱਤ ਨੂੰ ਖੜਾ ਕੀਤਾ ਹੈ ਜੋ ਬਾਰਸ਼ ਹੋਣ ਸਮੇਂ ਕਿਸੇ ਵੇਲੇ ਵੀ ਢੱਠ ਸਕਦਾ ਹੈ।ਵੀਰਪਾਲ ਕੌਰ ਨੇ ਸਰਕਾਰ ਅਤੇ ਦੇਸ਼ ਵਿਦੇਸ਼ ਵਿੱਚ ਵੱਸਦੇ ਦਾਨੀ ਸੱਜਣਾਂ ਨੂੰ ਹੱਥ ਬੰਨ ਕੇ ਅਪੀਲ ਕਰਦਿਆਂ ਕਿਹਾ ਕਿ ਮੇਰੀ ਆਰਥਿਕ ਮਦਦ ਕੀਤੀ ਜਾਵੇ।

# ਰੰਧਾਵਾ ਤੇ ਧਾਲੀਵਾਲ ਨੇ ਵੱਖ-ਵੱਖ ਗਿਰਜਾਘਰਾਂ 'ਚ ਪਹੁੰਚ ਕੇ ਕੀਤੀ ਪ੍ਰਾਰਥਨਾ



ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦਾ ਵੱਖ-ਵੱਖ ਪਾਸਟਰ ਸਾਹਿਬਾਨ ਵੱਲੋਂ ਸਨਮਾਨ ਕੀਤਾ ਗਿਆ ਤੇ ਪ੍ਰਭੂ ਦੇ ਚਰਨਾਂ ਵਿੱਚ ਜ਼ਿਮਨੀ ਚੋਣ ਵਿੱਚ ਜਿੱਤ ਨੂੰ ਲੈ ਕੇ ਪ੍ਰਾਰਥਨਾ ਕੀਤੀ ਗਈ।

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਹਲਕਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਤੇ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ 'ਚ ਬਣੇ ਗਿਰਜਾਘਰਾਂ ਵਿੱਚ ਪਹੁੰਚੇ। ਇਸ ਮੌਕੇ ਉਨਾਂ ਵੱਲੋਂ ਸੰਗਤ ਦੀ ਹਾਜ਼ਰੀ ਵਿੱਚ ਪ੍ਰਭੂ ਯਿਸੂ ਮਸੀਹ ਦੇ ਚਰਨਾਂ 'ਚ ਪ੍ਰਾਰਥਨਾ ਕੀਤੀ ਗਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਸਾਨੂੰ ਪ੍ਰਭੂ ਯਿਸੂ ਮਸੀਹ ਦੇ ਫਲਸਫ਼ੇ 'ਤੇ ਚੱਲਦੇ ਹੋਏ ਸਾਰੀਆਂ ਬੁਰਾਈਆਂ ਨੂੰ ਛੱਡ ਕੇ ਚੰਗੇ ਕੰਮ ਕਰਨੇ ਚਾਹੀਦੇ ਹਨ ਤੇ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਇਸ ਮੌਕੇ ਵੱਖ-ਵੱਖ ਚਰਚਾਂ ਵਿੱਚ ਪਹੁੰਚਣ ਤੇ ਗੁਰਦੀਪ ਸਿੰਘ ਰੰਧਾਵਾ ਤੇ

# ਅਖਿਲ ਭਾਰਤੀ ਮਹਾਜਨ ਜੰਡਿਆਲ ਬਰਾਦਰੀ ਦੀ ਸਾਲਾਨਾ ਮੇਲ 15 ਨੂੰ

ਗੁਰਦਾਸਪੁਰ (ਜਨਕ ਮਹਾਜਨ)-ਅਖਿਲ ਭਾਰਤੀ ਮਹਾਜਨ ਜੰਡਿਆਲ ਬਰਾਦਰੀ ਦੀ ਸਾਲਾਨਾ ਮੇਲ ਤਾਰਾਗੜ ਜ਼ਿਲ੍ਹਾ ਪਠਾਨਕੋਟ ਵਿਖੇ ਮਿਤੀ 15 ਨਵੰਬਰ ਦਿਨ ਸ਼ੁੱਕਰਵਾਰ ਨੂੰ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਤੀਸ਼ ਕੁਮਾਰ ਮਹਾਜਨ ਮਹਾਮੰਤਰੀ ਨੇ ਦੱਸਿਆ ਕਿ 15 ਨਵੰਬਰ ਨੂੰ ਸਵੇਰੇ ਸਾਢੇ 4 ਵਜੇ ਬਾਬਾ ਜੀ ਨੂੰ ਇਸ਼ਨਾਨ ਕਰਵਾਇਆ ਜਾਵੇਗਾ ਅਤੇ ਸਾਢੇ 6 ਵਜੇ ਹਵਨਯੱਗ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਤਾਰਾਗੜ ਪਹੁੰਚਣ ਲਈ ਦੀਨਾਨਗਰ ਤੋਂ ਤਾਰਾਗੜ ਤੱਕ ਹਰ ਵੇਲੇ ਬੱਸ ਸੇਵਾ ਮਿਲਦੀ ਰਹਿੰਦੀ ਹੈ ਅਤੇ ਕਿਸੇ ਸੇਵਾਦਾਰ ਨੂੰ ਆਉਣ ਜਾਣ ਦੀ ਤਕਲੀਫ ਹੋਵੇ ਤਾਂ ਉਹ 99148-43990 ਅਤੇ 94173-25237 ਨੰਬਰਾਂ ਨਾਲ ਤਾਲਮੇਲ ਕਰ ਸਕਦਾ ਹੈ। ਉਨ੍ਹਾਂ ਕਿਹਾ ਤਾਰਾਗੜ ਵਿਖੇ ਸ਼ਰਧਾਲੂਆਂ ਲਈ ਖਾਣੇ ਅਤੇ ਰਾਤ ਠਹਿਰਨ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਇਸ ਮੌਕੇ ਉਨ੍ਹਾਂ ਨਾਲ ਸੁਪਥ ਮਹਾਜਨ, ਵਿਜੇ ਕੁਮਾਰ ਮਹਾਜਨ, ਰਜਿੰਦਰ ਮਹਾਜਨ ਅਤੇ ਰਾਮਪਾਲ ਲੱਕੀ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਮਾਂ ਬੋਲੀ ਨੂੰ ਸਮਰਪਿਤ ਵਿਸ਼ਾਲ ਸਮਾਗਮ

## * ਕਵਿੱਤਰੀ ਜਤਿੰਦਰਪਾਲ ਕੌਰ ਭਿੰਡਰ ਦੀ ਚੌਥੀ ਕਾਵਿ ਪੁਸਤਕ 'ਉਡਾਣ' ਲੋਕ ਅਰਪਿਤ



ਬਾਬਾ ਬਕਾਲਾ ਸਾਹਿਬ, ਤਰਸਿੱਕਾ (ਜਸਪਾਲ ਸਿੰਘ, ਤਰਸੇਮ ਸਿੰਘ ਸਾਧਪੁਰ)-ਪਿਛਲੇ 39 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸਰਗਰਮੀਆਂ ਰਚਾਉਣ ਵਾਲੀ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਕ ਵਿਸ਼ਾਲ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ।ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਡਾ: ਗੁਰਚਰਨ ਕੌਰ ਕੋਚਰ (ਮੀਤ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ), ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਮੈਨੇਜਰ ਭਾਈ ਗੁਰਪ੍ਰੀਤ ਸਿੰਘ ਮੱਲੇਵਾਲ, ਮੀਤ ਮੈਨੇਜਰ ਭਾਈ ਜਗਤਾਰ ਸਿੰਘ, ਸ਼ਾਇਰ ਜਸਵੰਤ ਸਿੰਘ ਸੇਖਵਾਂ (ਦਿੱਲੀ), ਐਡਵੋਕੇਟ ਸ਼ੁਕਰਗੁਜ਼ਾਰ ਸਿੰਘ (ਦੂਰਦਰਸ਼ਨ ਕੇਂਦਰ ਜਲੰਧਰ), ਕੀਰਤ ਪ੍ਰਤਾਪ ਪੰਨੂੰ (ਪ੍ਰਧਾਨ ਮਜਲਸ ਤਰਨ ਤਾਰਨ), ਜਸਵਿੰਦਰ ਸਿੰਘ ਢਿੱਲੋਂ (ਪ੍ਰਧਾਨ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਕੇਂਦਰ ਤਰਨ ਤਾਰਨ), ਐਸ. ਪ੍ਰਸ਼ੋਤਮ (ਪ੍ਰਧਾਨ ਮਾਝਾ ਵਿਰਾਸਤ ਟਰੱਸਟ ਮੰਚ), ਅਤਰ ਸਿੰਘ ਤਰਸਿੱਕਾ (ਪ੍ਰਧਾਨ ਪੰਜਾਬੀ ਸਾਹਿਤ ਸਭਾ ਤਰਸਿੱਕਾ), ਗਿ: ਗੁਲਜ਼ਾਰ ਸਿੰਘ ਖੈੜਾ (ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ), ਅਮਰਪਾਲ ਸਿੰਘ ਖਹਿਰਾ (ਪ੍ਰਧਾਨ ਪੰਜਾਬੀ ਕਲਾ ਅਤੇ ਸਾਹਿਤਕ ਕਲੱਬ), ਸੁਖਦੇਵ ਸਿੰਘ ਭੁੱਲਰ ਸਾ: ਸੀ: ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ ਆਦਿ ਸੁਸ਼ੋਭਿਤ ਹੋਏ।ਇਸ ਮੌਕੇ ਪੰਜਾਬੀ ਦੀ ਨਾਮਵਰ ਕਵਿੱਤਰੀ ਜਤਿੰਦਰਪਾਲ ਕੌਰ ਭਿੰਡਰ ਦੀ ਚੌਥੀ ਕਾਵਿ ਪੁਸਤਕ 'ਉਡਾਣ' ਸਮੂਹੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤੀ ਗਈ।ਇਸ ਮੌਕੇ 6 ਤੋਂ ਵੱਧ ਗ਼ਜ਼ਲਾਂ/ਕਵਿਤਾਵਾਂ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾਉਣ ਵਾਲੇ ਅਤੇ ਦਿੱਲੀ ਸਰਕਾਰ ਵੱਲੋਂ ਸਨਮਾਨਿਤ ਸ਼ਾਇਰ ਜਸਵੰਤ ਸਿੰਘ ਸੇਖਵਾਂ (ਦਿੱਲੀ) ਨੂੰ ਪੰਜਾਬੀ ਮਾਂ ਬੋਲੀ ਦਾ ਮਾਣ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਮੰਚ ਸੰਚਾਲਨ ਦੇ ਫਰਜ਼ ਨਿਭਾਉਂਦਿਆਂ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ।ਇਸ ਮੌਕੇ ਨਾਮਵਰ ਗਾਇਕ ਮੱਖਣ ਭੈਣੀਵਾਲਾ, ਲਾਲੀ ਕਰਤਾਰਪੁਰੀ, ਮਹਿੰਦਰਪਾਲ ਸਿੰਘ ਮਾਹੀ, ਅਵਤਾਰ ਸਿੰਘ ਗੋਇੰਦਵਾਲੀਆ, ਸਰਵਣ ਚੀਮਾ, ਅਮਰਜੀਤ ਸਿੰਘ ਰਤਨਗੜ, ਜਸਮੇਲ ਸਿੰਘ ਜੋਧੇ ਆਦਿ ਨੇ ਗਾਇਕੀ ਦੇ ਜੌਹਰ ਦਿਖਾਏ।ਉਪਰੰਤ ਮਾਂ ਬੋਲੀ ਨੂੰ ਸਮਰਪਿਤ ਹੋਏ ਕਵੀ ਦਰਬਾਰ ਵਿੱਚ ਜਤਿੰਦਰਪਾਲ ਕੌਰ ਭਿੰਡਰ, ਮਨਦੀਪ ਕੌਰ ਰਤਨ, ਅਮਨ ਢਿੱਲੋਂ ਕਸੇਲ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਨਵਜੋਤ ਕੌਰ ਨਵੂ ਭੁੱਲਰ, ਗੁਰਜੀਤ ਕੌਰ, ਰਿਚਾਪ੍ਰੀਤ ਕੌਰ, ਸਰਗੁਨਦੀਪ ਕੌਰ, ਬਲਜੀਤ ਕੌਰ, ਸੁਲਤਾਨ ਭਾਰਤੀ, ਜਗਨ ਨਾਥ ਨਿਮਾਣਾ, ਓਮ ਪ੍ਰਕਾਸ਼ ਭਗਤ, ਰਮੇਸ਼ ਕੁਮਾਰ ਜਾਨੂੰ, ਦਿਲਰਾਜ ਸਿੰਘ ਦਰਦੀ, ਮਾ: ਕਿਰਪਾਲ ਸਿੰਘ ਵੇਰਕਾ, ਰਾਜਦਵਿੰਦਰ ਸਿੰਘ ਵੜੈਚ, ਸੁਖਦੇਵ ਸਿੰਘ ਗੰਢਵਾਂ, ਸਤਰਾਜ ਜਲਾਲਾਂਬਾਦੀ, ਪੰਕਜ ਸਿੰਘ, ਸਰਬਜੀਤ ਸਿੰਘ ਪੱਡਾ, ਸੁਲੱਖਣ ਸਿੰਘ ਦਿਓਲ, ਸਕੱਤਰ ਸਿੰਘ ਪੁਰੇਵਾਲ, ਗੁਰਪ੍ਰੀਤ ਸਿੰਘ ਪੁਰੇਵਾਲ, ਡਾ: ਕੁਲਵੰਤ ਸਿੰਘ ਬਾਠ, ਬਲਬੀਰ ਸਿੰਘ ਬੇਲੇਵਾਲ, ਸੂਬੇਦਾਰ ਹਰਜਿੰਦਰ ਸਿੰਘ ਨਿੱਝਰ, ਮੈਨੇਜਰ ਬੂਟਾ ਰਾਮ, ਵੀਰ ਸਿੰਘ ਸਰਾਂ, ਬਲਵਿੰਦਰ ਸਿੰਘ ਅਠੌਲਾ, ਬਲਜਿੰਦਰ ਸਿੰਘ ਗਹਿਰੀ ਮੰਡੀ ਆਦਿ ਨੇ ਕਾਵਿ ਰਚਾਨਵਾਂ ਰਾਹੀ ਚੰਗਾ ਰੰਗ ਬੰਨਿ ਆ।

# ਰੇ ਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ 'ਚ ਰੰਗੋਲੀ ਸਜਾਈ

**ਮਜੀਠਾ (ਸੋਇਮ ਆਨੰਦ)**-ਨਾਮਵਰ ਸੰਸਥਾ ਰੇਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਹਰੀਆਂ ਰੋਡ ਮਜੀਠਾ ਵਿਖੇ ਸਮੂਹ ਵਿਦਿਆਰਥੀਆਂ ਤੇ ਅਧਿਆਪਕਾਂ ਵਲੋਂ ਬੰਦੀਛੋੜ ਦਿਵਸ ਅਤੇ ਦਿਵਾਲੀ ਦੇ ਤਿਓਹਾਰ ਨੂੰ ਸਮਰਪਿਤ ਸਕੂਲ ਵਿਖੇ ਰੰਗੋਲੀ ਸਜਾਈ ਗਈ ਅਤੇ ਦੀਪ ਮਾਲਾ ਕੀਤੀ ਗਈ।ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸਕੂਲ ਦੇ ਐੱਮ. ਡੀ. ਅਮਰਪ੍ਰੀਤ ਸਿੰਘ ਗਿੱਲ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨੂੰ ਰਿਹਾਅ ਕਰਾਉਣ ਦੇ ਬੰਦੀਛੋੜ ਦਿਵਸ ਅਤੇ ਦਿਵਾਲੀ ਤੇ ਭਗਵਾਨ ਸ਼੍ਰੀ ਰਾਮ ਚੰਦਰ ਵੱਲੋਂ ਚੌਦਾਂ ਸਾਲ ਦਾ ਬਨਵਾਸ ਕੱਟ ਕੇ ਵਾਪਿਸ ਅਯੁੱਧਿਆ ਆਉਣ ਸਬੰਧੀ ਭਰਪੂਰ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਦੋਹਾਂ ਮੌਕਿਆਂ ਦੇ ਮੱਦੇਨਜ਼ਰ ਪੂਰੇ ਦੇਸ਼ ਵਿਚ ਦੀਪ ਮਾਲਾ ਕੀਤੀ ਜਾਂਦੀ ਹੈ।ਇਸ ਮੌਕੇ ਐੱਮ. ਡੀ. ਅਮਰਪ੍ਰੀਤ ਸਿੰਘ ਗਿੱਲ ਨਾਲ ਮੈਡਮ ਗੁਰਪ੍ਰੀਤ ਕੌਰ, ਪ੍ਰਿੰਸੀਪਲ ਵਰਿੰਦਰ ਕੁਮਾਰ, ਰਾਜਬਿੰਦਰ ਕੌਰ, ਮਨਦੀਪ ਕੌਰ ਭੋਮਾ, ਪ੍ਰਭਜੀਤ ਕੌਰ, ਸ਼ਰਨਜੀਤ ਕੌਰ, ਕਵਲਜੀਤ ਕੌਰ, ਰਾਜਵਿੰਦਰ ਕੌਰ, ਸ਼ਿਵਮ ਡੋਗਰਾ, ਪ੍ਰਮਜੀਤ ਸਿੰਘ, ਚੰਦਨਪ੍ਰੀਤ ਕੌਰ, ਪ੍ਰੀਆ ਜੁਲਕਾ ਤੋਂ ਇਲਾਵਾ ਸਮੂਹ ਸਟਾਫ ਹਾਜ਼ਰ ਸੀ।

# ਝੋਨੇ ਦੀ ਖਰੀਦ, ਚੁਕਾਈ, ਕਾਟ ਤੇ ਡਾਇਆ ਖਾਦ ਦੀ ਦਿੱਕਤ ਨੂੰ ਲੈ ਕੇ ਕਿਸਾਨਾਂ ਕੀਤਾ ਅਰਥੀ ਫੂਕ ਪ੍ਰਦਰਸ਼ਨ



**ਸ੍ਰੀ ਆਨੰਦਪੁਰ ਸਾਹਿਬ :** ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਅੱਜ ਸਥਾਨਕ ਅਗੰਮਪੁਰ ਅਨਾਜ ਮੰਡੀ ਵਿੱਚ ਕੁੱਲ ਹਿੰਦ ਕਿਸਾਨ ਸਭਾ ਤੇ ਕੁੱਲ ਹਿੰਦ ਕਿਸਾਨ ਸਭਾ ਪੰਜਾਬ ਨੇ ਕੇਂਦਰ ਤੇ ਸੂਬਾ ਸਰਕਾਰ ਦੀ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ।ਇਸ ਮੌਕੇ ਗੁਰਨਾਮ ਸਿੰਘ ਔਲਖ, ਕਾਮਰੇਡ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਬਖਤਾਵਰ ਸਿੰਘ, ਨਰਿੰਦਰ ਸਿੰਘ ਮਾਵੀ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਬਦਲਾ ਲਊ ਭਾਵਨਾ ਅਤੇ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵੇਚਣ ਲਈ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਰਕਾਰ ਦੀ ਮਿਲੀਭੁਗਤ ਕਾਰਨ ਕਿਸਾਨਾਂ ਦੀ ਕਾਟ ਕੱਟੀ ਜਾ ਰਹੀ ਹੈ।ਕਈ ਕਈ ਦਿਨ ਮੰਡੀਆਂ ਵਿੱਚ ਰੁਲਣਾ ਪੈ ਰਿਹਾ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਡਾਇਆ ਖਾਦ ਦੀ ਦਿੱਕਤ ਆ ਰਹੀ ਹੈ। ਜਿਸ ਦੇ ਕਾਰਨ ਕਣਕ ਦੀ ਬਿਜਾਈ ਪਛੜ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੇ ਮਸਲੇ ਫੌਰੀ ਤੌਰ 'ਤੇ ਹੱਲ ਕਰੇ। ਮੰਡੀਆਂ ਵਿਚੋਂ ਝੋਨੇ ਦੀ ਖਰੀਦ ਤੇ ਚੁਕਾਈ ਫੌਰੀ ਤੌਰ ਤੇ ਕਰੇ।ਕਾਟ ਕੱਟਣੀ ਬੰਦ ਕੀਤੀ ਜਾਵੇ, ਜਿਨ੍ਹਾਂ ਕਿਸਾਨਾਂ ਦੀ ਕਾਟ ਕੱਟੀ ਜਾ ਚੁੱਕੀ ਹੈ।ਉਸ ਦੀ ਭਰਪਾਈ ਕੀਤੀ ਜਾਵੇ। ਇਸ ਮੌਕੇ ਤੇ ਸੰਗਤ ਸਿੰਘ ਠੀਕਰੀਵਾਲ, ਹਰਜਾਪ ਸਿੰਘ ਬਡਿਆਲ, ਚਰਨ ਸਿੰਘ ਅਟਵਾਲ, ਗੁਲਜ਼ਾਰ ਸਿੰਘ, ਜਰਨੈਲ ਸਿੰਘ ਸ਼ਾਹਪੁਰ ਬੇਲਾ ਸਮੇਤ ਹੋਰ ਕਿਸਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਕਿਸਾਨਾਂ ਨੇ ਇਲਾਕੇ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ 11 ਨਵੰਬਰ ਨੂੰ ਨੈਸ਼ਨਲ ਹਾਈਵੇ ਤੇ ਕੀਤੇ ਜਾ ਰਹੇ ਜਾਮ ਵਿੱਚ ਸ਼ਾਮਿਲ ਹੋਣ। ਇਸ ਮੌਕੇ ਤੇ ਅਰਥੀ ਫੂਕੀ ਗਈ ਤੇ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।

# ਪ੍ਰਕਾਸ਼ ਪੁਰਬ ਮੌਕੇ ਮਹਾਨ ਗੁਰਮਤਿ ਸਮਾਗਮ 15 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਦਿਹਾਣਾ ਵਿਖੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ 'ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਗਤ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555 ਵਾਂ ਪ੍ਰਕਾਸ਼ ਪੁਰਬ 15 ਨਵੰਬਰ ਨੂੰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਰਿੰਦਰ ਸਿੰਘ ਜਸਵਾਲ ਦਿਹਾਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 15 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਭਾਈ ਰਣਜੀਤ ਸਿੰਘ ਹੈਡ ਗ੍ਰੰਥੀ, ਭਾਈ ਚਰਨਜੀਤ ਸਿੰਘ ਮਾਨ ਜਲੰਧਰ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਮਾਈਨਿੰਗ ਵਿਭਾਗ ਨੇ ਸਟੋਨ ਕਰੱਸ਼ਰ ਨੂੰ ਡਿਸਮੈਂਟਲ ਕਰਨ ਦੀ ਤਿਆਰੀ ਆਰੰਭੀ

## ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਨੇ ਕਰੱਸ਼ਰ ਖ਼ਿਲਾਫ਼ ਕਾਰਵਾਈ ਨੂੰ ਆਪਣੀ ਅੰਸ਼ਕ ਜਿੱਤ ਦੱਸਿਆ



**ਤਲਵਾੜਾ, ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਪੰਜਾਬ ਦੇ ਮਾਈਨਿੰਗ ਵਿਭਾਗ ਨੇ ਸ਼ਾਹ ਨਹਿਰ ਬੈਰਾਜ (52 ਗੇਟਾਂ) ਦੇ ਹੇਠਾਂ ਲੱਗੇ ਸਟੋਨ ਕਰੱਸ਼ਰ ਨੂੰ ਡਿਸਮੈਂਟਲ ਕਰਨ ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਮਾਈਨਿੰਗ ਵਿਭਾਗ ਦਸੂਹਾ ਦੇ ਐਸ ਡੀ ਓ ਪੱਧਰ ਦੇ ਅਧਿਕਾਰੀਆਂ ਨੇ ਬੀਤੀ 2 ਤਰੀਕ ਨੂੰ ਉਕਤ ਸਟੋਨ ਕਰੱਸ਼ਰ ਦਾ ਦੌਰਾ ਕੀਤਾ ਸੀ। ਆਪਣੀ ਉੱਚ ਅਧਿਕਾਰੀਆਂ ਨੂੰ ਭੇਜੀ ਰਿਪੋਰਟ 'ਚ ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਮੌਕੇ 'ਤੇ ਭਾਵੇਂ ਕਰੱਸ਼ਰ ਬੰਦ ਸੀ, ਪਰ ਕਰੱਸ਼ਰ 'ਤੇ ਵੱਡੀ ਮਾਤਰਾ ਤਿਆਰ ਮਟੀਰੀਅਲ ਪਾਇਆ ਗਿਆ।

ਉਕਤ ਕਰੱਸ਼ਰ 'ਤੇ ਸਾਲ 2022 ਵਿਚ ਥਾਣਾ ਤਲਵਾੜਾ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ। ਜਾਂਚ ਉਪਰੰਤ ਕਰੱਸ਼ਰ ਕੋਲ ਕਿਸੇ ਵੀ ਤਰ੍ਹਾਂ ਦਾ ਕੋਈ ਲੀਗਲ ਦਸਤਾਵੇਜ਼ ਨਾ ਪਾਏ ਜਾਣ 'ਤੇ ਵਾਤਾਵਰਨ ਇੰਜਨੀਅਰ ਨੇ ਇਸ ਨੂੰ ਸੀਲ ਕਰ ਦਿੱਤਾ ਸੀ। ਪ੍ਰੰਤੂ ਇਸੇ ਸਾਲ 15 ਸਤੰਬਰ ਨੂੰ ਕਰੱਸ਼ਰ ਦੀ ਸੀਲ ਤੋੜ ਕੇ ਮੁੜ ਚੱਲਣ ਦੀ ਸ਼ਿਕਾਇਤ ਪ੍ਰਾਪਤ ਹੋਈ, ਜਿਸ 'ਤੇ ਕਾਰਵਾਈ ਕਰਦਿਆਂ ਵਿਭਾਗ ਨੇ ਥਾਣਾ ਤਲਵਾੜਾ 'ਚ ਇੱਕ ਹੋਰ ਮਾਮਲਾ ਦਰਜ ਕਰਵਾਇਆ ਅਤੇ ਕਰੱਸ਼ਰ 'ਤੇ 70 ਤੋਂ 80 ਹਜ਼ਾਰ ਘਣ ਫੁੱਟ ਪਏ ਮਟੀਰੀਅਲ ਦੀ ਆਕਸ਼ਨ ਲਈ ਰਿਪੋਰਟ ਅਧਿਕਾਰੀਆਂ ਨੂੰ ਤਿਆਰ ਕਰਕੇ ਭੇਜੀ ਸੀ। ਮਾਈਨਿੰਗ ਵਿਭਾਗ ਦੇ ਨਿਗਰਾਨ ਇੰਜਨੀਅਰ ਰਮਨ ਬੈਂਸ ਨੇ 52 ਗੇਟਾਂ ਹੇਠਾਂ ਬਿਆਸ ਦਰਿਆ ਕੰਢੇ ਕਰੱਸ਼ਰ ਨੂੰ ਨਾਜਾਇਜ਼ ਤੌਰ 'ਤੇ ਸਥਾਪਿਤ ਕਰਨ ਅਤੇ ਚਲਾਉਣ ਬਾਬਤ ਅਗਲੇਰੀ ਕਾਰਵਾਈ ਲਈ ਵਾਤਾਵਰਣ ਇੰਜਨੀਅਰ ਨਾਲ ਸੰਪਰਕ ਕੀਤਾ ਹੈ ਤਾਂ ਜੋ ਕਰੱਸ਼ਰ 'ਤੇ ਬਣਦੀ ਕਾਰਵਾਈ ਕਰਦੇ ਹੋਇਆਂ ਇਸ ਨੂੰ ਡਿਸਮੈਂਟਲ ਕੀਤਾ ਜਾ ਸਕੇ।ਵਾਤਾਵਰਣ ਇੰਜਨੀਅਰ ਹੁਸ਼ਿਆਰਪੁਰ ਦੀਪਕ ਚੱਢਾ ਨੇ ਉਕਤ ਕਾਰਵਾਈ ਲਈ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਉਚ ਅਧਿਕਾਰੀ ਨੂੰ ਰਿਪੋਰਟ ਭੇਜੀ ਹੋਣ ਦਾ ਹਵਾਲਾ ਦਿੱਤਾ, ਉਨ੍ਹਾਂ ਇੱਕ ਦੋ ਦਿਨਾਂ 'ਚ ਰਿਪੋਰਟ ਆਉਣ ਦੀ ਸੰਭਾਵਨਾ ਪ੍ਰਗਟ ਕਰਦਿਆਂ ਬਨਦੀ ਯੋਗ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ ਤਲਵਾੜਾ ਨੇ ਇਸ ਨੂੰ ਆਪਣੇ ਸੰਘਰਸ਼ ਦੀ ਅੰਸ਼ਕ ਜਿੱਤ ਦੱਸਿਆ ਹੈ। ਉਨ੍ਹਾਂ ਖ਼ੇਤਰ 'ਚ ਨਾਜਾਇਜ਼ ਖਣਨ 'ਤੇ ਨਕੇਲ ਕੱਸਣ ਅਤੇ ਪਹਾੜੀ ਖ਼ੇਤਰਾਂ 'ਚ ਚੱਲਦੇ ਸਟੋਨ ਕਰੱਸ਼ਰਾਂ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਹੈ।

# ਖਾਦ ਦੀ ਜਮ੍ਹਾਂਖੋਰੀ ਕਰਨ ਵਾਲਿਆਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ : ਡਿਪਟੀ ਕਮਿਸ਼ਨਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਲੋੜੀਂਦੀ ਮਾਤਰਾ ਵਿੱਚ ਖਾਦ ਮੌਜੂਦ ਹੈ ਅਤੇ ਕਿਸੇ ਵੀ ਡੀਲਰ ਵੱਲੋਂ ਖਾਦ ਦੀ ਜਮ੍ਹਾਂਖੋਰੀ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਹਿਕਾਰੀ ਸਭਾਵਾਂ ਅਤੇ ਡੀਲਰਾਂ ਰਾਹੀਂ ਖਾਦ ਮੁਹੱਈਆ ਕਰਵਾਈ ਜਾ ਰਹੀ ਹੈ। ਜੇਕਰ ਕੋਈ ਵੀ ਡੀਲਰ ਜਮ੍ਹਾਂਖੋਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ।ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਅਤੇ ਸਬ-ਡਵੀਜ਼ਨ ਪੱਧਰ ਦੀਆਂ ਟੀਮਾਂ ਲਗਾਤਾਰ ਖਾਦ ਵਿਕਰੇਤਾਵਾਂ ਦੇ ਸਟਾਕ ਦੀ ਚੈਕਿੰਗ ਕਰ ਰਹੀਆਂ ਹਨ, ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਡਿਪਟੀ ਕਮਿਸ਼ਨਰ ਨੇ ਇਹ ਵੀ ਹਦਾਇਤ ਕੀਤੀ ਕਿ ਜੇਕਰ ਕੋਈ ਖਾਦ ਵਿਕਰੇਤਾ ਓਵਰ ਚਾਰਜ ਕਰਦਾ ਹੈ ਜਾਂ ਟੈਗਿੰਗ ਕਰਦਾ ਹੈ ਤਾਂ ਉਸ ਵਿਰੁੱਧ ਖਾਦ ਕੰਟਰੋਲ ਆਰਡਰ 1985 ਤਹਿਤ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਦੌਰਾਨ ਖੇਤੀਬਾੜੀ ਵਿਭਾਗ ਦੀਆਂ ਵੱਖ-ਵੱਖ ਟੀਮਾਂ ਜ਼ਿਲ੍ਹੇ ਭਰ ਵਿੱਚ ਖਾਦ ਵਿਕਰੇਤਾਵਾਂ ਦਾ ਨਿਰੀਖਣ ਕਰ ਰਹੀਆਂ ਹਨ।

# ਕਿਸਾਨਾਂ ਦੀ ਹੋ ਰਹੀ ਖੱਜਲ ਖੁਆਰੀ ਨੂੰ ਲੈ ਕੇ ਮੰਡੀਆਂ 'ਚ ਧਰਨਾ



**ਭਲਾਣ (ਹਰਭਜਨ ਢਿੱਲੋਂ)** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਤਹਿਸੀਲ ਆਨੰਦਪੁਰ ਸਾਹਿਬ ਦੀਆਂ ਮੰਡੀਆਂ ਵਿੱਚ ਕਿਸਾਨਾ ਦੇ ਝੋਨੇ ਦੀ ਹੋ ਰਹੀ ਖੱਜਲ ਖਰਾਬੀ ਸੰਬੰਧੀ ਤਹਿਸੀਲ ਦੀਆਂ ਲੱਗਭੱਗ ਸਾਰੀਆਂ ਮੰਡੀਆਂ ਵਿੱਚ ਪੰਜਾਬ ਅਤੇ ਕੇਂਦਰ ਦੀ ਸਰਕਾਰ ਦੇ ਪੁਤਲੇ ਫੂਕੇ ਗਏ।ਦਾਨਾ ਮੰਡੀ ਆਗੰਮਪੁਰ, ਨੰਗਲ, ਸਹੀਜੋਵਾਲ, ਡੂਮੇਵਾਲ, ਬੈਂਸਾ, ਅਬਿਆਨਾ ਨੂਰਪੁਰ ਬੇਦੀ ਆਦਿ ਮੰਡੀਆਂ ਵਿੱਚ ਮੋਹਣ ਸਿੰਘ ਧਮਾਣਾ, ਦਵਿੰਦਰ ਕੁਮਾਰ, ਸੁਰਜੀਤ ਸਿੰਘ ਢੇਰ, ਬੀਰ ਸਿੰਘ ਬੜਵਾ, ਗੁਰਨਾਮ ਸਿੰਘ ਔਲਖ, ਗੁਰਨੈਬ ਸਿੰਘ ਜੈਤੇਵਾਲ ਦਵਿੰਦਰ ਕੁਮਾਰ ਸਰਥਲੀ, ਰਣਜੀਤ ਸਰਥਲੀ ਆਦਿ ਦੀ ਅਗਵਾਈ ਵਿੱਚ ਮੌਜੂਦਾ ਸਰਕਾਰਾਂ ਵੱਲੋਂ ਕਿਸਾਨਾਂ ਦੀ ਝੋਨੇ ਦੀ ਫ਼ਸਲ ਦੀ ਕੀਤੀ ਜਾ ਰਹੀ ਖੱਜਲ ਖਰਾਬੀ ਸੰਬੰਧੀ ਮੰਡੀਆਂ ਵਿੱਚ ਪੰਜਾਬ ਅਤੇ ਕੇਂਦਰ ਸਰਕਾਰ ਦੇ ਪੁਤਲੇ ਫੂਕ ਕੇ ਰੋਸ ਦਾ ਮੁਜਾਹਰਾ ਕੀਤਾ।

ਵੱਖ ਵੱਖ ਕੇਂਦਰਾਂ 'ਤੇ ਬੋਲਦਿਆਂ ਬੁਲਾਰੀਆਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਆੜ੍ਹਤੀਆਂ ਤੇ ਪੈ ਰਹੀ ਇਸ ਮਾਰ ਲਈ ਕੇਂਦਰ ਸਰਕਾਰ ਦੀ ਕਿਸਾਨਾਂ ਨੂੰ ਸਬਕ ਸਿਖਾਉਣ ਦੀ ਬਦਨੀਤੀ ਅਤੇ ਪੰਜਾਬ ਸਰਕਾਰ ਦੀ ਘੋਰ ਨਲਾਇਕੀ ਨੂੰ ਜ਼ਿੰਮੇਵਾਰ ਠਹਿਰਾਇਆ। ਬੁਲਾਰਿਆਂ ਨੇ ਮੰਗ ਕੀਤੀ ਕਿ ਮੰਡੀਆਂ ਵਿੱਚ ਬਾਰਦਾਨੇ ਦਾ ਫੌਰੀ ਤੌਰ 'ਤੇ ਪ੍ਰਬੰਧ ਕੀਤਾ ਜਾਏ, ਮੰਡੀਆਂ ਵਿੱਚੋਂ ਝੋਨੇ ਦੀ ਲਿਫਟਿੰਗ ਸ਼ੁਰੂ ਕਰਾਈ ਜਾਏ, ਝੋਨੇ ਦੇ ਰੇਟ ਕਟੌਤੀ ਬੰਦ ਕੀਤੀ ਜਾਏ, ਮਜ਼ਦੂਰਾਂ ਅਤੇ ਆੜ੍ਹਤੀ ਭਰਾਵਾਂ ਦੇ ਮਸਲੇ ਹੱਲ ਕੀਤੇ ਜਾਣ ਆਦਿ।ਇਹਨਾਂ ਮੰਡੀਆਂ ਵਿੱਚ ਅਰਥੀ ਫੂਕ ਮੁਜ਼ਾਹਰਿਆਂ ਤੋਂ ਬਾਅਦ ਪ੍ਰਸ਼ਾਸ਼ਨ ਵੀ ਹਰਕਤ ਵਿੱਚ ਆਇਆ ਅਤੇ ਬਕਾਇਦਾ ਐਸ ਡੀ ਐਮ ਆਨੰਦਪੁਰ ਸਾਹਿਬ ਬਾਕੀ ਅਫਸਰਾਂ ਸਮੇਤ ਦੁਪਹਿਰ ਇਕ ਵਜੇ ਕਿਸਾਨਾਂ ਦੀਆਂ ਸਮੱਸਿਆਂਵਾਂ ਸਬੰਧੀ ਡੂਮੇਵਾਲ ਮੰਡੀ ਵਿੱਚ ਪੁਜੇ ਜਿਥੇ ਉਹਨਾਂ ਦੀ ਸੰਯੁਕਤ ਕਿਸਾਨ ਮੋਰਚੇ ਦੇ ਲੀਡਰਾਂ ਅਤੇ ਕਿਸਾਨਾਂ ਨਾਲ ਸਦਭਾਵਨਾ ਪੂਰਨ ਮਹੌਲ ਵਿੱਚ ਮੀਟਿਗ ਹੋਈ।ਐਸ ਡੀ ਐਮ ਸਾਹਿਬ ਨੇ ਮੋਰਚੇ ਦੇ ਲੀਡਰਾਂ ਨੂੰ ਸਰਕਾਰ ਵੱਲੋਂ ਭਰੋਸਾ ਦਿੱਤਾ ਕਿ ਮੰਡੀਆਂ ਵਿੱਚ ਬਾਰਦਾਨਾਂ ਫੌਰੀ ਤੌਰ 'ਤੇ ਪਹੁੰਚ ਜਾਏਗਾ, ਤਿੰਨ ਦਿਨਾਂ ਵਿੱਚ ਲਿਫਟਿੰਗ ਹੋ ਜਾਏਗੀ ਅਤੇ ਬਾਕੀ ਸਮੱਸਿਆਂਵਾਂ ਬਿਨਾਂ ਦੇਰੀ ਸਰਕਾਰ ਦੇ ਧਿਆਨ ਵਿੱਚ ਲਿਆਂਦੀਆਂ ਜਾਣਗੀਆਂ। ਇਸ ਭਰੋਸੇ ਤੇ ਸੰਯੁਕਤ ਕਿਸਾਨ ਮੋਰਚੇ ਨੇ ਆਪਣਾ ਚੰਡੀਗੜ ਮਨਾਲੀ ਮਾਰਗ ਨੂੰ ਬੰਦ ਕਰਨ ਦਾ ਪ੍ਰੋਗਰਾਮ ਤਿੰਨ ਦਿਨਾ ਲਈ ਬੁੱਧਵਾਰ ਤੱਕ ਮੁਲਤਵੀ ਕਰ ਦਿੱਤਾ ਅਤੇ ਐਲਾਨ ਕੀਤਾ ਕਿ ਜੇਕਰ ਬੁੱਧਵਾਰ ਤੱਕ ਮੰਡੀਆਂ ਵਿੱਚ ਪਏ ਕਿਸਾਨਾਂ ਦੇ ਝੋਨੇ ਦੀ ਚੁਕਾਈ ਨਾ ਹੋਈ ਅਤੇ ਰੇਟ ਵਿੱਚ ਕਟੌਤੀ ਬੰਦ ਨਾ ਕੀਤੀ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ।

# ਬਿਮਾਰੀਆਂ ਤੋਂ ਮੁਕਤ ਹੋ ਹੋਰਾਂ ਨੂੰ ਵੀ ਦੱਸ ਰਹੇ ਨੇ ਯੋਗਾ ਦੇ ਲਾਭ : ਐੱਸ ਡੀ ਐੱਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਸੀ ਐਮ ਦੀ ਯੋਗਸ਼ਾਲਾ ਤਹਿਤ ਲਾਏ ਜਾ ਰਹੇ ਯੋਗਾ ਸੈਸ਼ਨਾਂ ਵਿੱਚ ਲੋਕ ਪੁਰਾਣੇ ਰੋਗਾਂ ਤੋਂ ਮੁਕਤ ਹੋ ਰਹ ਹਨ। ਮੋਹਾਲੀ ਦੇ ਸੈਕਟਰ 71, 77, 78, 88 ਅਤੇ ਫੇਜ਼-1 'ਚ ਰੋਜ਼ਾਨਾ 6 ਯੋਗਾ ਸੈਸ਼ਨ ਲਗਾਏ ਜਾ ਰਹੇ ਹਨ, ਜਿਨ੍ਹਾਂ 'ਚ 150 ਤੋਂ ਵਧੇਰੇ ਸ਼ਹਿਰ ਵਾਸੀ ਸ਼ਾਮਿਲ ਹੋ ਕੇ ਆਪਣੀ ਜੀਵਨ ਸ਼ੈਲੀ ਨੂੰ ਚੁਸਤ-ਦਰੁਸਤ ਕਰ ਰਹੇ ਹਨ। ਐਸ ਡੀ ਐਮ ਮੋਹਾਲੀ ਦਮਨਦੀਪ ਕੌਰ ਨੇ ਦੱਸਿਆ ਕਿ ਟ੍ਰੇਨਰ ਰਸ਼ਿਵ ਵੱਲੋਂ ਮੋਹਾਲੀ ਦੇ ਸੈਕਟਰ 77, ਨੇੜੇ ਰਾਧਾ ਸੁਆਮੀ ਸਤਸੰਗ ਭਵਨ ਵਿਖੇ ਪਹਿਲੀ ਕਲਾਸ ਸਵੇਰੇ 5.00 ਤੋਂ 6.00 ਵਜੇ ਅਤੇ ਦੂਸਰੀ ਕਲਾਸ ਸ਼ਹੀਦ ਭਗਤ ਸਿੰਘ ਪਾਰਕ, ਸੈਕਟਰ-78 ਵਿਖੇ ਸਵੇਰੇ 6.05 ਤੋਂ 7.05 ਵਜੇ ਤੱਕ, ਤੀਸਰੀ ਕਲਾਸ ਹੀਰੋ ਹੋਮਜ਼ ਸੁਸਾਇਟੀ, ਸੈਕਟਰ-88, ਮੋਹਾਲੀ ਵਿਖੇ ਸਵੇਰੇ 7.15 ਤੋਂ 8.15 ਵਜੇ ਤੱਕ, ਚੌਥੀ ਕਲਾਸ ਨੇੜੇ ਹੇਮਕੁੰਟ ਸਕੂਲ, ਸੈਕਟਰ-71, ਮੋਹਾਲੀ ਵਿਖੇ ਸਵੇਰੇ 8.30 ਵਜੇ ਤੋਂ 9.30 ਵਜੇ ਤੱਕ ਅਤੇ ਪੰਜਵੀਂ ਕਲਾਸ ਫੇਜ਼-1 ਪੈਰਾਗਾਨ ਪਾਰਕ (ਪਾਰਕ-2) ਮੋਹਾਲੀ ਵਿਖੇ ਬਾਅਦ ਦੁਪਹਿਰ 3.45 ਤੋਂ 4.45 ਵਜੇ ਤੱਕ ਅਤੇ ਛੇਵੀਂ ਕਲਾਸ ਸੈਕਟਰ, 71 (ਪਾਰਕ ਨੰ 33), ਮੋਹਾਲੀ ਵਿਖੇ ਸ਼ਾਮ 5.00 ਤੋਂ 6.00 ਵਜੇ ਤੱਕ ਲਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਯੋਗਾ ਦਾ ਰੋਜ਼ਾਨਾ ਅਭਿਆਸ ਸਰੀਰ ਦੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਲਈ ਬਹੁਤ ਲਾਭਦਾਇਕ ਸਿੱਧ ਹੋ ਰਿਹਾ ਹੈ। ਯੋਗਾ ਦੇ ਰੋਜ਼ਾਨਾ ਅਭਿਆਸ ਨਾਲ ਪੁਰਾਣੀਆਂ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। ਉਨ੍ਹਾਂ ਦੱਸਿਆ ਕਿ ਯੋਗ ਸੈਸ਼ਨਾਂ ਦੌਰਾਨ ਕੁਝ ਲੋਕ ਅਜਿਹੇ ਹਨ, ਜੋ ਕਿ ਨਿਰਵਿਘਨ ਯੋਗਾ ਕਲਾਸਾਂ ਲਗਾ ਰਹੇ ਹਨ ਅਤੇ ਉਨ੍ਹਾਂ ਨੇ ਯੋਗਾ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਪਿਛਲੇ ਡੇਢ ਸਾਲ ਤੋਂ ਲਗਾਤਾਰ ਯੋਗਾ ਅਭਿਆਸ ਕਰ ਰਹੇ ਸੰਦੀਪ ਸ਼ਰਮਾ ਨੇ ਥਾਇਰਾਇਡ ਅਤੇ ਪਿੱਠ ਦਰਦ ਤੋਂ ਰਾਹਤ ਪਾਈ ਹੈ। ਇਸੇ ਤਰ੍ਹਾਂ ਹੀ ਕਿਰਨ ਮਹਾਜਨ ਜੋ ਕਿ ਹਾਈ ਬਲੱਡ ਪ੍ਰੈਸ਼ਰ ਹੋਣ ਕਾਰਨ ਦਿਨ ਵਿੱਚ ਦੋ ਵਾਰ ਦਿਵਾਈ ਲੈਂਦੇ ਸਨ, ਲਗਾਤਾਰ ਯੋਗ ਆਸਣ ਕਰਨ ਨਾਲ ਉਨ੍ਹਾਂ ਦੀਆਂ ਦਵਾਈਆਂ ਬੰਦ ਹੋ ਚੁੱਕੀਆਂ ਹਨ। ਬਹੁਤ ਸਾਰੇ ਅਜਿਹੇ ਲੋਕ ਹਨ, ਯੋਗਾ ਨੇ ਜਿਨ੍ਹਾਂ ਦੀ ਨੀਰਸ ਜ਼ਿੰਦਗੀ 'ਚ ਪੂਰਨ ਤੌਰ 'ਤੇ ਬਦਲਾਅ ਲੈ ਆਂਦਾ ਹੈ। ਜ਼ਿਲ੍ਹੇ 'ਚ ਚੱਲ ਰਹੀਆਂ ਯੋਗਾ ਕਲਾਸਾਂ ਦਾ ਹਿੱਸਾ ਬਣਨ ਟੋਲ ਫ੍ਰੀ ਨੰਬਰ 7669400500 ਜਾਂ www.cmdiyogshala.punjab.gov.in 'ਤੇ ਜਾ ਲੈ ਕੇ ਜਾਣਕਾਰੀ ਲਈ ਜਾ ਸਕਦੀ ਹੈ। ਇਸ ਦੇ ਨਾਲ-ਨਾਲ ਜੇ ਕੋਈ ਗਰੁੱਪ ਮੁਫ਼ਤ ਯੋਗਾ ਟ੍ਰੇਨਰ ਦੀ ਸਹੂਲਤ ਲੈਣ ਲਈ ਉਪਰੋਕਤ ਫੋਨ ਨੰਬਰ ਅਤੇ ਵੈਬਸਾਈਟ 'ਤੇ ਸੰਪਰਕ ਕਰ ਕੇ ਰਜਿਸਟਰੇਸ਼ਨ ਕਰ ਸਕਦਾ ਹੈ। ਮੁਫ਼ਤ ਟ੍ਰੇਨਰ ਦੀ ਸਹੂਲਤ ਲੈਣ ਲਈ ਕਿਸੇ ਵੀ ਨਵੇਂ ਗਰੁੱਪ ਕੋਲ ਘੱਟੋ-ਘੱਟ 25 ਮੈਂਬਰ ਹੋਣੇ ਲਾਜ਼ਮੀ ਹਨ।

## ਸਾਹਨੀ 'ਚ ਅੱਖਾਂ ਦਾ ਤੀਸਰਾ ਫ੍ਰੀ ਕੈਂਪ 24 ਨੂੰ

**ਫਗਵਾੜਾ (ਡਾ. ਰਮਨ)** ਬਲਾਕ ਫਗਵਾੜਾ ਦੇ ਪਿੰਡ ਸਾਹਨੀ ਵਿਖੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਤੀਸਰਾ ਅੱਖਾਂ ਦਾ ਫਰੀ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ 24 ਨਵੰਬਰ ਦਿਨ ਐਤਵਾਰ ਨੂੰ ਹਰ ਸਾਲ ਦੀ ਤਰ੍ਹਾਂ ਪ੍ਰਵਾਸੀ ਭਾਰਤੀਆਂ ਮੇਜਰ ਸਿੰਘ ਕਾਹਲੋਂ, ਨਰਿੰਦਰ ਕੌਰ ਕਾਹਲੋਂ, ਮਨਜੀਤ ਕੌਰ ਅਤੇ ਰੋਹਿਨੀ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਸਮਾਜ ਸੇਵੀ ਰਣਜੀਤ ਸਿੰਘ ਕਾਹਲੋਂ ਅਤੇ ਬੀਬੀ ਕਸ਼ਮੀਰ ਕੌਰ ਕਾਹਲੋਂ ਨੇ ਦੱਸਿਆ ਕਿ ਕੈਂਪ ਦੌਰਾਨ ਲੋੜਵੰਦ ਮਰੀਜਾਂ ਦੀਆਂ ਅੱਖਾਂ ਦਾ ਫਰੀ ਚੈਕਅੱਪ ਕਰਕੇ ਦਵਾਈਆਂ ਅਤੇ ਐਨਕਾਂ ਫਰੀ ਦਿੱਤੀਆਂ ਜਾਣਗੀਆਂ।ਲੋੜਵੰਦ ਮਰੀਜਾਂ ਦੇ ਫਰੀ ਆਪ੍ਰੇਸ਼ਨ ਕਰਵਾ ਕੇ ਲੈਂਸ ਵੀ ਪਾਏ ਜਾਣਗੇ।ਉਹਨਾਂ ਦੱਸਿਆ ਕਿ ਇਸ ਵਾਰ ਦਾ ਕੈਂਪ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਕੇ ਲਗਾਇਆ ਜਾ ਰਿਹਾ ਹੈ।ਕੈਂਪ ਦੌਰਾਨ ਗੁਰਪੁਰਬ ਦੀ ਖੁਸ਼ੀ 'ਚ ਮਰੀਜਾਂ ਤੇ ਪਤਵੰਤਿਆਂ ਦੀ ਸੇਵਾ 'ਚ ਚਾਹ ਪਕੌੜੇ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ।ਇਸ ਮੌਕੇ ਟਹਿਲ ਸਿੰਘ ਹਰਬੰਸਪੁਰ, ਡਾ. ਸੁਖਵਿੰਦਰ ਕੌਰ, ਕੁਲਵੀਰ ਸਿੰਘ ਰਾਮਪੁਰ ਖਲਿਆਣ, ਬੀਬੀ ਕੁਲਵਿੰਦਰ ਕੌਰ ਆਦਿ ਹਾਜ਼ਰ ਸਨ।

## ਸਰਬਜੀਤ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ



**ਬੰਗਾ (ਅਵਤਾਰ ਕਲੇਰ)** ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਨਵਾਂਸ਼ਹਿਰ ਦਿਹਾਤੀ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ ਦੇ ਸਤਿਕਾਰਯੋਗ ਮਾਤਾ ਬੀਬੀ ਸਰਬਜੀਤ ਕੌਰ ਜੋ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ।ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਵੱਲੋਂ ਅੰਤਿਮ ਵਿਦਾਇਗੀ ਦਿੱਤੀ ਗਈ।ਇਲਾਕੇ ਅਤੇ ਦੂਰ ਦੁਰਾਡੇ ਤੋਂ ਪ੍ਰਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਉਹਨਾਂ ਦੀ ਚਿਖਾ ਨੂੰ ਅੱਗ ਉਹਨਾਂ ਦੇ ਸਪੁੱਤਰ ਸੁਖਦੀਪ ਸਿੰਘ ਸ਼ੁਕਾਰ ਵੱਲੋਂ ਦਿਖਾਈ ਗਈ।ਉਹਨਾਂ ਦੀ ਅੰਤਿਮ ਯਾਤਰਾ ਦੌਰਾਨ ਵੱਡੀ ਗਿਣਤੀ 'ਚ ਰਿਸ਼ਤੇਦਾਰਾਂ ਸਾਕ ਸੰਬੰਧੀਆਂ ਅਤੇ ਸੱਜਣ ਸਨੇਹੀਆਂ ਵਲੋਂ ਸ਼ਮੂਲੀਅਤ ਕੀਤੀ ਗਈ।ਇਹਨਾਂ ਦੀ ਅੰਤਿਮ ਯਾਤਰਾ ਮੌਕੇ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਬੀਕੇਯੂ, ਹਲਕਾ ਵਿਧਾਇਕ ਡਾ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਸੁਖੀ, ਦਿਨੇਸ਼ ਕੁਮਾਰ, ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ , ਕੁਲਜੀਤ ਸਿੰਘ ਸਰਹਾਲ, ਹਰਜੋਤ ਕੌਰ ਲੋਹਟੀਆ, ਭੁਪਿੰਦਰ ਸਿੰਘ ਤੇਜਾ, ਗੁਰਜੀਤ ਸਿੰਘ ਪੁਰੇਵਾਲ, ਗੁਰਚੈਨ ਸਿੰਘ ਢੀਂਡਸਾ, ਜਗਜੀਤ ਸਿੰਘ ਖਟੜਾ, ਤੀਰਥ ਸਿੰਘ ਚਾਹਲ, ਹਰਜਿੰਦਰ ਸਿੰਘ ਲਾਲੀ, ਬਲਕਾਰ ਸਿੰਘ ਢੀਂਡਸਾ, ਸੰਤੋਖ ਸਿੰਘ ਮੱਲਾ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ, ਰਮਨਦੀਪ ਸਿੰਘ ਥਿਆੜਾ, ਗੁਰਮੀਤ ਸਿੰਘ ਰੱਤੂ, ਪ੍ਰਗਟ ਸਿੰਘ ਮੰਡੇਰ, ਰਣਜੀਤ ਸਿੰਘ ਰਟੈਂਡਾ, ਸੁਲੱਖਣ ਸਿੰਘ ਰਟੈਂਡਾ, ਜਸਵਿੰਦਰ ਸਿੰਘ ਮਾਨ, ਛਲਿੰਦਰ ਸਿੰਘ ਓੜਾਪੜ, ਕੁਲਵਿੰਦਰ ਸਿੰਘ ਢਾਹਾਂ, ਡਾ ਨਿਰੰਜਨ ਪਾਲ, ਮਲਕੀਤ ਸਿੰਘ ਕੀਤਾ, ਰਜਿੰਦਰ ਸਿੰਘ ਨੰਗਲ,ਜੱਸਾ ਕਲੇਰਾਂ, ਜਗਜੀਤ ਸਿੰਘ ਖਾਲਸਾ, ਸਤਨਾਮ ਸਿੰਘ ਲਾਦੀਆਂ, ਨਵਦੀਪ ਸਿੰਘ ਅਨੋਖਰਵਾਲ, ਨਿਰਮਲ ਸਿੰਘ ਹੇੜੀਆਂ, ਅਜੈਬ ਸਿੰਘ ਰਟੈਂਡਾ ਤੂੰ ਇਲਾਵਾ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਸੱਜਣ ਮਿੱਤਰ ਅਤੇ ਹੋਰ ਮੌਜੂਦ ਸਨ।

## ਲਿਵਾਸਾ ਹਸਪਤਾਲ 'ਚ ਮੈਗਾ ਹੈਲਥ ਕੈਂਪ 14 ਨੂੰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਗੁਰਪੁਰਬ ਦੇ ਪਵਿੱਤਰ ਮੌਕੇ ਲਿਵਾਸਾ ਹਸਪਤਾਲ ਵੱਲੋਂ 14 ਨਵੰਬਰ ਨੂੰ ਆਪਣੇ ਪੰਜ ਹਸਪਤਾਲਾਂ ਹੁਸ਼ਿਆਰਪੁਰ, ਮੁਹਾਲੀ, ਖੰਨਾ, ਨਵਾਂਸ਼ਹਿਰ ਅਤੇ ਅੰਮ੍ਰਿਤਸਰ ਵਿਖੇ ਮੁਫ਼ਤ ਮੈਗਾ ਹੈਲਥ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੌਰਾਨ ਡਾਕਟਰਾਂ ਦੀ ਟੀਮ 16 ਮੈਡੀਕਲ ਸਪੈਸ਼ਲਟੀਜ਼ ਵਿੱਚ ਮੁਫਤ ਸਲਾਹ-ਮਸ਼ਵਰਾ ਪ੍ਰਦਾਨ ਕਰੇਗੀ। ਈ ਸੀ ਜੀ, ਮਹੱਤਵਪੂਰਨ ਟੈਸਟਿੰਗ, ਬਲੱਡ ਸ਼ੂਗਰ ਅਤੇ ਹੱਡੀਆਂ ਦੀ ਘਣਤਾ ਦੀ ਮੁਫਤ ਜਾਂਚ ਵੀ ਕੀਤੀ ਜਾਵੇਗ। ਲੋਕਾਂ ਨੂੰ ਮੁਫਤ ਖੁਰਾਕ ਸਲਾਹ-ਮਸ਼ਵਰਾ, ਕਾਰਡੀਓਲੋਜਿਸਟ ਦੀ ਸਲਾਹ 'ਤੇ ਈਕੋ ਚੈੱਕਅਪ ਅਤੇ ਪਲਮੋਨੋਲੋਜਿਸਟ ਦੀ ਸਲਾਹ 'ਤੇ ਪੀਐਫਟੀ ਟੈਸਟ ਅਤੇ ਫਿਜ਼ੀਓਥੈਰੇਪੀ ਸਲਾਹ-ਮਸ਼ਵਰਾ ਵੀ ਮਿਲੇਗਾ।ਐਡਵਾਂਸ ਬੁਕਿੰਗ ਤੇ ਐਂਜੀਓਗ੍ਰਾਫੀ 'ਤੇ 2000 ਰੁਪਏ ਅਤੇ ਸਾਰੀਆਂ ਲੈਬਾਰਟਰੀ ਅਤੇ ਰੇਡੀਓਲੋਜੀ ਸੇਵਾਵਾਂ 'ਤੇ 20 ਪ੍ਰਤੀਸ਼ਤ ਦੀ ਛੋਟ ਮਿਲੇਗੀ। ਮਰੀਜ਼ਾਂ ਨੂੰ ਆਪਣੇ ਪਿਛਲੇ ਡਾਕਟਰੀ ਰਿਕਾਰਡ, ਜਿਸ ਵਿੱਚ ਸਕੈਨ, ਐਂਜੀਓਗ੍ਰਾਫੀ ਸੀਡੀ ਅਤੇ ਐਮ ਆਰ ਆਈ ਸ਼ਾਮਲ ਹਨ, ਆਪਣੇ ਨਾਲ ਲਿਆਉਣੇ ਹਨ।

# ਕੇਜਰੀਵਾਲ ਦੀ ਚੱਬੇਵਾਲ ਰੈਲੀ 'ਚ ਵੱਡਾ ਜਥਾ ਲੈ ਕੇ ਸ਼ਾਮਲ ਹੋਏ ਜੋਗਿੰਦਰ ਸਿੰਘ ਮਾਨ



**ਫਗਵਾੜਾ (ਡਾ. ਰਮਨ)** ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਵੱਡੀ ਗਿਣਤੀ 'ਚ ਆਪਣੇ ਸਾਥੀਆਂ ਅਤੇ ਪਾਰਟੀ ਵਰਕਰਾਂ ਸਮੇਤ ਚੱਬੇਵਾਲ ਵਿਖੇ ਹੋਈ ਆਪ ਪਾਰਟੀ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ ਦੀ ਰੈਲੀ ਵਿਚ ਸ਼ਾਮਲ ਹੋਏ। ਜੱਥੇ ਦੀ ਰਵਾਨਗੀ ਸਮੇਂ ਉਹਨਾਂ ਚੱਬੇਵਾਲ ਵਿਧਾਨਸਭਾ ਹਲਕੇ ਤੋਂ ਆਪ ਪਾਰਟੀ ਦੀ ਜਿੱਤ ਨੂੰ ਯਕੀਨੀ ਦੱਸਿਆ।ਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਨੇ ਜਿਸ ਤਰ੍ਹਾਂ ਵਿਕਾਸ ਕੀਤਾ ਅਤੇ ਲੋਕ ਭਲਾਈ ਦੀਆਂ ਸਕੀਮਾ ਨੂੰ ਲਾਗੂ ਕੀਤਾ ਹੈ।ਖਾਸ ਤੌਰ 'ਤੇ ਪਿਛਲੇ ਦਿਨੀਂ ਪਲਾਟਾਂ ਦੀਆਂ ਰਜਿਸਟਰੀਆਂ ਲਈ ਲੋੜੀਂਦੀ ਐਨ ਓ ਸੀ ਦੀ ਸ਼ਰਤ ਖਤਮ ਕੀਤੀ ਹੈ, ਉਸਨੂੰ ਦੇਖਦੇ ਹੋਏ ਵੋਟਰਾਂ ਵਿਚ ਭਾਰੀ ਉਤਸ਼ਾਹ ਹੈ ਅਤੇ ਚੱਬੇਵਾਲ ਦੇ ਵੋਟਰ ਵੀ ਪੰਜਾਬ ਦੇ ਵਿਕਾਸ ਨੂੰ ਮੁੱਖ ਰੱਖ ਕੇ ਪਾਰਟੀ ਉਮੀਦਵਾਰ ਨੂੰ ਵੱਡੀ ਜਿੱਤ ਦੁਆਉਣਗੇ।ਜਿਕਰਯੋਗ ਹੈ ਕਿ ਚੱਬੇਵਾਲ ਵਿਧਾਨਸਭਾ ਸੀਟ ਡਾ. ਰਾਜਕੁਮਾਰ ਚੱਬੇਵਾਲ ਦੇ ਹਲਕਾ ਹੁਸ਼ਿਆਰਪੁਰ ਤੋਂ ਲੋਕਸਭਾ ਮੈਂਬਰ ਨਾਮਜੱਦ ਹੋਣ ਦੇ ਚਲਦਿਆਂ ਖਾਲੀ ਹੋਈ ਹੈ।ਜਿੱਥੇ ਜਿਮਨੀ ਚੋਣ ਵਿਚ ਪਾਰਟੀ ਨੇ ਡਾਕਟਰ ਚੱਬੇਵਾਲ ਦੇ ਪੁੱਤਰ ਇਸ਼ਾਂਕ ਚੱਬੇਵਾਲ ਨੂੰ ਉਮੀਦਵਾਰ ਬਣਾਇਆ ਹੈ।ਜਥੇ ਵਿਚ ਹਰਨੂਰ ਸਿੰਘ ਮਾਨ ਸਪੋਕਸ ਪਰਸਨ ਪੰਜਾਬ, ਸੀਨੀਅਰ ਆਗੂ ਦਲਜੀਤ ਰਾਜੂ ਦਰਵੇਸ਼ ਪਿੰਡ, ਹਰਮੇਸ਼ ਪਾਠਕ, ਸਰਵਣ ਸਿੰਘ ਦਿਓ ਸਰਪੰਚ ਚਹੇੜੂ, ਵਰੁਣ ਬੰਗੜ ਸਰਪੰਚ ਚੱਕ ਹਕੀਮ, ਰਾਮ ਲੁਭਾਇਆ ਸਰਪੰਚ ਨਾਨਕ ਨਗਰੀ, ਸੁਰਿੰਦਰ ਸਿੰਘ ਸਰਪੰਚ ਖਲਵਾੜਾ ਕਲੋਨੀ, ਗੁਰਮੀਤ ਸਿੰਘ ਸਰਪੰਚ ਲੱਖਪੁਰ, ਗੁਰਸ਼ਿੰਦਰ ਸਿੰਘ ਸਰਪੰਚ ਰਿਹਾਣਾ ਜੱਟਾਂ, ਵਿਜੇ ਬਸੰਤ ਨਗਰ, ਧਰਮਵੀਰ ਸੇਠੀ, ਪਰਮਜੀਤ ਧਰਮਕੋਟ, ਇੰਦਰਜੀਤ ਭੁੱਲਰ, ਕਸ਼ਮੀਰ ਖਲਵਾੜਾ, ਫੌਜੀ ਸ਼ੇਰਗਿਲ ਬਲਾਕ ਪ੍ਰਧਾਨ, ਰਵੀ ਕੁਮਾਰ ਮੰਤਰੀ, ਵਿਪਨ ਕੁਮਾਰ, ਗੁਰਦੀਪ ਸਿੰਘ ਤੁਲੀ ਕੋਆਰਡੀਨੇਟਰ ਵਪਾਰ ਸੈਲ ਫਗਵਾੜਾ, ਲਵਪ੍ਰੀਤ ਅਠੋਲੀ, ਜਸਪ੍ਰੀਤ ਸਿੰਘ ਬਿੱਲੂ, ਓਂਕਾਰ ਸਿੰਘ, ਅਮਰਜੀਤ ਸਿੰਘ ਖੰਗੂੜਾ ਆਦਿ ਵੀ ਸ਼ਾਮਲ ਸਨ।

# ਭਾਰਤੀਯ ਯੋਗ ਸੰਸਥਾਨ ਦੀ ਜ਼ਿਲ੍ਹਾ ਇਕਾਈ ਵੱਲੋਂ ਸਿਲਵਰ ਜੁਬਲੀ ਸਮਾਰੋਹ



**ਰੂਪਨਗਰ :** ਭਾਰਤੀਯ ਯੋਗ ਸੰਸਥਾਨ (ਰਜਿ) ਦੀ ਜ਼ਿਲ੍ਹਾ ਇਕਾਈ ਰੂਪਨਗਰ ਵਲੋਂ ਆਪਣੀ ਸਥਾਪਨਾ ਦੇ 25 ਸਾਲ ਮੁਕੰਮਲ ਹੋਣ 'ਤੇ ਅੱਜ ਇਕ ਪ੍ਰਭਾਵਸ਼ਾਲੀ ਸਿਲਵਰ ਜੁਬਲੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇੱਥੇ ਅਰੋੜਾ ਫਾਰਮ ਵਿਖੇ ਕੀਤੇ ਇਸ ਸਮਾਰੋਹ ਦੀ ਪ੍ਰਧਾਨਗੀ ਸੰਸਥਾ ਦੇ ਚੰਡੀਗੜ੍ਹ ਪ੍ਰਾਂਤ ਦੇ ਮੰਤਰੀ ਗੋਪਾਲ ਸਿੰਘ ਪਰਮਾਰ ਅਤੇ ਰੂਪਨਗਰ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਕੁਸਮ ਸ਼ਰਮਾ ਨੇ ਕੀਤੀ ਅਤੇ ਮੁੱਖ ਮਹਿਮਾਨ ਵਜੋਂ ਡਾ. ਸੁਸ਼ੀਲ ਕੁਮਾਰ ਪਧਾਰੇ। ਇਸ ਸਮਾਰੋਹ ਵਿੱਚ ਚੰਡੀਗੜ੍ਹ ਪ੍ਰਾਂਤ ਅਧੀਨ ਪੰਚਕੂਲਾ, ਜ਼ੀਰਕਪੁਰ, ਚੰਡੀਗੜ੍ਹ, ਮੋਹਾਲੀ, ਖਰੜ ਅਤੇ ਕੁਰਾਲੀ ਆਦਿ ਸ਼ਹਿਰਾਂ ਦੀਆਂ ਸੰਸਥਾਵਾਂ ਦੇ ਸਾਧਕਾਂ ਤੋਂ ਇਲਾਵਾ ਰੂਪਨਗਰ ਸ਼ਹਿਰ ਦੀਆਂ ਵੱਖ ਵੱਖ ਸੰਸਥਾਵਾਂ ਤੋਂ ਯੋਗ ਉਪਾਸ਼ਕਾਂ ਨੇ ਵੀ ਭਾਗ ਲਿਆ। ਸਮਾਰੋਹ ਦਾ ਅਰੰਭ ਚੰਡੀਗੜ੍ਹ ਪ੍ਰਾਂਤ ਦੇ ਮੰਤਰੀ ਗੋਪਾਲ ਸਿੰਘ ਪਰਮਾਰ ਅਤੇ ਸੰਗਠਨ ਦੇ ਵੱਖ ਵੱਖ ਸ਼ਹਿਰਾਂ ਦੇ ਆਏ ਮੁਖੀਆਂ ਅਨਿਲ ਅਗਰਵਾਲ, ਪ੍ਰੇਮ ਭਟਾਨੀ, ਅਨਿਲ ਧੀਮਾਨ, ਜੈ ਨਰਾਇਣ, ਨੰਦਲਾਲ ਸ਼ਰਮਾ, ਰਾਮ ਪ੍ਰਕਾਸ਼ ਡੋਗਰਾ, ਕੇ ਐਲ ਕਪੂਰ, ਕੁਸਮ ਸ਼ਰਮਾ ਵਲੋਂ ਜੋਤ ਜਗਾ ਕੇ ਕੀਤਾ ਗਿਆ। ਸਮਾਰੋਹ ਦੌਰਾਨ ਸਮੂਹਿਕ ਯੋਗ ਆਸਣਾਂ, ਪ੍ਰਾਣਾਯਾਮ ਤੇ ਧਿਆਨ ਦਾ ਅਭਿਆਸ ਕਰਨ ਤੋਂ ਇਲਾਵਾ ਸ਼ਹਿਰ ਦੇ ਸਕੂਲਾਂ ਹੋਲੀ ਫੈਮਲੀ, ਆਰੀਆ ਸਕੂਲ, ਡੀ ਏ ਵੀ ਸਕੂਲ, ਕੇਂਦਰੀ ਵਿਦਿਆਲਿਆ ਖਾਨਪੁਰ ਦੇ ਵਿਦਿਆਰਥੀਆਂ ਵਲੋਂ ਯੋਗ ਅਧਾਰਤ ਕਲਚਰਲ ਪ੍ਰੋਗਰਾਮ ਨੇ ਸਮਾਰੋਹ ਨੂੰ ਚਾਰਚੰਨ ਲਗਾ ਦਿੱਤੇ। ਸਮਾਰੋਹ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾ. ਸੁਸ਼ੀਲ ਕੁਮਾਰ ਨੇ ਕਿਹਾ ਕਿ ਯੋਗ ਨੇ ਉਸ ਨੂੰ ਸਿਹਤਮੰਦ ਜੀਵਨ ਸ਼ੈਲੀ ਜਿਉਣ ਦਾ ਮਾਰਗ ਵਿਖਾਇਆ ਹੈ ਅਤੇ ਹੁਣ ਉਨ੍ਹਾਂ ਦੇ ਦਿਨ ਦੀ ਸ਼ੁਰੂਆਤ ਯੋਗ ਨਾਲ ਹੀ ਹੁੰਦੀ ਹੈ। ਉਨ੍ਹਾ ਭਾਰਤੀਯ ਯੋਗ ਸੰਸਥਾਨ ਵਲੋਂ ਯੋਗ ਦੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਚੰਡੀਗੜ੍ਹ ਪ੍ਰਾਂਤ ਦੇ ਮੰਤਰੀ ਗੋਪਾਲ ਸਿੰਘ ਪਰਮਾਰ ਨੇ ਕਿਹਾ ਯੋਗ ਦੀ ਇਨਸਾਨ ਦੇ ਸਰੀਰਕ, ਮਾਨਸਿਕ ਤੇ ਅਧਿਆਤਮ ਵਿਕਾਸ ਲਈ ਮਹੱਤਵਪੂਰਨ ਭੂਮਿਕਾ ਹੈ। ਇਸ ਨਾਲ ਜੁੜ ਕੇ ਵਿਅਕਤੀ ਜੀਵਨ ਦੀ ਹਰ ਇੱਕ ਖੁਸ਼ੀ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਜੀਵਨ ਵਿੱਚ ਯੋਗ ਨੂੰ ਅਪਣਾਉਣ ਦੀ ਅਪੀਲ ਕੀਤੀ ਅਤੇ ਰੂਪਨਗਰ ਜ਼ਿਲ੍ਹਾ ਇਕਾਈ ਨੂੰ ਸਿਲਵਰ ਜੁਬਲੀ ਸਮਾਰੋਹ 'ਤੇ ਵਧਾਈ ਦਿੱਤੀ।ਸਮਾਗਮ ਵਿੱਚ ਰੂਪਨਗਰ ਸ਼ਹਿਰ ਅੰਦਰ ਯੋਗ ਦਾ ਅਰੰਭ ਕਰਨ ਵਾਲੀ ਸ਼ਖ਼ਸੀਅਤ ਬਲਜੀਤ ਕੌਰ ਵੀ ਮੁਹਾਲੀ ਤੋਂ ਵਿਸ਼ੇਸ ਤੌਰ 'ਤੇ ਪਧਾਰੇ । ਸਮਾਗਮ ਨੂੰ ਸ਼ਹਿਰ ਦੇ ਸਮਾਜ ਸੇਵਕ ਭਾਗ ਸਿੰਘ ਮਦਾਨ ਨੇ ਵੀ ਸੰਬੋਧਨ ਕੀਤਾ। ਸਮਾਗਮ ਵਿੱਚ ਭਾਗ ਲੈਣ ਲਈ ਵੱਖ ਵੱਖ ਥਾਂਵਾਂ ਅਤੇ ਸੰਸਥਾਵਾਂ ਦਾ ਰੂਪਨਗਰ ਇਕਾਈ ਦੇ ਜ਼ਿਲ੍ਹਾ ਮੰਤਰੀ ਰਾਜਿੰਦਰ ਸੈਣੀ ਨੇ ਜ਼ਿਲ੍ਹਾ ਪ੍ਰਧਾਨ ਕੁਸਮ ਸ਼ਰਮਾ ਤੇ ਸੰਸਥਾ ਦੇ ਮੈਂਬਰਾਂ ਵਲੋਂ ਸਵਾਗਤ ਤੇ ਧੰਨਵਾਦ ਕਰਦਿਆਂ ਸਿਲਵਰ ਜੁਬਲੀ ਸਮਾਰੋਹ ਦੀ ਵਧਾਈ ਸਾਂਝੀ ਕੀਤੀ।

# ਡਰੋਲੀ ਤੋਂ ਸੰਤ ਬਾਬਾ ਭਾਗ ਸਿੰਘ ਗੁਰਦੁਆਰਾ ਤੱਕ ਜਾਣ ਵਾਲਾ ਰਾਹ ਦਾ ਕੀਤਾ ਨਿਰਮਾਣ



**ਆਦਮਪੁਰ (ਪਰਮਜੀਤ ਸਿੰਘ)**- ਡਰੋਲੀ ਤੋਂ ਸੰਤ ਬਾਬਾ ਭਾਗ ਸਿੰਘ ਗੁਰਦੁਆਰਾ ਤੱਕ ਜਾਣ ਵਾਲੀ ਸੜਕ ਦਾ ਉਦਘਾਟਨ ਜਥੇਦਾਰ ਮਨੋਹਰ ਸਿੰਘ ਪ੍ਰਧਾਨ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਡਰੋਲੀ ਕਲਾਂ ਅਤੇ ਡੇਰਾ ਸੰਤ ਬਾਬਾ ਮਨਮੋਹਨ ਸਿੰਘ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਅਤੇ ਬਾਬਾ ਜਨਕ ਡੇਰਾ ਜੱਬੜ ਦੁਆਰਾ ਕੀਤਾ ਗਿਆ। ਜਥੇਦਾਰ ਮਨੋਹਰ ਸਿੰਘ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਗਿਆ ਹੈ ਕਿ ਇਹ ਸੜਕ ਦੀ ਖਸਤਾ ਹਾਲਤ ਪਿਛਲੇ ਤਕਰੀਬਨ 10 ਸਾਲ ਤੋਂ ਹੈ ਸੜਕ ਦੀ ਖਸਤਾ ਹਾਲਤ ਨੂੰ ਦੇਖਦੇ ਆਂ ਪਿੰਡ ਵਾਸੀਆਂ ਨੂੰ ਬਹੁਤ ਹੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਕਈ ਵਾਰ ਤਾਂ ਐਕਸੀਡੈਂਟ ਵੀ ਹੋ ਚੁੱਕੇ ਸਨ।ਹਾਦਸਿਆਂ ਨੂੰ ਮੁੱਖ ਦੇਖਦੇ ਆਂ ਜਥੇਦਾਰ ਮਨੋਹਰ ਸਿੰਘ ਤੇ ਅਤੇ ਸੰਤ ਬਾਬਾ ਮਨਮੋਹਨ ਸਿੰਘ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਅਤੇ ਬਾਬਾ ਜਨਕ ਡੇਰਾ ਜੱਬੜ ਤੇ ਪਿੰਡ ਦੇ ਸਹਿਯੋਗ ਨਾਲ ਇਸ ਸੜਕ ਦਾ ਨਿਰਮਾਣ ਕੀਤਾ ਗਿਆ। ਇਹ ਸੜਕ ਦਾ ਸਾਰਾ ਕੰਮ ਸਤੀਸ਼ ਅਗਰਵਾਲ ਐਂਡ ਕੰਪਨੀ ਵੱਲੋਂ ਕੀਤਾ ਜਾ ਰਿਹਾ ਹੈ, ਉਨ੍ਹਾਂ ਨੇ ਦੱਸਿਆ ਕਿ ਇਕ ਕਿਲੋਮੀਟਰ ਤੱਕ ਦਾ ਐਸਟੀਮੇਟ ਤਕਰੀਬਨ 5 ਤੋਂ 7 ਲੱਖ ਦੇ ਕਰੀਬ ਦੱਸਿਆ ਗਿਆ ਹੈ ਜਥੇਦਾਰ ਮਨੋਹਰ ਸਿੰਘ ਵੱਲੋਂ ਦੱਸਿਆ ਗਿਆ ਹੈ ਕਿ ਆਉਣ ਵਾਲੇ ਟਾਈਮ ਵਿੱਚ ਉਹ ਬਾਕੀ ਦਾ ਵੀ ਸੜਕ ਦਾ ਕੰਮ ਕਰਵਾਉਣਗੇ।ਇਸ ਮੌਕੇ ਸੰਤ ਬਾਬਾ ਮਨਮੋਹਨ ਸਿੰਘ ਜੱਬੜ ਵਾਲੇ ਯੂਨੀਵਰਸਿਟੀ, ਸਾਬਕਾ ਸਰਪੰਚ ਕੁਲਦੀਪ ਸਿੰਘ, ਹਰਦਿਆਲ ਸਿੰਘ, ਓਂਕਾਰ ਸਿੰਘ, ਮਨਦੀਪ ਸਿੰਘ, ਜਸਵਿੰਦਰ ਸਿੰਘ, ਬਿਸ਼ਨਜੀਤ ਸਿੰਘ, ਨਰਿੰਦਰ ਸਿੰਘ ਮਿਨਹਾਸ, ਮੰਗਲ ਸਿੰਘ, ਮਨੋਹਰ ਸਿੰਘ, ਜੁਝਾਰ ਸਿੰਘ ਕੁਲਵੰਤ ਸਿੰਘ, ਗੁਰਨਜੀਤ ਸਿੰਘ ਕਰਮ ਸਿੰਘ, ਅਜੀਤ ਸਿੰਘ, ਜੁਝਾਰ ਸਿੰਘ, ਹਰਿੰਦਰ ਸਿੰਘ ਭਾਗੋਵਾਲ, ਮਹਿੰਦਰ ਸਿੰਘ,, ਰਣਵੀਰ ਪਾਲ ਸਿੰਘ, ਕਾਲਾ, ਬੱਬੀ, ਸਾਬਾ ਦਲਜੀਤ ਸਿੰਘ, ਹਰਦਿਆਲ ਸਿੰਘ ਆਦਿ ਹਾਜ਼ਰ ਸਨ।


**ਪਬਲਿਕ ਨੋਟਿਸ**

**ICICI Bank** ਰਜਿਸਟਰਡ ਦਫ਼ਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰ, ਨੇੜੇ ਚਕਲੀ ਸਰਕਲ, ਪੁਰਾਣਾ ਪਾਦਰਾ ਰੋਡ, ਵਡੋਦਰਾ-390007
ਕਾਰਪੋਰੇਟ ਦਫ਼ਤਰ : ਆਈ ਸੀ ਆਈ ਸੀ ਆਈ ਬੈਂਕ ਟਾਵਰਜ਼, ਬਾਂਦਰਾ-ਕੁਰਲਾ ਕੰਪਲੈਕਸ ਮੁੰਬਈ 400051

**ਸੋਨਾ ਈ-ਨਿਲਾਮੀ ਕਮ ਸੱਦਾ ਨੋਟਿਸ**

ਹੇਠਾਂ ਲਿਖੇ ਕਰਜ਼ਦਾਰਾਂ ਨੂੰ ਸੋਨੇ ਦੇ ਗਹਿਣਿਆਂ ਬਦਲੇ ਆਈ ਸੀ ਆਈ ਸੀ ਆਈ ਬੈਂਕ ਲਿਮ: ('ਆਈ ਸੀ ਆਈ ਸੀ ਆਈ ਬੈਂਕ') ਤੋਂ ਲਈ ਸਹੂਲਤ ('ਸਹੂਲਤ') ਪ੍ਰਤੀ ਬਕਾਇਆ ਰਕਮ ਦੇ ਭੁਗਤਾਨ ਲਈ ਨੋਟਿਸ ਜਾਰੀ ਕੀਤਾ ਗਿਆ ਹੈ। ਕਿਉਂਕਿ ਇਹ ਬਕਾਇਆ ਰਕਮ ਦਾ ਭੁਗਤਾਨ ਕਰਨ 'ਚ ਅਸਫਲ ਰਹੇ ਹਨ। ਇਸ ਲਈ ਅਸੀਂ ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ 21 ਨਵੰਬਰ 2024 ਨੂੰ ਈ-ਨਿਲਾਮੀ ਕਰਨ ਦੇ ਪਾਬੰਦ ਹਾਂ। ਆਈ ਸੀ ਆਈ ਸੀ ਆਈ ਬੈਂਕ ਨੂੰ ਬਿਨਾਂ ਅਗਾਊਂ ਨੋਟਿਸ ਖਾਤਾ ਹਟਾਉਣ/ਈ-ਨਿਲਾਮੀ ਦੀ ਤਰੀਕ ਬਦਲਣ ਦਾ ਅਧਿਕਾਰ ਹੈ। ਨਿਲਾਮੀ ਦੁਪਹਿਰ 12.30 ਤੋਂ ਬਾਅਦ ਦੁਪਹਿਰ 3.30 ਵਜੇ ਤੱਕ https://jewel-auction.procuretiger.com 'ਤੇ ਆਨਲਾਈਨ ਕੀਤੀ ਜਾਵੇਗੀ। ਸ਼ਰਤਾਂ ਅਤੇ ਨਿਯਮਾਂ ਦੇ ਵੇਰਵੇ ਲਈ ਕ੍ਰਿਪਾ ਕਰਕੇ ਦਿੱਤੀ ਗਈ ਵੈੱਬਸਾਈਟ 'ਤੇ ਲਾਗ ਕਰੋ। ਮ੍ਰਿਤਕ ਕਰਜ਼ਦਾਰਾਂ ਦੇ ਮਾਮਲੇ 'ਚ ਸਾਰੀਆਂ ਸ਼ਰਤਾਂ ਉਹਨਾਂ ਦੇ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।

| ਕਰਜ਼ਾ ਖਾਤਾ ਨੰ | ਗਾਹਕ ਦਾ ਨਾਂਅ |
|---|---|
| ਬਰਾਂਚ ਦਾ ਨਾਂਅ : ਅਬੋਹਰ | |
| 189405004212 | ਰਾਜਵਿੰਦਰ ਸਿੰਘ |
| 189405003911 | ਵਿਜੇ ਸਿੰਘ |
| 189405002210 | ਰਾਜਵਿੰਦਰ ਸਿੰਘ |
| 189405004259 | ਰਾਜਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਅਹਿਮਦਗੜ੍ਹ | |
| 096805004553 | ਅਨਵਰ ਖਾਨ |
| 096805004239 | ਹਰਵਿੰਦਰ ਸਿੰਘ |
| 096805003041 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਅਮਲੋਹ | |
| 151405002717 | ਹਰਦੀਪ ਕੌਰ |
| 151405002706 | ਸੰਜੇ ਸਾਗਰ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਏਅਰਪੋਰਟ ਰੋਡ | |
| 366605000723 | ਪ੍ਰਭਜੋਤ ਕੌਰ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਛਿਹਰਟਾ | |
| 357805000718 | ਰਣਦੀਪ ਸਿੰਘ |
| ਬਰਾਂਚ ਦਾ ਨਾਂਅ : ਅੰਮ੍ਰਿਤਸਰ-ਹਾਲ ਬਾਜ਼ਾਰ | |
| 023805004979 | ਬੀਰਬਲ ਸਿੰਘ |
| ਬਰਾਂਚ ਦਾ ਨਾਂਅ : ਬਰਨਾਲਾ | |
| 051805002606 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਬਟਾਲਾ | |
| 129805002038 | ਰਾਜਵੰਤ ਕੌਰ |
| ਬਰਾਂਚ ਦਾ ਨਾਂਅ : ਬਠਿੰਡਾ | |
| 016305005443 | ਜਸਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਬੇਗੋਵਾਲ | |
| 152205001350 | ਪ੍ਰਣਾਮ ਸਿੰਘ |
| 152205001675 | ਪ੍ਰਣਾਮ ਸਿੰਘ |
| ਬਰਾਂਚ ਦਾ ਨਾਂਅ : ਭਾਦਸੋਂ | |
| 400505001209 | ਜਸਵਿੰਦਰ ਕੌਰ ਭੁੱਲਰ |
| 400505000696 | ਜਸਪ੍ਰੀਤ ਸਿੰਘ ਕਾਲੀਆਂਰੋਨਾਹ |
| ਬਰਾਂਚ ਦਾ ਨਾਂਅ : ਭਗਤਾ | |
| 372805001839 | ਗੁਰਦੀਪ ਸਿੰਘ |
| 372805001650 | ਹਰਜੀਤ ਸਿੰਘ |
| 372805001622 | ਗੁਰਪ੍ਰੀਤ ਕੌਰ |
| 372805001827 | ਗੁਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਭੀਖੀ | |
| 381905002581 | ਮੰਗਲ ਸਿੰਘ |
| ਬਰਾਂਚ ਦਾ ਨਾਂਅ : ਭਿੱਖੀਵਿੰਡ, ਪੰਜਾਬ | |
| 361005003376 | ਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਬੁੱਚੋ ਮੰਡੀ, ਪੰਜਾਬ | |
| 357905001455 | ਜਗਦੇਵ ਸਿੰਘ |
| 357905001674 | ਜਗਦੇਵ ਸਿੰਘ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 19 | |
| 134005001046 | ਆਸ਼ੁਤੋਸ਼ ਸ਼ਰਮਾ |
| ਬਰਾਂਚ ਦਾ ਨਾਂਅ : ਚੰਡੀਗੜ੍ਹ-ਸੈਕਟਰ 36-ਡੀ | |
| 341705000615 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਡੇਰਾ ਬੱਸੀ | |
| 096705003531 | ਸੁਸ਼ਮਾ ਸ਼ਰਮਾ |
| 096705002730 | ਪ੍ਰਭਾਤ ਯਾਦਵ |
| ਬਰਾਂਚ ਦਾ ਨਾਂਅ : ਦੀਨਾਨਗਰ, ਪੰਜਾਬ | |
| 355905002381 | ਸੰਦੀਪ ਕੁਮਾਰ |
| 355905002375 | ਸੁਖਵਿੰਦਰ ਸਿੰਘ |
| 355905002048 | ਵਿਸ਼ਾਲ ਵਿਸ਼ਾਲ |
| 355905001935 | ਲਵਪ੍ਰੀਤ ਸਿੰਘ |
| 355905002379 | ਨਿਸ਼ਾਨ ਸਿੰਘ |
| ਬਰਾਂਚ ਦਾ ਨਾਂਅ : ਦੋਰਾਹਾ | |
| 078705002604 | ਮਨਦੀਪ ਕੁਮਾਰ ਭੱਲੇ |
| 078705002382 | ਸੁਰਿੰਦਰ ਕੌਰ |
| ਬਰਾਂਚ ਦਾ ਨਾਂਅ : ਗੜ੍ਹਸ਼ੰਕਰ | |
| 150905001767 | ਪਵਨ ਕੁਮਾਰ |
| ਬਰਾਂਚ ਦਾ ਨਾਂਅ : ਗਿੱਦੜਬਾਹਾ | |
| 199905004525 | ਜਗਜੀਤ ਸਿੰਘ |
| ਬਰਾਂਚ ਦਾ ਨਾਂਅ : ਗੋਨਿਆਣਾ ਮੰਡੀ | |
| 380305002255 | ਸਰਬਜੀਤ ਸਿੰਘ |
| ਬਰਾਂਚ ਦਾ ਨਾਂਅ : ਜਲਾਲਾਬਾਦ | |

| ਕਰਜ਼ਾ ਖਾਤਾ ਨੰ | ਗਾਹਕ ਦਾ ਨਾਂਅ |
|---|---|
| 211805002563 | ਕੁਲਵੰਤ ਸਿੰਘ |
| ਬਰਾਂਚ ਦਾ ਨਾਂਅ : ਜਲੰਧਰ ਸਿਵਲ ਲਾਈਨ | |
| 151205000879 | ਰੋਹਿਤ ਚੌਹਾਨ |
| 151205000870 | ਰੋਹਿਤ ਚੌਹਾਨ |
| ਬਰਾਂਚ ਦਾ ਨਾਂਅ : ਜਲੰਧਰ-ਨਕੋਦਰ | |
| 008005003269 | ਡਾਇਨਾ ਸ੍ਰੀ |
| 008005002966 | ਹਰਪ੍ਰੀਤ ਕੌਰ |
| 008005002955 | ਮਨਜੀਤ ਕੌਰ |
| 008005002616 | ਵਰਿੰਦਰ ਕੌਰ |
| ਬਰਾਂਚ ਦਾ ਨਾਂਅ : ਜਲੰਧਰ-ਨੂਰਮਹਿਲ | |
| 007905001927 | ਕਿਸ਼ਨ ਦਾਸ |
| ਬਰਾਂਚ ਦਾ ਨਾਂਅ : ਜੰਡਿਆਲਾ ਗੁਰੂ | |
| 202105003023 | ਸੰਦੀਪ ਕੁਮਾਰ |
| ਬਰਾਂਚ ਦਾ ਨਾਂਅ : ਕਲਾਨੌਰ, ਪੰਜਾਬ | |
| 357405002722 | ਸੇਵਾ ਸਿੰਘ |
| 357405002195 | ਸੁਖਬੀਰ ਸਿੰਘ |
| ਬਰਾਂਚ ਦਾ ਨਾਂਅ : ਕਪੂਰਥਲਾ-ਸੁਲਤਾਨਪੁਰ ਰੋਡ | |
| 189505001605 | ਜਸਬੀਰ ਸਿੰਘ |
| ਬਰਾਂਚ ਦਾ ਨਾਂਅ : ਖਮਾਣੋਂ | |
| 199405002010 | ਹਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਖਨੌਰੀ, ਪੰਜਾਬ | |
| 356105002101 | ਯੋਗੇਸ਼ ਕਾਂਸਲ |
| ਬਰਾਂਚ ਦਾ ਨਾਂਅ : ਖਰੜ | |
| 079105003433 | ਸੁਰੇਸ਼ ਕੁਮਾਰ |
| 079105003411 | ਜਸਵਿੰਦਰ ਸਿੰਘ |
| 079105003429 | ਗੁਰਦੀਪ ਸਿੰਘ |
| 079105003109 | ਹਰਮਿੰਦਰ ਕੌਰ |
| 079105003430 | ਰੋਹਿਤ ਸ਼ਰਮਾ |
| ਬਰਾਂਚ ਦਾ ਨਾਂਅ : ਕੁਰਾਲੀ | |
| 152405002967 | ਅਰੁਣ ਕੁਮਾਰ |
| ਬਰਾਂਚ ਦਾ ਨਾਂਅ : ਲਾਂਡਰਾ | |
| 325605000741 | ਲਕਸ਼ਮਣ ਵਰਮਾ |
| ਬਰਾਂਚ ਦਾ ਨਾਂਅ : ਲੁਧਿਆਣਾ-ਰਾਹੋਂ ਰੋਡ | |
| 336405001263 | ਉਦੈ ਪ੍ਰਤਾਪ ਸਿੰਘ |
| 336405000470 | ਉਦੈ ਪ੍ਰਤਾਪ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਫਿਰੋਜ਼ ਗਾਂਧੀ ਮਾਰਕਿਟ | |
| 001705013585 | ਦਿਲਪ੍ਰੀਤ ਸਿੰਘ |
| 001705014679 | ਰੋਹਿਤ ਕੁਮਾਰ |
| 001705014402 | ਅਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਲੁਧਿਆਣਾ-ਫਾਇਰ ਸਟੇਸ਼ਨ | |
| 631905015771 | ਰੌਬਿਨ ਆਨੰਦ |
| 631905016013 | ਰੌਬਿਨ ਆਨੰਦ |
| ਬਰਾਂਚ ਦਾ ਨਾਂਅ : ਲੁਧਿਆਣਾ-ਜਮਾਲਪੁਰ | |
| 057805003430 | ਕੇਸ਼ਵ ਕੁਮਾਰ |
| 057805003437 | ਗੁਰਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਾਛੀਵਾੜਾ | |
| 178205003338 | ਬਲਬੀਰ ਸਿੰਘ |
| 178205003330 | ਲਖਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਮਖੂ | |
| 377605001797 | ਹਰਮਨਦੀਪ ਸਿੰਘ |
| ਬਰਾਂਚ ਦਾ ਨਾਂਅ : ਮਲੋਟ | |
| 151905004055 | ਸੁਖਜੀਤ ਕੌਰ |
| 151905003447 | ਸੁਖਜੀਤ ਕੌਰ |
| ਬਰਾਂਚ ਦਾ ਨਾਂਅ : ਮੋਗਾ-ਪ੍ਰਤਾਪ ਰੋਡ | |
| 659905601176 | ਨਛੱਤਰ ਸਿੰਘ |
| ਬਰਾਂਚ ਦਾ ਨਾਂਅ : ਮੁਕਤਸਰ ਮੰਡੀ, ਪੰਜਾਬ | |
| 355705001640 | ਰਾਕੇਸ਼ ਕੁਮਾਰ ਮਲਸਰੀਆ |
| ਬਰਾਂਚ ਦਾ ਨਾਂਅ : ਨਾਭਾ | |
| 078905004538 | ਭਗਵਾਨ ਦਾਸ |
| ਬਰਾਂਚ ਦਾ ਨਾਂਅ : ਨੰਗਲ | |
| 152305002552 | ਅੰਕੁਸ਼ ਕੁਮਾਰ |
| 152305002237 | ਮੀਨਾ ਕੁਮਾਰੀ |
| 152305002503 | ਮੀਨਾ ਕੁਮਾਰੀ |
| ਬਰਾਂਚ ਦਾ ਨਾਂਅ : ਨਿਹਾਲ ਸਿੰਘ ਵਾਲਾ, ਪੰਜਾਬ | |

| ਕਰਜ਼ਾ ਖਾਤਾ ਨੰ | ਗਾਹਕ ਦਾ ਨਾਂਅ |
|---|---|
| 357305001653 | ਮਨਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਪਠਾਨਕੋਟ | |
| 027105002289 | ਤਰਸੇਮ ਲਾਲ |
| ਬਰਾਂਚ ਦਾ ਨਾਂਅ : ਪਠਾਨਕੋਟ-ਡਲਹੌਜ਼ੀ ਰੋਡ | |
| 393005000653 | ਉੱਤਮ ਚੰਦ |
| 393005000531 | ਅਨਿਲ ਸੈਣੀ |
| 393005000535 | ਅਨਿਲ ਸੈਣੀ |
| ਬਰਾਂਚ ਦਾ ਨਾਂਅ : ਪਟਿਆਲਾ-ਲੀਲਾ ਭਵਨ | |
| 016205007544 | ਹਰਜਿੰਦਰ ਸਿੰਘ |
| ਬਰਾਂਚ ਦਾ ਨਾਂਅ : ਪਟਿਆਲਾ-ਮਾਡਲ ਟਾਊਨ | |
| 388905001979 | ਆਰ ਸੀ ਸ੍ਰ. ਸਿੰਘ |
| ਬਰਾਂਚ ਦਾ ਨਾਂਅ : ਪਾਤੜਾਂ | |
| 283105004266 | ਵਰਿੰਦਰ ਸਿੰਘ |
| 283105003903 | ਮੱਖਣ ਸਿੰਘ |
| ਬਰਾਂਚ ਦਾ ਨਾਂਅ : ਫਗਵਾੜਾ-ਮਾਡਲ ਟਾਊਨ | |
| 367305000203 | ਅੰਜੂ ਰਾਣੀ |
| ਬਰਾਂਚ ਦਾ ਨਾਂਅ : ਰਾਜਪੁਰਾ | |
| 047705007257 | ਗੁਰਧਿਆਨ ਸਿੰਘ |
| 047705004620 | ਜਤਿੰਦਰ ਸਿੰਘ |
| ਬਰਾਂਚ ਦਾ ਨਾਂਅ : ਰਾਮਪੁਰਾ ਫੂਲ, ਪੰਜਾਬ | |
| 355505000278 | ਜਸਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਰਈਆ | |
| 214305003732 | ਸੁਰਜੀਤ ਸਿੰਘ |
| ਬਰਾਂਚ ਦਾ ਨਾਂਅ : ਸਾਦਿਕ ਪੰਜਾਬ | |
| 357105002773 | ਰਮਨਦੀਪ ਕੌਰ |
| ਬਰਾਂਚ ਦਾ ਨਾਂਅ : ਸਮਰਾਲਾ | |
| 151805002370 | ਜਸਬੀਰ ਸਿੰਘ |
| ਬਰਾਂਚ ਦਾ ਨਾਂਅ : ਸੰਗਤ | |
| 383505001479 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਸੰਗਰੂਰ | |
| 029305003909 | ਗੁਰਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਸ਼ਾਹਕੋਟ | |
| 216605001639 | ਮੀਰਾਂਬਾਈ |
| ਬਰਾਂਚ ਦਾ ਨਾਂਅ : ਸਿੱਧਵਾਂ ਬੇਟ | |
| 398005000865 | ਕੁਲਦੀਪ ਸਿੰਘ |
| ਬਰਾਂਚ ਦਾ ਨਾਂਅ : ਸਰਹਿੰਦ | |
| 150605003613 | ਚਰਨਜੀਤ ਸਿੰਘ |
| 150605003593 | ਨਾਜਰ ਮੁਹੰਮਦ |
| ਬਰਾਂਚ ਦਾ ਨਾਂਅ : ਸੁਜਾਨਪੁਰ | |
| 262005000684 | ਸੁਮਨ |
| ਬਰਾਂਚ ਦਾ ਨਾਂਅ : ਸੁਲਤਾਨਪੁਰ ਲੋਧੀ | |
| 272405001132 | ਸੰਦੀਪ ਸਿੰਘ |
| 272405001114 | ਰਾਜਵਿੰਦਰ ਸਿੰਘ |
| ਬਰਾਂਚ ਦਾ ਨਾਂਅ : ਤਲਵੰਡੀ ਸਾਬੋ | |
| 150705006147 | ਗੁਰਪ੍ਰੀਤ ਸਿੰਘ |
| ਬਰਾਂਚ ਦਾ ਨਾਂਅ : ਟਾਂਡਾ ਉੜਮੁੜ | |
| 087805002994 | ਜਤਿੰਦਰ ਚੌਰਸੀਆ |
| 087805002987 | ਮਨੀਸ਼ ਬਾਸੀ |
| 087805003032 | ਮਨੀਸ਼ ਬਾਸੀ |
| 087805003094 | ਮਨੀਸ਼ ਬਾਸੀ |
| ਬਰਾਂਚ ਦਾ ਨਾਂਅ : ਤਪਾ | |
| 417405002145 | ਰਾਜਵੀਰ ਸਿੰਘ |
| ਬਰਾਂਚ ਦਾ ਨਾਂਅ : ਤਰਨ ਤਾਰਨ | |
| 050505004222 | ਦੀਪਕ ਗੁਪਤਾ |
| 050505003713 | ਹਰਪ੍ਰੀਤ ਕੌਰ |
| ਬਰਾਂਚ ਦਾ ਨਾਂਅ : ਅੰਬਾਲਾ | |
| 023305005153 | ਮਮਤਾ ਰਾਣੀ |
| ਬਰਾਂਚ ਦਾ ਨਾਂਅ : ਕਾਲਕਾ | |
| 086205001814 | ਬਿਜੇਂਦਰ ਪ੍ਰਤਾਪ ਸਿੰਘ |
| ਬਰਾਂਚ ਦਾ ਨਾਂਅ : ਨਵੀਂ ਦਿੱਲੀ-ਉੱਤਮ ਨਗਰ | |
| 112505003113 | ਆਂਚਲ ਤੱਕੀ |
| ਬਰਾਂਚ ਦਾ ਨਾਂਅ : ਪੰਚਕੂਲਾ ਅਰਬਨ ਸਟੇਟ | |
| 093505001529 | ਸੈਲੇਸ਼ ਕੁਮਾਰ |
| 093505001366 | ਗੁਰਕੀਰਤ ਸਿੰਘ |

ਮਿਤੀ : 11.11.2024
ਸਥਾਨ : ਚੰਡੀਗੜ੍ਹ , ਜਲੰਧਰ, ਮੁਕਤਸਰ, ਪਟਿਆਲਾ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਅੰਮ੍ਰਿਤਸਰ, ਬਠਿੰਡਾ, ਫਿਰੋਜ਼ਪੁਰ, ਮਾਨਸਾ, ਫਾਜ਼ਿਲਕਾ, ਲੁਧਿਆਣਾ, ਕਪੂਰਥਲਾ, ਰੂਪਨਗਰ, ਫਰੀਦਕੋਟ, ਫਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ, ਬਰਨਾਲਾ, ਮਾਲੇਰਕੋਟਲਾ, ਮੋਗਾ, ਪਠਾਨਕੋਟ, ਸੰਗਰੂਰ, ਸ਼ਹੀਦ ਭਗਤ ਸਿੰਘ ਨਗਰ, ਮੋਹਾਲੀ, ਰਾਜਪੁਰਾ

ਸਹੀ/- ਅਧਿਕਾਰਤ ਅਫਸਰ,
ਵਾਸਤੇ ਆਈ ਸੀ ਆਈ ਸੀ ਆਈ ਬੈਂਕ, ਲਿਮ:


# ਐੱਸ ਡੀ ਕਾਲਜ 'ਚ ਰਾਸ਼ਟਰੀ ਲੀਗਲ ਸਰਵਿਸ-ਡੇ ਮਨਾਇਆ



**ਸੁਲਤਾਨਪੁਰ ਲੋਧੀ, (ਹਨੀ)** ਐਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਦੇ ਐਨ ਐਸ ਐਸ ਵਿਭਾਗ ਅਤੇ ਰੈਡ ਰਿਬਨ ਕਲੱਬ ਵੱਲੋਂ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਲੀਗਲ ਸਰਵਿਸ ਡੇ (ਲੀਗਲ ਲਿਟਰੇਸੀ ਡੇ ਦੇ ਰੂਪ ਵਿੱਚ) ਮਨਾਇਆ ਗਿਆ। ਰਾਜਨੀਤੀ ਸ਼ਾਸਤਰ ਵਿਭਾਗ ਦੇ ਮੁਖੀ ਮੈਡਮ ਸੁਨੀਤਾ ਕਲੇਰ ਨੇ ਇਸ ਵਿਸ਼ੇ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।ਉਨ੍ਹਾਂ ਦੱਸਿਆ ਕਿ ਸਾਰੇ ਨਾਗਰਿਕਾਂ ਵੱਲੋਂ ਨਿਰਪੱਖ ਅਤੇ ਨਿਆਇਕ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ 9 ਨਵੰਬਰ ਨੂੰ ਰਾਸ਼ਟਰੀ ਕਾਨੂੰਨ ਸੇਵਾ ਦਿਵਸ ਵਜੋਂ ਮਨਾਇਆ ਜਾਂਦਾ ਹੈ।ਰਾਸ਼ਟਰੀ ਕਾਨੂੰਨ ਸੇਵਾ ਦਿਵਸ ਪਹਿਲੀ ਵਾਰ 1995 ਵਿੱਚ ਭਾਰਤ ਦੇ ਸੁਪਰੀਮ ਕੋਰਟ ਦੁਆਰਾ ਸਮਾਜ ਦੇ ਗਰੀਬ ਤੇ ਕਮਜ਼ੋਰ ਵਰਗਾਂ ਨੂੰ ਮੁੱਫਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਸਥਾਪਿਤ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਕਿਵੇਂ ਆਰਥਿਕ ਪੱਖੋਂ ਕਮਜ਼ੋਰ ਵਿਅਕਤੀ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ।ਇਸ ਦੌਰਾਨ ਵੈਬਸਾਈਟ ਆਦਿ ਦੀ ਜਾਣਕਾਰੀ ਵੀ ਦਿੱਤੀ ਗਈ।ਇਸ ਦੇ ਨਾਲ ਉਨ੍ਹਾਂ ਇਹ ਵੀ ਦੱਸਿਆ ਕਿ ਵਿਅਕਤੀ ਖੁਦ ਕਿਵੇਂ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦਾ। ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਕਿ ਉਹ ਆਪਣੇ ਆਲੇ ਦੁਆਲੇ ਸਮਾਜ ਵਿੱਚ ਰਹਿਣ ਵਾਲੇ ਹਰ ਵਿਅਕਤੀ ਨੂੰ ਭਾਰਤ ਸਰਕਾਰ ਦੁਆਰਾ ਦਿੱਤੀ ਜਾਣ ਵਾਲੀ ਮੁਫਤ ਕਾਨੂੰਨੀ ਸਹਾਇਤਾ ਬਾਰੇ ਜਾਗਰੂਕ ਕਰਵਾਉਣ। ਇਸ ਮੌਕੇ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਹਾਜ਼ਰ ਸਨ।

# ਕਾਨੂੰਨੀ ਸੇਵਾਵਾਂ ਦਿਵਸ ਮੌਕੇ ਜਾਗਰੂਕਤਾ ਕੈਂਪ




**ਰਾਹੋਂ (ਕੁਲਵਿੰਦਰ ਸਿੰਘ ਰਾਹੋਂ )** ਕਾਨੂੰਨੀ ਸੇਵਾਵਾਂ ਦਿਵਸ ਦੇ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼ਹੀਦ ਭਗਤ ਸਿੰਘ ਨਗਰ ਵਲੋਂ 'ਲੀਗਲ ਏਡ ਕਲੀਨਿਕ' ਪਿੰਡ ਸੋਢੀਆਂ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਥਾਰਟੀ ਵੱਲੋਂ ਆਰਥਿਕ ਤੌਰ 'ਤੇ ਕਮਜ਼ੋਰ ਲੋੜਵੰਦਾਂ ਨੂੰ ਅਨਿਆਂ ਖਿਲਾਫ਼ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਕਿ ਕੋਈ ਵੀ ਗਰੀਬ ਨਾਗਰਿਕ ਨਿਆਂ ਪ੍ਰਾਪਤੀ ਤੋਂ ਵਾਂਝਾ ਨਾ ਰਹਿ ਜਾਵੇ।ਮੁਫ਼ਤ ਕਾਨੂੰਨੀ ਸਹਾਇਤਾ ਵਿੱਚ ਵਕੀਲਾਂ ਦੀਆਂ ਸੇਵਾਵਾਂ ਮੁਫਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ।ਮੁਫ਼ਤ ਕਾਨੂੰਨੀ ਸੇਵਾਵਾਂ ਲਈ ਟੋਲ ਫਰੀ ਨੰਬਰ-1968 ਜਾਰੀ ਕੀਤਾ ਗਿਆ ਹੈ।ਇਸ ਤੋਂ ਇਲਾਵਾ ਬੱਚਿਆਂ ਦੇ ਸ਼ੋਸ਼ਣ ਵਿਰੁੱਧ ਚਾਈਲਡ ਹੈਲਪ-ਲਾਈਨ-1098, ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਵਿਰੁੱਧ ਵੋਮੈਨ ਹੈਲਪ-ਲਾਈਨ-1091 ਅਤੇ ਪੁਲਿਸ ਸਹਾਇਤਾ ਲਈ ਪੁਲਸ ਹੈਲਪ-ਲਾਈਨ-112 ਤੇ ਕਾਲ ਕੀਤੀ ਜਾ ਸਕਦੀ ਹੈ। ਇਸ ਕੈਂਪ ਦੌਰਾਨ ਬਲਦੇਵ ਭਾਰਤੀ ਨੇ ਉਸਾਰੀ ਮਜ਼ਦੂਰ ਭਲਾਈ ਕਾਨੂੰਨ-1996 ਅਤੇ ਮਹਾਤਮਾ ਗਾਂਧੀ ਕੌਮੀ ਪੇਂਡੂ ਰੁਜ਼ਗਾਰ ਗੰਰਟੀ ਕਾਨੂੰਨ-2005 ਤਹਿਤ ਗੈਰ ਸੰਗਠਿਤ ਖੇਤਰ ਦੇ ਕਿਰਤੀਆਂ ਦੇ ਅਧਿਕਾਰਾਂ ਅਤੇ ਭਲਾਈ ਸਕੀਮਾਂ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਵੀ ਦਿੱਤੀ।ਉਨ੍ਹਾਂ ਇਹ ਵੀ ਦੱਸਿਆ ਕਿ 14 ਨਵੰਬਰ 2024 ਨੂੰ ਜ਼ਿਲ੍ਹਾ ਕੋਰਟ ਕੰਪਲੈਕਸ ਨਵਾਂਸ਼ਹਿਰ ਵਿਖੇ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ।